@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 1 January 2026

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 1 ਜਨਵਰੀ 2026, 18 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 58, qpatrika@gmail.com ਫੋਨ : 9971359517 www.qaumipatrika.org




## ਪ੍ਰਧਾਨ ਮੰਤਰੀ ਮੋਦੀ ਨੇ ਅਯੁੱਧਿਆ 'ਚ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਦੀ ਦੂਜੀ ਵਰ੍ਹੇਗੰਢ 'ਤੇ ਦਿੱਤੀਆਂ ਸ਼ੁਭਕਾਮਨਾਵਾਂ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 31 ਦਸੰਬਰ। ਅਯੁੱਧਿਆ ਦੇ ਰਾਮ ਮੰਦਰ ਵਿੱਚ ਰਾਮਲਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਦੀ ਦੂਜੀ ਵਰ੍ਹੇਗੰਢ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਅਤੇ ਦੁਨੀਆ ਭਰ ਦੇ ਰਾਮ ਭਗਤਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨੇ ਇਸ ਵਿਸ਼ੇਸ਼ ਦਿਨ ਨੂੰ ਸਾਡੀ ਆਸਥਾ ਅਤੇ ਪਰੰਪਰਾਵਾਂ ਦਾ ਇੱਕ 'ਦਿਵਯ ਉਤਸਵ' (ਪਵਿੱਤਰ ਜਸ਼ਨ) ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਰਾਹੀਂ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਭਗਵਾਨ ਸ਼੍ਰੀ ਰਾਮ ਦੀ ਅਪਾਰ ਕਿਰਪਾ ਅਤੇ ਆਸ਼ੀਰਵਾਦ ਸਦਕਾ ਅਣਗਿਣਤ ਰਾਮ ਭਗਤਾਂ ਦਾ ਪੰਜ ਸਦੀਆਂ ਦਾ ਸੰਕਲਪ ਸਾਕਾਰ ਹੋਇਆ ਹੈ। ਅੱਜ ਰਾਮਲਲਾ ਆਪਣੇ ਸ਼ਾਨਦਾਰ ਮੰਦਰ ਵਿੱਚ ਮੁੜ ਬਿਰਾਜਮਾਨ ਹਨ ਅਤੇ ਇਸ ਸਾਲ, ਅਯੁੱਧਿਆ ਦਾ ਧਾਰਮਿਕ ਝੰਡਾ ਰਾਮ ਲੱਲਾ ਦੀ ਪ੍ਰਤਿਸ਼ਠਾ ਦੁਆਦਸ਼ੀ ਦਾ ਗਵਾਹ ਬਣ ਰਿਹਾ ਹੈ। ਇਹ ਮੇਰਾ ਸੁਭਾਗ ਹੈ ਕਿ ਪਿਛਲੇ ਮਹੀਨੇ ਮੈਨੂੰ ਇਸ ਝੰਡੇ ਦੀ ਪਵਿੱਤਰ ਸਥਾਪਨਾ ਕਰਨ ਦਾ ਮੌਕਾ ਮਿਲਿਆ। ਪ੍ਰਧਾਨ ਮੰਤਰੀ ਨੇ 22 ਜਨਵਰੀ, 2024 ਨੂੰ ਹਿੰਦੂ ਕੈਲੰਡਰ ਦੇ ਪੋਹ ਮਹੀਨੇ ਦੇ ਸ਼ੁਕਲ ਪੱਖ ਦੀ ਦੁਆਦਸ਼ੀ ਤਿਥੀ ਨੂੰ ਪ੍ਰਾਣ ਪ੍ਰਤਿਸ਼ਠਾ ਦੀਆਂ ਰਸਮਾਂ ਨਿਭਾਈਆਂ ਸਨ। ਹਿੰਦੂ ਪੰਚਾਂਗ ਅਨੁਸਾਰ, ਇਸ ਸਾਲ ਇਹ ਦੁਆਦਸ਼ੀ ਤਿਥੀ 31 ਦਸੰਬਰ ਨੂੰ ਆਈ ਹੈ, ਜਿਸ ਕਾਰਨ ਅੱਜ ਇਹ ਵਰ੍ਹੇਗੰਢ ਮਨਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਅਰਦਾਸ ਕੀਤੀ ਕਿ ਮਰਯਾਦਾ ਪੁਰਸ਼ੋਤਮ ਦੀ ਪ੍ਰੇਰਨਾ ਹਰ ਭਾਰਤੀ ਦੇ ਹਿਰਦੇ ਵਿੱਚ ਸੇਵਾ, ਸਮਰਪਣ ਅਤੇ ਦਇਆ ਦੀ ਭਾਵਨਾ ਨੂੰ ਹੋਰ ਗੂੜ੍ਹਾ ਕਰੇ। ਉਨ੍ਹਾਂ ਨੇ ਉਮੀਦ ਜਤਾਈ ਕਿ ਇਹ ਭਾਵਨਾ ਇੱਕ ਖੁਸ਼ਹਾਲ ਅਤੇ ਆਤਮ-ਨਿਰਭਰ ਭਾਰਤ ਦੇ ਨਿਰਮਾਣ ਲਈ ਇੱਕ ਮਜ਼ਬੂਤ ਆਧਾਰ ਬਣੇਗੀ। ਜੈ ਸੀਆ ਰਾਮ! ਸਾਲ 2025 ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦਾ ਇਕ ਅਜਿਹਾ ਸਾਲ ਸਾਬਤ ਹੋਇਆ, ਜਿਸ ਨੂੰ ਰਾਸ਼ਟਰੀ ਸੁਰੱਖਿਆ, ਸ਼ਾਸਨ, ਕੂਟਨੀਤੀ ਅਤੇ ਅਧਿਆਤਮਿਕਤਾ ਦੇ ਇਕ ਸ਼ਾਨਦਾਰ ਮਿਸ਼ਰਣ ਵਜੋਂ ਯਾਦ ਕੀਤਾ ਜਾਵੇਗਾ। ਇਸ ਸਾਲ ਦੌਰਾਨ ਜਿੱਥੇ ਭਾਰਤ ਨੇ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਕੀਤੀ, ਉੱਥੇ ਹੀ ਵਿਸ਼ਵ ਮੰਚ 'ਤੇ ਭਾਰਤ ਦੀ ਸਿਆਸੀ ਤਾਕਤ ਦਾ ਲੋਹਾ ਵੀ ਮੰਨਿਆ ਗਿਆ। ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਚ ਅੱਤਵਾਦੀ ਟਿਕਾਣਿਆਂ ਵਿਰੁੱਧ 'ਅਪਰੇਸ਼ਨ ਸਿੰਦੂਰ' ਤਹਿਤ ਫੈਸਲਾਕੁੰਨ ਫੌਜੀ ਕਾਰਵਾਈ ਸ਼ੁਰੂ ਕੀਤੀ। ਪੀਐੱਮ ਮੋਦੀ ਨੇ ਹਥਿਆਰਬੰਦ ਫ਼ੋਰਸਾਂ ਨੂੰ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਨ ਲਈ ਖੁੱਲ੍ਹੀ ਛੋਟ ਦਿੱਤੀ। ਇਸ ਅਪਰੇਸ਼ਨ ਦੀ ਸਫਲਤਾ ਤੋਂ ਬਾਅਦ, ਉਨ੍ਹਾਂ ਨੇ ਪੰਜਾਬ ਦੇ ਆਦਮਪੁਰ ਏਅਰ ਫੋਰਸ ਬੇਸ ਦਾ ਦੌਰਾ ਕੀਤਾ ਅਤੇ ਜਵਾਨਾਂ ਦੀ ਬਹਾਦਰੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨਾਲ ਨਿੱਘੇ ਪਲ ਸਾਂਝੇ ਕੀਤੇ। ਸਾਲ 2025 ਦੀਆਂ ਸਭ ਤੋਂ ਮਹੱਤਵਪੂਰਨ ਸਿਆਸੀ ਘਟਨਾਵਾਂ 'ਚੋਂ ਇਕ ਬਿਹਾਰ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਦੀ ਜਿੱਤ ਸੀ। ਗਠਜੋੜ ਨੇ 243 'ਚੋਂ 202 ਸੀਟਾਂ ਜਿੱਤ ਕੇ ਵਿਰੋਧੀ ਧਿਰ ਨੂੰ ਕਰਾਰੀ ਮਾਤ ਦਿੱਤੀ। ਇਸ ਜਿੱਤ ਤੋਂ ਬਾਅਦ ਪੀਐੱਮ ਮੋਦੀ ਅਤੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀ 'ਗਮਛਾ' ਵਾਲੀ ਤਸਵੀਰ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ। ਇੰਜੀਨੀਅਰਿੰਗ ਦਾ ਅਜੂਬਾ ਬੁਨਿਆਦੀ ਢਾਂਚੇ ਦੇ ਖੇਤਰ 'ਚ ਪ੍ਰਧਾਨ ਮੰਤਰੀ ਨੇ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸਥਿਤ ਚਿਨਾਬ ਬ੍ਰਿਜ ਦਾ ਦੌਰਾ ਕੀਤਾ। ਇਹ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਆਰਚ ਬ੍ਰਿਜ ਹੈ, ਜਿਸ ਦੀ ਉਚਾਈ ਆਈਫਲ ਟਾਵਰ ਤੋਂ ਵੀ 35 ਮੀਟਰ ਜ਼ਿਆਦਾ ਹੈ। ਇਹ ਪੁਲ ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਹਰ ਮੌਸਮ 'ਚ ਰੇਲ ਰਾਹੀਂ ਜੋੜਨ ਲਈ ਇਕ ਮਹੱਤਵਪੂਰਨ ਮੀਲ ਪੱਥਰ ਹੈ। ਕੌਮਾਂਤਰੀ ਪੱਧਰ: ਪ੍ਰਧਾਨ ਮੰਤਰੀ ਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਨੇ ਵਿਸ਼ਵ ਭਰ ਵਿੱਚ ਚਰਚਾ ਛੇੜ ਦਿੱਤੀ। ਅਮਰੀਕੀ ਦੌਰੇ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਨੂੰ ਇਕ ਕਿਤਾਬ ਭੇਟ ਕੀਤੀ, ਜਿਸ 'ਤੇ ਲਿਖਿਆ ਸੀ, ਮਿਸਟਰ ਪ੍ਰਾਈਮ ਮਿਨਿਸਟਰ, ਤੁਸੀਂ ਮਹਾਨ ਹੋ। ਪੀਐੱਮ ਮੋਦੀ ਨੇ ਅਯੁੱਧਿਆ ਦੇ ਰਾਮ ਮੰਦਰ 'ਚ 'ਧਾਰਮਿਕ ਝੰਡਾ' ਲਹਿਰਾਇਆ ਅਤੇ ਪ੍ਰਯਾਗਰਾਜ 'ਚ ਮਹਾ ਕੁੰਭ 2025 ਦੌਰਾਨ ਤ੍ਰਿਵੇਣੀ ਸੰਗਮ 'ਚ ਪਵਿੱਤਰ ਇਸ਼ਨਾਨ ਕੀਤਾ। ਪ੍ਰਧਾਨ ਮੰਤਰੀ ਨੇ ਹਰਿਆਣਾ ਦੇ ਰਾਮਪਾਲ ਕਸ਼ਯਪ ਨੂੰ ਜੁੱਤੀਆਂ ਦਾ ਜੋੜਾ ਭੇਟ ਕੀਤਾ, ਜਿਸ ਨੇ 14 ਸਾਲ ਪਹਿਲਾਂ ਪ੍ਰਣ ਲਿਆ ਸੀ ਕਿ ਜਦੋਂ ਤੱਕ ਮੋਦੀ ਪ੍ਰਧਾਨ ਮੰਤਰੀ ਨਹੀਂ ਬਣਦੇ, ਉਹ ਜੁੱਤੀ ਨਹੀਂ ਪਹਿਨੇਗਾ।



## ਖਾਲਿਦਾ ਜ਼ੀਆ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋਣ ਲਈ ਢਾਕਾ ਪਹੁੰਚੇ ਜੈਸ਼ੰਕਰ

ਢਾਕਾ 31 ਦਸੰਬਰ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਬੁੱਧਵਾਰ ਨੂੰ ਢਾਕਾ ਪਹੁੰਚੇ। ਦਹਾਕਿਆਂ ਤੱਕ ਬੰਗਲਾਦੇਸ਼ੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀ ਜ਼ੀਆ ਦਾ ਮੰਗਲਵਾਰ ਨੂੰ ਢਾਕਾ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਜਨਾਜ਼ੇ ਦੀ ਨਮਾਜ਼ ਅੱਜ ਦੁਪਹਿਰ 2



ਵਜੇ ਕੀਤੀ ਜਾਵੇਗੀ। ਢਾਕਾ ਵਿੱਚ ਭਾਰਤੀ ਮਿਸ਼ਨ ਦੇ ਬੁਲਾਰੇ ਨੇ ਸਰਕਾਰੀ ਬੰਗਲਾਦੇਸ਼ ਸੰਵਾਦ ਸੰਗਠਨ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਜੈਸ਼ੰਕਰ ਦਾ ਹਵਾਈ ਅੱਡੇ 'ਤੇ ਬੰਗਲਾਦੇਸ਼ ਵਿੱਚ ਭਾਰਤੀ ਹਾਈ ਕਮਿਸ਼ਨਰ ਪ੍ਰਣਯ ਵਰਮਾ ਨੇ ਸਵਾਗਤ ਕੀਤਾ। ਏਜੰਸੀ ਨੇ ਦੱਸਿਆ ਕਿ ਵਿਦੇਸ਼ ਮੰਤਰੀ ਨੂੰ ਲੈ ਕੇ ਇੱਕ ਵਿਸ਼ੇਸ਼ ਜਹਾਜ਼ ਸਵੇਰੇ 11:30 ਵਜੇ ਢਾਕਾ ਪਹੁੰਚਿਆ। ਅੰਤਿਮ ਸੰਸਕਾਰ ਸਮਾਰੋਹ ਮਾਨਿਕ ਮੀਆਂ ਐਵੇਨਿਊ ਵਿਖੇ ਹੋਵੇਗਾ, ਜਿਸ ਵਿੱਚ ਵਿਦੇਸ਼ੀ ਪਤਵੰਤੇ, ਨੇਤਾ ਅਤੇ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਅੰਤਿਮ ਰਸਮਾਂ ਤੋਂ ਬਾਅਦ, ਖਾਲਿਦਾ ਨੂੰ ਦੁਪਹਿਰ 3:30 ਵਜੇ ਪੂਰੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦੇ ਪਤੀ, ਮਰਹੂਮ ਰਾਸ਼ਟਰਪਤੀ ਅਤੇ ਆਜ਼ਾਦੀ ਘੁਲਾਟੀਏ ਜ਼ਿਆਉਰ ਰਹਿਮਾਨ ਦੀ ਕਬਰ ਦੇ ਕੋਲ ਦਫ਼ਨਾਇਆ ਜਾਵੇਗਾ। ਤਿੰਨ ਵਾਰ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐਨਪੀ) ਦੀ ਲੰਬੇ ਸਮੇਂ ਤੱਕ ਚੇਅਰਪਰਸਨ ਰਹੀ ਜ਼ੀਆ ਦਾ ਲੰਬੀ ਬਿਮਾਰੀ ਤੋਂ ਬਾਅਦ ਮੰਗਲਵਾਰ ਨੂੰ ਢਾਕਾ ਵਿੱਚ ਦੇਹਾਂਤ ਹੋ ਗਿਆ ਸੀ। ਉਹ 80 ਸਾਲ ਦੀ ਸੀ।

### ਬੈਂਗਲੁਰੂ ਵਿੱਚ ਗੈਸ ਸਿਲੰਡਰ ਧਮਾਕੇ ਵਿੱਚ 'ਚ ਗਈ ਨੌਜਵਾਨ ਦੀ ਮੌਤ

ਨੈਸ਼ਨਲ ਡੈਸਕ 31 ਦਸੰਬਰ। ਬੈਂਗਲੁਰੂ ਦੇ ਕੁੰਡਲਹੱਲੀ ਖੇਤਰ ਵਿੱਚ ਇੱਕ ਪੇਇੰਗ ਗੈਸਟ (ਪੀ.ਜੀ.) ਰਿਹਾਇਸ਼ ਵਿੱਚ ਵਪਾਰਕ ਗੈਸ ਸਿਲੰਡਰ ਧਮਾਕੇ ਵਿੱਚ ਇੱਕ 23 ਸਾਲਾ ਸਾਫਟਵੇਅਰ ਪੇਸ਼ੇਵਰ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖਮੀ ਹੋ ਗਏ। ਇਹ ਘਟਨਾ ਸੋਮਵਾਰ ਸ਼ਾਮ ਲਗਭਗ 6:15 ਵਜੇ ਐਚਏਐਲ ਪੁਲਸ ਸਟੇਸ਼ਨ ਦੀ ਸੀਮਾ ਅਧੀਨ ਸਥਿਤ ਸੈਵਨ ਹਿਲਜ਼ ਸਾਈ ਕੋ-ਲਿਵਿੰਗ ਪੀਜੀ ਵਿੱਚ ਵਾਪਰੀ। ਪੁਲਸ ਨੇ ਕਿਹਾ, ਮ੍ਰਿਤਕ ਦੀ ਪਛਾਣ ਬੱਲਾਰੀ ਦੇ ਰਹਿਣ ਵਾਲੇ ਅਰਵਿੰਦ ਵਜੋਂ ਹੋਈ ਹੈ, ਜੋ ਕੈਪਜੇਮਿਨੀ ਵਿੱਚ ਇੱਕ ਸੀਨੀਅਰ ਵਿਸ਼ਲੇਸ਼ਕ ਵਜੋਂ ਕੰਮ ਕਰਦਾ ਸੀ। ਇਸ ਘਟਨਾ ਵਿੱਚ ਤਿੰਨ ਹੋਰ ਲੋਕ ਜ਼ਖਮੀ ਹੋਏ ਹਨ ਤੇ ਉਨ੍ਹਾਂ ਦਾ ਇਲਾਜ ਬਰੁਕਫੀਲਡ ਹਸਪਤਾਲ ਵਿੱਚ ਕੀਤਾ ਜਾ ਰਿਹਾ ਹੈ।

## ਨਿਤਿਨ ਨਬੀਨ ਨਵੇਂ ਬੰਗਲੇ 'ਚ ਰਾਹੁਲ ਗਾਂਧੀ ਦੇ ਗੁਆਂਢੀ ਹੋਣਗੇ

ਨੈਸ਼ਨਲ ਡੈਸਕ 31 ਦਸੰਬਰ। ਭਾਜਪਾ ਦੇ ਕਾਰਜਕਾਰੀ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੀ ਫੁੱਲ ਟਾਈਮ ਰਾਸ਼ਟਰੀ ਪ੍ਰਧਾਨ ਦੇ ਤੌਰ 'ਤੇ ਅਪੁਆਇੰਟਮੈਂਟ ਮਾਘ ਮਹੀਨੇ ਦੀ ਸੰਗਰਾਂਦ ਤੋਂ ਤੁਰੰਤ ਬਾਅਦ ਫਾਸਟ-ਟ?ਰੈਕ ਕੀਤੀ ਜਾਵੇਗੀ। ਦਿੱਲੀ 'ਚ ਪਾਰਟੀ ਦੀ ਨੈਸ਼ਨਲ ਕੌਂਸਲ ਦੀ ਮੀਟਿੰਗ ਬੁਲਾ ਕੇ ਰਸਮੀ ਕਾਰਵਾਈਆਂ ਪੂਰੀਆਂ ਕਰਨ ਲਈ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਪਾਰਟੀ ਦੇ ਰਾਸ਼ਟਰੀ ਪ੍ਰਧਾਨ ਦੀ ਚੋਣ ਲਈ 15 ਜਨਵਰੀ ਤੋਂ ਬਾਅਦ ਹੋਣ ਵਾਲੀ ਮੀਟਿੰਗ 'ਚ ਦੇਸ਼ ਤੋਂ ਸਾਰੇ ਸੂਬਿਆਂ ਦੇ ਭਾਜਪਾ ਪ੍ਰਧਾਨ ਅਤੇ ਮੁੱਖ ਮੰਤਰੀ ਸ਼ਾਮਲ ਹੋਣਗੇ। ਨਿਤਿਨ ਨਬੀਨ ਮਾਘ ਮਹੀਨੇ ਦੀ ਸੰਗਰਾਂਦ ਤੋਂ ਬਾਅਦ ਸਥਾਈ ਤੌਰ 'ਤੇ ਦਿੱਲੀ ਸ਼ਿਫਟ ਹੋ ਜਾਣਗੇ ਅਤੇ ਉਨ੍ਹਾਂ ਨੂੰ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਦੇ ਤੌਰ 'ਤੇ 9 ਸੁਨਹਿਰੀ ਬਾਗ ਰੋਡ 'ਤੇ ਇਕ ਸਰਕਾਰੀ ਬੰਗਲਾ ਅਲਾਟ ਕੀਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ ਇੱਥੇ ਲਾਗੇ ਹੀ 5, ਸੁਨਹਿਰੀ ਬਾਗ ਰੋਡ 'ਤੇ ਰਹਿੰਦੇ ਹਨ। ਨਬੀਨ, ਜਿਨ੍ਹਾਂ ਨੂੰ ਹਾਲ ਹੀ 'ਚ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ, ਤਾਮਿਲਨਾਡੂ ਅਤੇ ਆਸਾਮ ਵਰਗੇ ਸੂਬਿਆਂ 'ਚ ਟਰੈਵਲ ਕਰ ਰਹੇ ਹਨ। ਰਾਸ਼ਟਰੀ ਰਾਜਧਾਨੀ 'ਚ ਉਨ੍ਹਾਂ ਦਾ ਸਥਾਈ ਮੂਵ ਇਸ ਗੱਲ ਦਾ ਇਸ਼ਾਰਾ ਹੈ ਕਿ ਪਾਰਟੀ ਕੇਰਲ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ 2027 ਦੀਆਂ ਉੱਤਰ ਪ੍ਰਦੇਸ਼ ਚੋਣਾਂ 'ਤੇ ਧਿਆਨ ਕੇਂਦ੍ਰਿਤ ਕਰ ਰਹੀ ਹੈ। ਇਹ ਕਦਮ ਉਨ੍ਹਾਂ ਦੇ ਜੇ. ਪੀ. ਨੱਡਾ ਦੀ ਜਗ?ਹਾ ਫੁੱਲ ਟਾਈਮ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਦੇ ਤੌਰ 'ਤੇ ਚੁਣੇ ਜਾਣ ਤੋਂ ਪਹਿਲਾਂ ਆਇਆ ਹੈ। ਇਹ ਪ੍ਰੋਸੈੱਸ 20-21 ਜਨਵਰੀ ਤੱਕ ਪੂਰਾ ਹੋਣ ਦੀ ਉਮੀਦ ਹੈ, ਕਿਉਂਕਿ ਗਣਤੰਤਰ ਦਿਵਸ ਦੇ ਜਸ਼ਨਾਂ ਅਤੇ ਫਰਵਰੀ ਤੋਂ ਸ਼ੁਰੂ ਹੋਣ ਵਾਲੇ ਲੰਬੇ ਬਜਟ ਸੈਸ਼ਨ ਨਾਲ ਜੁੜ?ੀਆਂ ਬਹੁਤ ਸਾਰੀਆਂ ਸਰਗਰਮੀਆਂ ਹੋਣਗੀਆਂ। ਭਾਜਪਾ ਨੇ 37 'ਚੋਂ 29 ਸੂਬਿਆਂ 'ਚ ਸੰਗਠਨਾਤਮਕ ਚੋਣ ਪ੍ਰਕਿਰਿਆ ਪਹਿਲਾਂ ਹੀ ਪੂਰੀ ਕਰ ਲਈ ਹੈ ਅਤੇ ਉਹ ਇਸ ਅਹੁਦੇ ਲਈ ਨਬੀਨ ਦੀ ਉਮੀਦਵਾਰੀ ਨੂੰ ਸਪੋਰਟ ਕਰਦੇ ਹੋਏ ਨਾਮਜ਼ਦਗੀ ਦਸਤਾਵੇਜ਼ਾਂ ਦਾ ਇਕ ਸੈੱਟ ਜਮ?ਹਾ ਕਰਨਗੇ।

## 5 ਜਨਵਰੀ ਤੋਂ ਸ਼ੁਰੂ ਹੋਵੇਗਾ ਦਿੱਲੀ ਵਿਧਾਨ ਸਭਾ ਦਾ ਸੈਸ਼ਨ

ਨੈਸ਼ਨਲ ਡੈਸਕ 31 ਦਸੰਬਰ। ਦਿੱਲੀ ਵਿਧਾਨ ਸਭਾ ਦਾ ਸੈਸ਼ਨ 5 ਜਨਵਰੀ ਨੂੰ ਸ਼ੁਰੂ ਹੋਣ ਵਾਲਾ ਹੈ। ਇਹ ਤਿੰਨ ਦਿਨਾਂ ਦਾ ਸਰਦ ਰੁੱਤ ਸੈਸ਼ਨ ਹੋਵੇਗਾ। ਸੈਸ਼ਨ ਦੌਰਾਨ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਰਕਾਰੀ ਨਿਵਾਸ ਸਥਾਨ ਦੇ ਨਵੀਨੀਕਰਨ ਨਾਲ ਸਬੰਧਤ ਕੈਗ ਰਿਪੋਰਟ ਸਦਨ ਵਿੱਚ ਪੇਸ਼ ਕੀਤੀ ਜਾਵੇਗੀ। ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਇਸਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ 6, ਫਲੈਗਸਟਾਫ ਰੋਡ ਸਥਿਤ ਬੰਗਲੇ ਦੇ ਨਵੀਨੀਕਰਨ ਵਿੱਚ ਹੋਏ ਖਰਚੇ ਅਤੇ ਕਥਿਤ ਵਿੱਤੀ ਬੇਨਿਯਮੀਆਂ ਦਾ ਵੇਰਵਾ ਦੇਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਉਹ ਨਾ ਸਿਰਫ਼ ਸ਼ੀਸ਼ ਮਹਿਲ ਨਾਲ ਸਬੰਧਤ ਆਡਿਟ ਰਿਪੋਰਟਾਂ ਪੇਸ਼ ਕਰ ਸਕਦੀ ਹੈ, ਸਗੋਂ ਦਿੱਲੀ ਜਲ ਬੋਰਡ (ਡੀਜੇਬੀ) ਅਤੇ ਮੁਹੱਲਾ ਕਲੀਨਿਕਾਂ ਨਾਲ ਵੀ ਸਬੰਧਤ ਆਡਿਟ ਰਿਪੋਰਟਾਂ ਪੇਸ਼ ਕਰ ਸਕਦੀ ਹੈ। ਇਸ ਤੋਂ ਇਲਾਵਾ, ਦਿੱਲੀ ਦੇ ਗੰਭੀਰ ਹਵਾ ਪ੍ਰਦੂਸ਼ਣ ਅਤੇ ਜਨਤਕ ਹਿੱਤ ਦੇ ਹੋਰ ਮੁੱਦਿਆਂ 'ਤੇ ਗਰਮਾ-ਗਰਮ ਬਹਿਸਾਂ ਦੀ ਉਮੀਦ ਹੈ। ਵਿਰੋਧੀ ਪਾਰਟੀ, ਆਮ ਆਦਮੀ ਪਾਰਟੀ (ਆਪ), ਇਨ੍ਹਾਂ ਦੋਸ਼ਾਂ ਨੂੰ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਹਿ ਕੇ ਸਰਕਾਰ ਨੂੰ ਘੇਰਨ ਦੀ ਤਿਆਰੀ ਕਰ ਰਹੀ ਹੈ।

## ਪੰਜਾਬ ਪੁਲਿਸ ਵੱਲੋਂ ਵਿਜ਼ਨ 2026 ਦਾ ਖ਼ਾਕਾ ਪੇਸ਼: ਪੁਲਿਸ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣ ਲਈ ਵਿਆਪਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾਵੇਗਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ, 31 ਦਸੰਬਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਪੁਲਿਸਿੰਗ ਨੂੰ ਹੋਰ ਕੁਸ਼ਲ, ਜਵਾਬਦੇਹ ਅਤੇ ਪੇਸ਼ੇਵਰ ਬਣਾਉਣ ਲਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਪੰਜਾਬ ਪੁਲਿਸ ਲਈ ਇੱਕ ਮਹੱਤਵਾਕਾਂਖੀ ਅਤੇ ਤਕਨਾਲੋਜੀ-ਅਧਾਰਤ ÷ਵਿਜ਼ਨ 2026÷ ਦੀ ਰੂਪਰੇਖਾ ਪੇਸ਼ ਕੀਤੀ, ਜੋ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਅਤੇ ਸਮਰੱਥਾ ਨਿਰਮਾਣ 'ਤੇ ਕੇਂਦ੍ਰਿਤ ਹੈ। ਇਸ ਵਿਜ਼ਨ ਤਹਿਤ ਡਾਇਲ 112 ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ਈ.ਆਰ.ਐਸ.ਐਸ.) ਨੂੰ ਹੋਰ ਵਧੇਰੇ ਕਾਰਗਰ ਬਣਾਉਣਾ ਸ਼ਾਮਲ ਹੈ, ਜਿਸ ਤਹਿਤ ਮੋਹਾਲੀ ਵਿਖੇ ?52 ਕਰੋੜ ਦੀ ਲਾਗਤ ਨਾਲ ਡਾਇਲ 112 ਸੈਂਟਰਲ ਕੰਟਰੋਲ ਰੂਮ ਦੀ ਇਮਾਰਤ ਸਥਾਪਿਤ ਕੀਤੀ ਜਾਵੇਗੀ ਅਤੇ 50 ਕਰੋੜ ਦੀ ਲਾਗਤ ਨਾਲ ਨਵੇਂ ਵਾਹਨ ਖਰੀਦੇ ਜਾਣਗੇ। ਡੀਜੀਪੀ ਨੇ ਕਿਹਾ ਕਿ ਕਿ ਸਾਡਾ ਟੀਚਾ ਮੌਜੂਦਾ ਔਸਤਨ ਰਿਸਪਾਂਸ ਟਾਈਮ ਨੂੰ 12-13 ਮਿੰਟਾਂ ਤੋਂ ਘਟਾ ਕੇ ਸਿਰਫ਼ 7-8 ਮਿੰਟ ਕਰਨਾ ਹੈ। ਇਸ ਦੇ ਨਾਲ ਹੀ ਪੰਜਾਬ ਭਰ ਦੇ ਜ਼ਿਲ੍ਹਾ ਕੰਟਰੋਲ ਰੂਮਾਂ ਨੂੰ ਵੀ 25 ਕਰੋੜ ਰੁਪਏ ਦੇ ਨਿਵੇਸ਼ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਨਿਰਵਿਘਨ ਤਾਲਮੇਲ ਅਤੇ ਕਿਸੇ ਵੀ ਘਟਨਾ ਦੇ ਫੌਰੀ ਪ੍ਰਬੰਧਨ ਨੂੰ ਯਕੀਨੀ ਬਣਾਇਆ ਜਾ ਸਕੇ, ਜੋ ਸਿੱਧੇ ਤੌਰ 'ਤੇ ਰਿਸਪਾਂਸ ਟਾਈਮ ਨੂੰ ਘਟਾਉਣ ਦੇ ਟੀਚੇ ਵਿੱਚ ਯੋਗਦਾਨ ਪਾ ਰਿਹਾ ਹੈ। ਡੀਜੀਪੀ ਗੌਰਵ ਯਾਦਵ, ਜਿਨ੍ਹਾਂ ਨਾਲ ਆਈਜੀਪੀ ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਇਥੇ ਪੰਜਾਬ ਪੁਲਿਸ ਦੇ ਭਵਿੱਖੀ ਰੋਡਮੈਪ ਨੂੰ ਸਾਂਝਾ ਕਰਨ ਲਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਰਹੱਦੀ ਸੁਰੱਖਿਆ ਲਈ ਦੂਜੀ ਸੁਰੱਖਿਆ




ਪੰਕਤੀ ਵਿੱਚ 49.58 ਕਰੋੜ ਰੁਪਏ ਦੀ ਲਾਗਤ ਨਾਲ ਅੰਤਰਰਾਸ਼ਟਰੀ ਸਰਹੱਦ ਦੇ ਨਾਲ 585 ਥਾਵਾਂ 'ਤੇ 2,367 ਸੀਸੀਟੀਵੀ ਕੈਮਰੇ ਲਗਾਏ ਜਾਣਗੇ, ਜੋ ਕਿ ਪੁਲਿਸ ਦੇ ਕੰਮਕਾਜ ਨੂੰ ਹੋਰ ਮਜ਼ਬੂਤੀ ਦੇਣਗੇ। ਉਨ੍ਹਾਂ ਕਿਹਾ ਕਿ ਐਂਟੀ-ਡਰੋਨ ਸਿਸਟਮ (ਏਡੀਐਸ) ਫਲੀਟ ਨੂੰ ਮੌਜੂਦਾ ਤਿੰਨ ਕਾਰਜਸ਼ੀਲ ਪ੍ਰਣਾਲੀਆਂ ਤੋਂ ਵਧਾ ਕੇ ਛੇ ਤੱਕ ਕੀਤਾ ਜਾਵੇਗਾ ਅਤੇ ਪੜਾਅਵਾਰ ਢੰਗ ਨਾਲ ਬਾਅਦ ਵਿੱਚ 10 ਹੋਰ ਦੀ ਖਰੀਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਰੋਨ ਰਿਸਪਾਂਸ ਟੀਮਾਂ (ਡੀਆਰਟੀ) ਨੂੰ ਵੀ ਕੰਮ ਵਿੱਚ ਲਗਾਇਆ ਗਿਆ ਹੈ ਅਤੇ ਆਉਣ ਵਾਲੇ ਸਾਲ ਵਿੱਚ ਇਹ ਟੀਮਾਂ ਗ੍ਰਾਮ ਰੱਖਿਆ ਕਮੇਟੀਆਂ (ਵੀਡੀਸੀ) ਦੇ ਮੈਂਬਰਾਂ ਨਾਲ ਤਾਲਮੇਲ ਜ਼ਰੀਏ ਕੰਮ ਕਰਨਗੀਆਂ। ਆਧੁਨਿਕੀਕਰਨ ਦੀ ਇਸ ਨਿਰੰਤਰ ਮੁਹਿੰਮ ਨੂੰ ਉਜਾਗਰ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਪੁਲਿਸ ਦੇ ਆਧੁਨਿਕੀਕਰਨ 'ਤੇ 800 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਨ। ਉਨ੍ਹਾਂ ਕਿਹਾ ਕਿ ਫੀਲਡ ਵਿੱਚ ਸਾਰੇ ਐਸਪੀ ਰੈਂਕ ਦੇ ਅਧਿਕਾਰੀਆਂ ਨੂੰ ਨਵੇਂ ਵਾਹਨ ਦੇਣ ਦੇ ਨਾਲ-ਨਾਲ ਸਾਰੇ ਪੁਲਿਸ ਥਾਣਿਆਂ ਅਤੇ ਪੁਲਿਸ ਚੌਕੀਆਂ ਨੂੰ ਵੀ ਨਵੇਂ ਵਾਹਨ ਦਿੱਤੇ ਗਏ ਹਨ । ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਅਗਲੇ ਤਿੰਨ ਸਾਲਾਂ ਵਿੱਚ 426 ਕਰੋੜ ਦੀ ਲਾਗਤ ਵਾਲੇ ਮੈਗਾ ਪੁਲਿਸ ਬਿਲਡਿੰਗ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿੱਚ ਮੋਹਾਲੀ ਦੇ ਫੇਜ਼ 4 ਵਿਖੇ ਸਾਈਬਰ ਕ੍ਰਾਈਮ ਡਿਵੀਜ਼ਨ ਲਈ ਨਵਾਂ ਹੈੱਡਕੁਆਰਟਰ, ਨਵਾਂਸ਼ਹਿਰ ਅਤੇ ਮਲੇਰਕੋਟਲਾ ਜ਼ਿਲ੍ਹਿਆਂ ਵਿੱਚ ਨਵੀਆਂ ਪੁਲਿਸ ਲਾਈਨਾਂ ਅਤੇ 11 ਹੋਰ ਨਵੀਆਂ ਪੁਲਿਸ ਸਟੇਸ਼ਨ ਇਮਾਰਤਾਂ ਸ਼ਾਮਲ ਹਨ। ਲੁਧਿਆਣਾ, ਫਿਰੋਜ਼ਪੁਰ ਅਤੇ ਜਲੰਧਰ ਵਿੱਚ ਨਵੇਂ ਏਐਨਟੀਐਫ ਰੇਂਜ ਦਫਤਰ ਖੋਲ੍ਹੇ ਜਾਣਗੇ, ਅਤੇ ਮੌਜੂਦਾ ਦਫਤਰਾਂ ਨੂੰ ਆਧੁਨਿਕ ਯੰਤਰਾਂ ਅਤੇ ਫੋਰੈਂਸਿਕ ਟੂਲਜ਼ ਨਾਲ ਅਪਗ੍ਰੇਡ ਕੀਤਾ ਜਾਵੇਗਾ।

Contd.....................................page-3

## 'ਕੀ 33 ਬੂਥ ਅਧਿਕਾਰੀਆਂ ਦੀ ਮੌਤ ਹੋਣਾ ਠੀਕ ਹੈ'?: ਸਿੱਬਲ

ਨਵੀਂ ਦਿੱਲੀ 31 ਦਸੰਬਰ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ



ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਪ੍ਰਕਿਰਿਆ 'ਚ ਲੱਗੇ ਬੂਥ ਲੈਵਲ ਅਫਸਰਾਂ ਦੀਆਂ ਹੋ ਰਹੀਆਂ ਮੌਤਾਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਨਿਸ਼ਾਨਾ ਵਿੰਨ੍ਹ?ਆ ਹੈ। ਸਿੱਬਲ ਨੇ ਸਵਾਲ ਚੁੱਕਿਆ ਹੈ ਕਿ ਜੇਕਰ ਸਰਕਾਰ ਲਈ ਇਕ ਵੀ 'ਘੁਸਪੈਠੀਆ' ਪ੍ਰਵਾਨ ਨਹੀਂ ਹੈ, ਤਾਂ ਕੀ 33 ਬੀ.ਐਲ.ਓਜ਼ ਦੀ ਮੌਤ ਠੀਕ ਹੈ? ਇਹ ਵਿਵਾਦ ਪੱਛਮੀ ਬੰਗਾਲ ਦੇ ਬਾਂਕੁੜਾ ਜ਼ਿਲ੍ਹੇ 'ਚ ਇਕ ਬੀ.ਐੱਲ.ਓ. ਦੀ ਲਾਸ਼ ਮਿਲਣ ਤੋਂ ਬਾਅਦ ਭਖਿਆ ਹੈ। ਮ੍ਰਿਤਕ ਦੀ ਪਛਾਣ ਹਰਧਨ ਮੰਡਲ ਵਜੋਂ ਹੋਈ ਹੈ, ਜੋ ਕਿ ਇਕ ਸਕੂਲ ਅਧਿਆਪਕ ਸਨ ਅਤੇ ਰਾਣੀਬਾਂਧ ਬਲਾਕ ਦੇ ਬੂਥ ਨੰਬਰ 206 'ਤੇ ਬੀ.ਐੈਲ.ਓ. ਵਜੋਂ ਸੇਵਾਵਾਂ ਨਿਭਾ ਰਹੇ ਸਨ। ਪੁਲਿਸ ਨੂੰ ਮੌਕੇ ਤੋਂ ਇਕ ਸੁਸਾਈਡ ਨੋਟ ਬਰਾਮਦ ਹੋਇਆ ਹੈ, ਜਿਸ 'ਚ ਮੰਡਲ ਨੇ ਕਥਿਤ ਤੌਰ 'ਤੇ ਬੀ.ਐੈਲ.ਓ. ਵਜੋਂ ਕੰਮ ਦੇ ਬਹੁਤ ਜ਼ਿਆਦਾ ਦਬਾਅ ਨੂੰ ਸਹਿਣ ਨਾ ਕਰ ਸਕਣ ਦਾ ਜ਼ਿਕਰ ਕੀਤਾ ਹੈ। ਕਪਿਲ ਸਿੱਬਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਦਿਆਂ ਕਿਹਾ,ਬੰਗਾਲ ਦੇ ਇਕ ਹੋਰ ਬੀ.ਐੱਲ.ਓ. ਨੇ ਖੁਦਕੁਸ਼ੀ ਕਰ ਲਈ ਹੈ। ਪੂਰੇ ਭਾਰਤ 'ਚ ਇਹ ਗਿਣਤੀ ਹੁਣ 33 ਹੋ ਗਈ ਹੈ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਬਿਆਨ 'ਤੇ ਵੀ ਸਵਾਲ ਚੁੱਕੇ ਜਿਸ 'ਚ ਸ਼ਾਹ ਨੇ ਕਿਹਾ ਸੀ ਕਿ ਸਰਕਾਰ ਘੁਸਪੈਠੀਆ ਨੂੰ ਦੇਸ਼ 'ਚੋਂ ਬਾਹਰ ਕੱਢੇਗੀ ਅਤੇ ਦੋਸ਼ ਲਾਇਆ ਸੀ ਕਿ ਕੁਝ ਸਿਆਸੀ ਪਾਰਟੀਆਂ ਵੋਟਰ ਸੂਚੀ ਸੋਧ ਦਾ ਵਿਰੋਧ ਕਰ ਰਹੀਆਂ ਹਨ ਤਾਂ ਜੋ ਘੁਸਪੈਠੀਆਂ ਦੇ ਨਾਮ ਸੂਚੀ 'ਚ ਬਣੇ ਰਹਿਣ।

## ਮਮਤਾ ਬੈਨਰਜੀ 'ਤੇ ਭੜਕੀ ਭਾਜਪਾ: ਅਮਿਤ ਸ਼ਾਹ ਨੂੰ 'ਧਮਕੀ' ਦੇਣ ਦੇ ਲਾਏ ਇਲਜ਼ਾਮ, ਬੰਗਾਲ 'ਚ ਦੱਸਿਆ 'ਹਿੱਟਲਰਸ਼ਾਹੀ'

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਭੁਵਨੇਸ਼ਵਰ 31 ਦਸੰਬਰ। ਪੱਛਮੀ ਬੰਗਾਲ ਵਿੱਚ ਸਿਆਸੀ ਜੰਗ ਹੋਰ ਤੇਜ਼ ਹੋ ਗਈ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਸਖ਼ਤ ਆਲੋਚਨਾ ਕਰਦਿਆਂ ਉਨ੍ਹਾਂ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਖੁੱਲ੍ਹੇਆਮ ਧਮਕੀ ਦੇਣ ਦੇ ਇਲਜ਼ਾਮ ਲਾਏ ਹਨ। ਭਾਜਪਾ ਨੇ ਦਾਅਵਾ ਕੀਤਾ ਹੈ ਕਿ ਬੈਨਰਜੀ ਸੂਬੇ ਵਿੱਚ ਲੋਕਤੰਤਰ ਦਾ ਘਾਣ ਕਰਦਿਆਂ 'ਤਾਨਾਸ਼ਾਹੀ' ਚਲਾ ਰਹੀ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਮਮਤਾ ਬੈਨਰਜੀ ਨੇ ਬਾਂਕੁੜਾ ਜ਼ਿਲ੍ਹੇ ਦੀ ਇੱਕ ਰੈਲੀ ਵਿੱਚ ਕਿਹਾ ਕਿ ਅਮਿਤ ਸ਼ਾਹ ਕੋਲਕਾਤਾ ਦੇ ਜਿਸ ਹੋਟਲ 'ਚ ਰੁਕੇ ਹੋਏ ਹਨ, ਉੱਥੋਂ ਉਹ ਸਿਰਫ਼ ਮੁੱਖ ਮੰਤਰੀ ਦੀ 'ਮਰਜ਼ੀ' ਨਾਲ ਹੀ ਬਾਹਰ ਨਿਕਲ ਪਾਏ ਹਨ। ਪਾਤਰਾ ਨੇ ਕਿਹਾ ਕਿ ਅਜਿਹੀ ਭਾਸ਼ਾ ਦੀ ਕਲਪਨਾ



ਵੀ ਨਹੀਂ ਕੀਤੀ ਜਾ ਸਕਦੀ ਅਤੇ ਇਹ ਨਾ ਸਿਰਫ਼ ਗ੍ਰਹਿ ਮੰਤਰੀ ਲਈ, ਸਗੋਂ ਪੂਰੇ ਦੇਸ਼ ਲਈ ਖ਼ਤਰਾ ਹੈ। ਭਾਜਪਾ ਅਨੁਸਾਰ ਮਮਤਾ ਬੈਨਰਜੀ ਵੋਟਰ ਸੂਚੀ ਵਿੱਚੋਂ ਘੁਸਪੈਠੀਆਂ ਦੇ ਨਾਂ ਹਟਾਏ ਜਾਣ ਕਾਰਨ ਗੁੱਸੇ ਵਿੱਚ ਹਨ



ਅਤੇ ਉਨ੍ਹਾਂ ਨੂੰ ਬਚਾਉਣ ਲਈ ਦੇਸ਼ ਦੇ ਗ੍ਰਹਿ ਮੰਤਰੀ ਨੂੰ ਨਿਸ਼ਾਨਾ ਬਣਾ ਰਹੀ ਹਨ। ਪਾਤਰਾ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਲੋਕਤੰਤਰ 'ਤੇ ਲਗਾਤਾਰ ਹਮਲੇ ਹੋ ਰਹੇ ਹਨ ਅਤੇ ਮਮਤਾ ਬੈਨਰਜੀ ਨੇ ਬੰਗਾਲ ਨੂੰ ਬਰਬਾਦ ਕਰ ਦਿੱਤਾ ਹੈ। ਸੰਬਿਤ ਪਾਤਰਾ ਨੇ ਇਲਜ਼ਾਮ ਲਾਇਆ ਕਿ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੇ ਗੁੰਡਿਆਂ ਨੇ ਲਗਭਗ 300 ਭਾਜਪਾ ਵਰਕਰਾਂ ਦਾ ਕਤਲ ਕੀਤਾ ਹੈ ਅਤੇ 3,000 ਤੋਂ ਵੱਧ ਲੋਕਾਂ ਨੂੰ ਆਪਣਾ ਘਰ ਛੱਡ ਕੇ ਭੱਜਣ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਪਿਛਲੀਆਂ ਚੋਣਾਂ ਦੌਰਾਨ ਭਾਜਪਾ ਪ੍ਰਧਾਨ ਜੇ.ਪੀ. ਨੱਡਾ ਦੇ ਕਾਫਲੇ 'ਤੇ ਹੋਏ ਹਮਲੇ ਦਾ ਹਵਾਲਾ ਦਿੰਦਿਆਂ ਸੂਬੇ ਦੇ ਹਾਲਾਤ ਨੂੰ 'ਹਿੱਟਲਰਸ਼ਾਹੀ' ਕਰਾਰ ਦਿੱਤਾ। ਇਸ ਸਿਆਸੀ ਟਕਰਾਅ ਦੇ ਵਿਚਕਾਰ, ਭਾਜਪਾ ਨੇ ਵੱਡਾ ਦਾਅਵਾ ਕਰਦਿਆਂ ਕਿਹਾ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਪੱਛਮੀ ਬੰਗਾਲ ਵਿੱਚ ਦੋ-ਤਿਹਾਈ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ ਅਤੇ ਪਾਰਟੀ ਨੇ ਇਸ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਹਨ।

# ਪੰਜਾਬ ਦੇ ਮਜ਼ਦੂਰਾਂ, ਮੁਲਾਜ਼ਮਾਂ ਲਈ ਕਿਹੋ ਜਿਹਾ ਰਿਹਾ ਸਾਲ 2025 ਵੱਖ-ਵੱਖ ਜਥੇਬੰਦੀਆਂ ਦਾ ਪ੍ਰਤੀਕਰਮ

**ਕੌਮੀ ਪਤ੍ਰਿਕਾ**

**ਮਲਾਗਰ ਖਮਾਣੋਂ**

ਫਤਿਹਗੜ੍ਹ ਸਾਹਿਬ 31, ਦਸੰਬਰ: ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਕਨਵੀਨਰ ਸਤੀਸ਼ ਰਾਣਾ ਨੇ ਦੱਸਿਆ ਕਿ ਭਾਵੇਂ ਮੁਲਾਜ਼ਮਾਂ ਅਤੇ ਪੈਨਸ਼ਨਾਂ ਨੂੰ ਸਾਲ 2025 ਵਿੱਚ ਕੋਈ ਵੀ ਆਰਥਿਕ ਪ੍ਰਾਪਤੀ ਨਹੀਂ ਹੋਈ ਅਤੇ ਇਸ ਸਾਲ ਵੋਟਾਂ ਦੇ ਕਈ ਦੌਰ ਹੋਣ ਦੇ ਬਾਵਜੂਦ, ਅਸੀਂ ਸਾਲ 2026 ਲਈ ਮੁਲਾਜ਼ਮਾਂ ਦੇ ਸਾਂਝੇ ਮੰਚ ਨੂੰ ਬਚਾਉਣ ਵਿਚ ਕਾਮਯਾਬ ਰਹੇ , ਭਾਵੇਂ ਪੰਜਾਬ ਦੀਆਂ ਸਾਰੀਆਂ ਮੁਲਾਜ਼ਮ ਫੈਡਰੇਸ਼ਨਾਂ ਤੇ ਆਜ਼ਾਦ ਜਥੇਬੰਦੀਆਂ ਨੂੰ ਇੱਕ ਮੰਚ ਤੇ ਹੋਣ ਦੇ ਬਾਵਜੂਦ ਅਸੀਂ ਕਲੈਰੀਕਲ ਦੇ ਦੋਨੋਂ ਸਕੱਤਰੇਤ ਦੇ ਮੁਲਾਜ਼ਮਾਂ ਨੂੰ ਇਸ ਵੱਡੇ ਸਾਂਝੇ ਫਰੰਟ ਚ ਸਮੋਣ ਚ ਕਾਮਯਾਬ ਨਹੀਂ ਹੋਏ, ਇਸ ਲਈ 2025 ਭਾਵੇਂ ਸਰਕਾਰ ਪੱਖੋਂ ਮੁਲਾਜ਼ਮਾਂ ਲਈ ਫਿੱਕਾ ਹੀ ਰਿਹਾ ਪ੍ਰੰਤੂ 2026 ਲਈ ਮੁਲਾਜ਼ਮਾਂ ਤੇ ਪੈਨਸ਼ਨਾਂ ਸਮੇਤ ਕੱਚੇ ਅਤੇ ਦੋਵੇਂ ਸਕੱਤਰੇਤ ਦੇ ਮੁਲਾਜ਼ਮਾਂ ਨੂੰ ਨਾਲ ਲੈ ਕੇ ਇਤਿਹਾਸਿਕ ਸੰਘਰਸ਼ ਵੱਲ ਵਧਣ ਦੀ ਕੋਸ਼ਿਸ਼ ਕਰਾਂਗੀ।ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨੇ ਚਾਰ ਸਾਲਾਂ ਵਿੱਚ ਸਿਰਫ ਜਿਮਨੀ ਚੋਣ ਜਲੰਧਰ ਵਿਖੇ ਮੀਟਿੰਗ ਦੇ ਨਾਮ ਤੇ ਸਿਰਫ ਇੱਕ ਮੁਲਾਕਾਤ ਹੀ ਕੀਤੀ ਸੀ। ਜਿਸ ਸੂਬੇ ਦਾ ਮੁੱਖ ਮੰਤਰੀ ਮੁਲਾਜ਼ਮਾ ਤੇ ਪੈਨਸ਼ਨਰਾਂ ਨਾਲ ਮੀਟਿੰਗ ਨਹੀਂ ਕਰ ਰਿਹਾ, ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਰਕਾਰਾਂ ਤਾਂ ਬਦਲ ਜਾਂਦੀਆਂ ਹਨ ਪ੍ਰੰਤੂ ਨੀਤੀਆਂ ਨਹੀਂ ਬਦਲਦੀਆਂ ਇਸ ਲਈ ਮੁਲਾਜ਼ਮਾਂ ਲਈ ਸਾਲ 2025 ਵਿੱਚ ਵੀ ਕੁਝ ਵੀ ਨਵਾਂ ਹਾਸਲ ਨਹੀਂ ਹੋਇਆ ਸਾਲ 2025 ਮੁਲਾਜ਼ਮ ਲਹਿਰ ਲਈ ਬਹੁਤ ਸਵਾਲ ਛੱਡ ਗਿਆ ।ਅਧਿਆਪਕ ਆਗੂ ਬਿਕਰਮਦੇਵ ਸਿੰਘ ਨੇ ਦੱਸਿਆ ਕਿ ਸਮੁੱਚੀ ਮੁਲਾਜ਼ਮ ਲਹਿਰ ਵਿੱਚ ਅਧਿਆਪਕ ਜਥੇਬੰਦੀਆਂ ਦਾ ਆਗੂ ਰੋਲ ਹੁੰਦਾ ਹੈ ਸਾਲ 2025 ਵਿੱਚ ਮੁਲਾਜ਼ਮ ਲਹਿਰ ਗੰਭੀਰ ਸੰਕਟ ਦੇ ਦੌਰ ਚੋਂ ਗੁਜ਼ਰ ਰਹੀ ਹੈ ,ਜਿਸ ਦਾ ਅਸਰ ਮੁਲਾਜ਼ਮਾਂ ਤੇ ਵੀ ਪੈ ਰਿਹਾ ਹੈ ਭਾਵੇਂ ਬਾਹਰਮੁਖੀ ਹਾਲਤਾਂ ਮੁਲਾਜ਼ਮਾਂ ਦੇ ਪੱਖ ਵਿੱਚ ਹਨ ਪਰੰਤੂ ਮੁਲਾਜ਼ਮ ਲੀਡਰਸ਼ਿਪਾਂ ਮੌਜੂਦਾ ਹਾਲਤਾਂ ਵਿੱਚ ਸਾਂਝੇ ਸੰਘਰਸ਼ਾਂ ਦੀ ਦਿਸ਼ਾ ਨਹੀਂ ਤੈਅ ਕਰ ਸਕੀਆਂ, ਭਾਵੇਂ ਕਿ ਕਿਸਾਨ ਲਹਿਰ ਦਾ ਤਜਰਬਾ ਸਾਡੇ ਸਾਹਮਣੇ ਸੀ। ਸਾਲ 2025 ਚ,ਅਧਿਆਪਕ ਲਹਿਰ ਸੰਘਰਸ਼ਸ਼ੀਲ ਹੋਣ ਕਾਰਨ ਸਿਰਫ ਸਿੱਖਿਆ ਵਿਭਾਗ ਵਿੱਚ ਹੀ ਨਵੀਂ ਭਰਤੀ ਹੁੰਦੀ ਰਹੀ , ਭਾਵੇਂ ਉਹ ਪਿਛਲੀਆਂ ਸਰਕਾਰਾਂ ਵੱਲੋਂ ਤੈਅ ਕੀਤੀ ਗਈ ਸੀ,ਕਿਸੇ ਹੋਰ ਵਿਭਾਗ ਵਿੱਚ ਨਵੀਂ ਭਰਤੀ ਨਹੀਂ ਹੋਈ ।ਇਸ ਲਈ ਮੁਲਾਜ਼ਮ ਆਗੂਆਂ ਨੂੰ ਤੰਗ ਨਜਰ ਪਹੁੰਚ ਤਿਆਗ ਕੇ ਕੁਲ ਲਹਿਰ ਮੁਖੀ ਹੋਣਾ ਪਵੇਗਾ।



ਆਊਟਸੋਰਸਿੰਗ ਮੁਲਾਜ਼ਮਾਂ ਦੇ ਆਗੂ ਸਰਬਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਕੱਲਾ ਸਰਕਾਰਾਂ ਨੂੰ ਹੀ ਦੋਸ਼ ਦੇਣਾ ਠੀਕ ਨਹੀਂ, ਸਾਡੇ ਕੱਚੇ ਕਾਮਿਆਂ ਦੀਆਂ ਜਥੇਬੰਦੀਆਂ ਦੇ ਆਗੂ ਵੀ ਸਮੁੱਚੇ ਕੱਚੇ ਕਾਮਿਆਂ ਦੀ ਏਕਤਾ ਨਹੀਂ ਚਾਹੁੰਦੇ ,ਜਿਸ ਕੈਟਾਗਰੀ ਦਾ ਆਗੂ ਹੁੰਦਾ ਹੈ ਉਹ ਚਾਹੁੰਦਾ ਹੈ ਕਿ ਪਹਿਲਾਂ ਮੈਂ ਪੱਕਾ ਹੋ ਜਾਵਾਂ ਦੂਜਾ ਭਾਵੇਂ ਹੋਵੇ ਨਾ ਹੋਵੇ, ਇਹਨਾਂ ਕਿਹਾ ਕਿ ਜਦੋਂ ਐਕਟ 2016 ਬਣਿਆ ਸੀ ਤਾਂ ਇਸ ਨੂੰ ਲਾਗੂ ਕਰਾਉਣ ਲਈ ਆਗੂਆ ਨੇ ਹੱਥ ਪਿੱਛੇ ਖਿੱਚ ਲਏ ,ਜਿਸ ਕਾਰਨ ਆਊਟਸੋਰਸਿੰਗ ਕਾਮੇ ਜਿਉ ਦੇ ਤਿਉ ਰਹਿ ਗਏ ।ਸਾਲ 2025 ਚ ਆਟਸੋਰਸਿੰਗ ਕਾਮਿਆਂ ਦੀਆਂ ਤਨਖਾਹਾਂ ਵਿਚ ਪਾੜਾ ਹੋਰ ਵੱਡਾ ਹੋ ਗਿਆ ਹੈ, ਅੱਤ ਦੀ ਮਹਿੰਗਾਈ ਵਿੱਚ ਇਨੀਆਂ ਘੱਟ ਤਨਖਾਹਾਂ ਨਾਲ ਆਊਟਸੋਰਸਿੰਗ ਕਾਮਿਆਂ ਨੂੰ ਦੇ ਪਰਿਵਾਰਾਂ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਹੈ। ਇਸ ਲਈ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਘੱਟੋ ਘੱਟ ਉਜਰਤਾਂ ਦੇ ਬੇਸਕ ਵਿੱਚ ਵਾਧਾ ਕੀਤਾ ਜਾਵੇ ਜਾਂ ਚੰਡੀਗੜ੍ਹ ਦੇ ਬਰਾਬਰ ਤਨਖਾਹਾਂ ਕੀਤੀਆਂ ਜਾਣ।

ਜਲ ਸਪਲਾਈ ਸਕੀਮਾਂ ਚਲਾ ਰਹੇ ਨੇ ਇਨਲਿਸਟਮੈਂਟ ਵਰਕਰ ਜਗਤਾਰ ਸਿੰਘ ਰੱਤੋਂ ਨੇ ਦੱਸਿਆ ਕਿ ਜੇਕਰ ਮੁਲਾਜ਼ਮਾਂ ਦੀ ਦਰਜਾ ਬੰਦੀ ਕਰਨੀ ਹੋਵੇ ਤਾਂ ਅਸੀਂ ਸੱਤਵੇਂ ਦਰਜੇ ਵਿੱਚ ਆਉਂਦੇ ਹਾਂ ਸਮੁੱਚੇ ਭਾਰਤ ਵਿੱਚ ਇੱਕ ਪੰਜਾਬ ਹੀ ਸੂਬਾ ਇਹੋ ਜਿਹਾ ਹੈ ਜਿੱਥੇ ਵਰਕਰਾਂ ਨੂੰ ਠੇਕੇਦਾਰ ਬਣਾ ਦਿੱਤਾ ਗਿਆ ਸੀ ਇਹ ਨੀਤੀ ਭਗਵੰਤ ਮਾਨ ਸਰਕਾਰ ਵੱਲੋਂ ਨਹੀਂ ਲਿਆਂਦੀ ਸਗੋਂ ਇਹ ਪਿਛਲੀਆਂ ਸਰਕਾਰਾਂ ਵੱਲੋਂ ਲਿਆਂਦੀ ਗਈ ਹੈ। ਇਸ ਲਈ ਭਾਵੇਂ ਇਸ ਸਰਕਾਰ ਨੇ ਕੱਚੇ ਕਾਮਿਆਂ ਨੂੰ ਰੈਗੂਲਰ ਨਹੀਂ ਕੀਤਾ ਪਰ ਇਸ ਸਰਕਾਰ ਨੇ ਕਿਸੇ ਵੀ ਕਾਮੇ ਦੀ ਛਾਂਟੀ ਨਹੀਂ ਕੀਤੀ ਸਗੋਂ ਸਾਡੇ ਇਨਲਿਸਟਮੈਂਟ ਤੇ ਕੰਮ ਕਰਦੇ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਵਾਧਾ ਕੀਤਾ ਹੈ। ਸੋ ਉਜਰਤਾਂ ਦੇ ਮਾਮਲੇ ਵਿੱਚ ਸਾਲ 2025 ਸਾਡੇ ਕੰਮ ਆ ਲਈ ਕੁਝ ਹੱਦ ਤੱਕ ਠੀਕ ਹੀ ਰਿਹਾ

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਇਫਟੂ ਦੇ ਸੂਬਾ ਆਗੂ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਸਾਲ 2025 ਉਸਾਰੀ ਮਜ਼ਦੂਰਾਂ, ਮਿਸਤਰੀਆਂ ਅਤੇ ਫੈਕਟਰੀ ਮਜ਼ਦੂਰਾਂ ਲਈ ਬਹੁਤ ਘਾਤਕ ਸਿੱਧ ਹੋਇਆ ਹੈ ਕਿਉਂਕਿ ਇਹ ਸਾਲ ਵਿੱਚ ਮਜ਼ਦੂਰਾਂ ਦੀ ਭਲਾਈ ਹਿੱਤ ਬਣੇ ਲੇਬਰ ਕਾਨੂੰਨਾਂ ਵਿੱਚੋਂ 29 ਲੇਬਰ ਕਾਨੂੰਨਾਂ ਨੂੰ ਭੰਗ ਕਰਕੇ ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਚਾਰ ਲੇਬਰ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਇਸ ਤਬਦੀਲੀ ਨਾਲ ਜਿੱਥੇ ਮਜ਼ਦੂਰਾਂ ਦੀ ਸਰਮਾਏਦਾਰ ਹੋਰ ਰੱਤ ਨਿਚੋੜਨਗੇ ਉੱਥੇ ਇਹਨਾਂ ਕਾਨੂੰਨਾਂ ਦਾ ਅਸਰ ਉਸਾਰੀ ਨਾਲ ਸੰਬੰਧਿਤ ਮਿਸਤਰੀਆਂ ਮਜ਼ਦੂਰਾਂ ਤੇ ਵੀ ਪਵੇਗਾ।

ਲੇਬਰ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਸਿਮਰੂ ਨੇ ਕਿਹਾ ਕਿ ਸਾਲ 2025 ਪੰਜਾਬ ਹੜ੍ਹਾਂ ਦੀ ਲਪੇਟ ਵਿੱਚ ਰਿਹਾ, ਜਿਸ ਕਾਰਨ ਉਸਾਰੀ ਦੇ ਕੰਮ ਬਹੁਤ ਪਛੜ ਗਏ ,ਮਜ਼ਦੂਰਾਂ ਤੇ ਮਿਸਤਰੀਆਂ ਕੋਲ ਉਸਾਰੀ ਦੇ ਕੰਮਾਂ ਵਿੱਚ ਭਾਰੀ ਖੜੋਤ ਆਈ ਹੈ ਅਤੇ ਉਹਨਾਂ ਦੱਸਿਆ ਕਿ ਜਿੱਥੇ ਇੱਕ ਪਾਸੇ ਹੜ੍ਹਾਂ ਦੀ ਮਾਰ ਕਰਕੇ ਮਜ਼ਦੂਰਾਂ ਮਿਸਤਰੀਆਂ ਦੇ ਹੱਥ ਵਿਹਲੇ ਹੋ ਚੁੱਕੇ ਸਨ ਉੱਥੇ ਹੀ ਨਾਂ ਤਾਂ ਲੇਬਰ ਵਿਭਾਗ ਵੱਲੋਂ ਉਸਾਰੀ ਦੇ ਮਿਸਤਰੀਆਂ ਮਜ਼ਦੂਰਾਂ ਦੀ ਬਾਂਹ ਫੜੀ ਗਈ ਅਤੇ ਨਾ ਹੀ ਉਹਨਾਂ ਵੱਲੋਂ ਕੋਈ ਸਹਾਇਤਾ ਰਾਸ਼ੀ ਪਈ ਗਈ, ਸਗੋਂ ਕੁਝ ਫਿਰਕੂ ਤਾਕਤਾਂ ਵੱਲੋਂ ਪ੍ਰਵਾਸੀ ਤੇ ਪੰਜਾਬੀ ਮਜ਼ਦੂਰਾਂ ਦੀ ਏਕਤਾ ਨੂੰ ਸੰਨ ਲਾਉਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਜੋ ਪੰਜਾਬ ਦੇ ਇਨਸਾਫ ਪਸੰਦ ਲੋਕਾਂ ਅਤੇ ਮਜ਼ਦੂਰਾਂ ਦੀ ਏਕਤਾ ਸਦਕਾ ਉਹ ਸਫਲ ਨਹੀਂ ਹੋ ਸਕੀਆਂ। ਇਸ ਲਈ ਸਾਲ 2025 ਉਸਾਰੀ ਦੇ ਮਜ਼ਦੂਰਾਂ ਮਿਸਤਰੀਆਂ ਲਈ ਵੀ ਇੱਕ ਚੁਣੌਤੀ ਭਰਪੂਰ ਰਿਹਾ।

## ਔਰਤਾਂ ਦੇ ਖਾਤਿਆਂ ’ਚ ਆਉਂਦੇ ਰਹਿਣਗੇ ਹਰ ਮਹੀਨੇ 1500 ਰੁਪਏ ! ਬੱਸ ਜਲਦੀ ਕਰ ਲਓ ਇਹ ਕੰਮ

ਵੈੱਬ ਡੈਸਕ 31 ਦਸੰਬਰ। ਜੇਕਰ ਤੁਸੀਂ ਮਹਾਰਾਸ਼ਟਰ ਸਰਕਾਰ ਦੀ ਮੁੱਖ ਮੰਤਰੀ ਮਾਝੀ ਲਾਡਕੀ ਬਹਿਣ ਯੋਜਨਾ ਦੇ ਲਾਭਪਾਤਰੀ ਹੋ ਤਾਂ ਤੁਹਾਡੇ ਲਈ ਇਹ ਜਾਣਕਾਰੀ ਬਹੁਤ ਮਹੱਤਵਪੂਰਨ ਹੈ। ਸਰਕਾਰ ਨੇ ਇਸ ਯੋਜਨਾ ਦਾ ਲਾਭ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਲਈ ਈ-ਕੇਵਾਈਸੀ ਕਰਵਾਉਣਾ ਲਾਜ਼ਮੀ ਕਰ ਦਿੱਤਾ ਹੈ। ਜੇਕਰ ਤੁਸੀਂ ਤੈਅ ਸਮੇਂ ਦੇ ਅੰਦਰ ਇਹ ਪ੍ਰਕਿਰਿਆ ਪੂਰੀ ਨਹੀਂ ਕਰਦੇ ਤਾਂ ਤੁਹਾਡੀ ਮਹੀਨਾਵਾਰ ਕਿਸ਼ਤ ਰੁਕ ਸਕਦੀ ਹੈ। ਇਸ ਕਲਿਆਣਕਾਰੀ ਯੋਜਨਾ ਦੇ ਤਹਿਤ ਪਾਤਰ ਔਰਤਾਂ ਨੂੰ ਹਰ ਮਹੀਨੇ 1500 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ, ਜਿਸ ਨਾਲ ਸਾਲਾਨਾ ਕੁੱਲ 18,000 ਰੁਪਏ ਸਿੱਧੇ ਬੈਂਕ ਖਾਤੇ ਵਿੱਚ ਟ?ਰਾਂਸਫਰ ਕੀਤੇ ਜਾਂਦੇ ਹਨ। ਇਹ ਯੋਜਨਾ ਜੂਨ 2024 ਵਿੱਚ ਔਰਤਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸੀ। ਇਸ ਦਾ ਲਾਭ 21 ਤੋਂ 65 ਸਾਲ ਦੀ ਉਮਰ ਦੀਆਂ ਉਨ੍ਹਾਂ ਔਰਤਾਂ ਨੂੰ ਮਿਲਦਾ ਹੈ, ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 2.5 ਲੱਖ ਰੁਪਏ ਤੋਂ ਵੱਧ ਨਹੀਂ ਹੈ। ਸਰਕਾਰ ਦਾ ਕਹਿਣਾ ਹੈ ਕਿ ਯੋਜਨਾ ਦਾ ਲਾਭ ਸਿਰਫ਼ ਸਹੀ ਅਤੇ ਪਾਤਰ ਲਾਭਪਾਤਰੀਆਂ ਤੱਕ ਪਹੁੰਚ ਸਕੇ, ਇਸ ਲਈ ਹਰ ਸਾਲ ਈ-ਕੇਵਾਈਸੀ ਕਰਵਾਉਣਾ ਜ਼ਰੂਰੀ ਹੈ। ਮਹਿਲਾ ਤੇ ਬਾਲ ਵਿਕਾਸ ਮੰਤਰੀ ਅਦਿਤੀ ਤਟਕਰੇ ਨੇ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ 31 ਦਸੰਬਰ 2025 ਤੋਂ ਪਹਿਲਾਂ ਆਪਣੀ ਈ-ਕੇਵਾਈਸੀ ਪ੍ਰਕਿਰਿਆ ਪੂਰੀ ਕਰ ਲੈਣ।



## ਚੱਲਦੀ ਕਾਰ ਬਣੀ ਅੱਗ ਦਾ ਗੋਲਾ, ਡਰਾਈਵਰ ਨੇ ਛਾਲ ਮਾਰ ਬਚਾਈ ਜਾਨ

ਨੋਇਡਾ 31 ਦਸੰਬਰ। ਗੌਤਮਬੁੱਧਨਗਰ ਜ਼ਿਲ੍ਹੇ ’ਚ ਨੋਇਡਾ ਐਕਸਪ੍ਰੈੱਸਵੇਅ ’ਤੇ ਐਤਵਾਰ ਦੇਰ ਰਾਤ ਇਕ ਚੱਲਦੀ ਕਾਰ ’ਚ ਅਣਪਛਾਤੇ ਕਾਰਨਾਂ ਕਰ ਕੇ ਅੱਗ ਲੱਗ ਗਈ ਅਤੇ ਕਾਰ ਡਰਾਈਵਰ ਨੇ ਵਾਹਨ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਿਆ ਹੈ। ਮੁੱਖ ਫਾਇਰ ਬ੍ਰਿਗੇਡ ਅਧਿਕਾਰੀ ਪ੍ਰਦੀਪ ਕੁਮਾਰ ਚੌਬੇ ਨੇ ਦੱਸਿਆ ਕਿ ਮਾਯਚਾ ਪਿੰਡ ਵਾਸੀ ਭੂਪੇਂਦਰ ਗ੍ਰੇਟਰ ਨੋਇਡਾ ਤੋਂ ਨੋਇਡਾ ਜਾ ਰਹੇ ਸਨ, ਉਦੋਂ ਉਨ੍ਹਾਂ ਦੀ ਕਾਰ ’ਚ ਅਚਾਨਕ ਅੱਗ ਲੱਗ ਗਈ ਅਤੇ ਉਨ੍ਹਾਂ ਨੇ ਚੱਲਦੀ ਕਾਰ ਤੋਂ ਛਾਲ ਮਾਰ ਆਪਣੇ ਜਾਨ ਬਚਾਈ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ’ਤੇ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ ’ਤੇ ਪਹੁੰਚੀ ਅਤੇ ਅੱਗ ’ਤੇ ਕਾਬੂ ਪਾਇਆ ਗਿਆ ਪਰ ਕਾਰ ਪੂਰੀ ਤਰ੍ਹਾਂ ਸੜ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਇਸ ਘਟਨਾ ਦੇ ਕਾਰਨ ਐਕਸਪ੍ਰੈੱਸਵੇਅ ’ਤੇ ਕੁਝ ਦੇਰ ਆਵਾਜਾਈ ਪ੍ਰਭਾਵਿਤ ਰਹੀ।

## ਕਪੂਰਥਲਾ ’ਚ ਲੁੱਟ ਦੀ ਵਾਰਦਾਤ ! ਦੋਆਬਾ ਫਿਲਿੰਗ ਸਟੇਸ਼ਨ ’ਤੇ ਦੋ ਪੈਟਰੋਲ ਪੰਪਾਂ ਨੂੰ ਬਣਾਇਆ ਨਿਸ਼ਾਨਾ

ਕਪੂਰਥਲਾ 31 ਦਸੰਬਰ। ਕਪੂਰਥਲਾ ਦੇ ਦੋਆਬਾ ਫਿਲਿੰਗ ਸਟੇਸ਼ਨ ’ਤੇ ਬੀਤੀ ਰਾਤ ਤਿੰਨ ਅਣਪਛਾਤੇ ਵਿਅਕਤੀਆਂ ਨੇ ਦੋ ਪੈਟਰੋਲ ਪੰਪਾਂ ’ਤੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਸਿੱਧਵਾ ਦੋਨਾ ਅਤੇ ਰਾਜਾਪੁਰ ਦੇ ਪੈਟਰੋਲ ਪੰਪਾਂ ਤੋਂ ਲਗਭਗ ?44,000 ਅਤੇ ?4,500 ਦੀ ਨਕਦੀ ਚੋਰੀ ਹੋ ਗਈ। ਨਕਾਬਪੋਸ਼ ਵਿਅਕਤੀਆਂ ਨੇ ਪਹਿਲਾਂ ਕਰਮਚਾਰੀਆਂ ਨੂੰ ਧਮਕੀਆਂ ਦਿੱਤੀਆਂ ਅਤੇ ਫਿਰ ਪੈਟਰੋਲ ਪੰਪਾਂ ’ਤੇ ਇਕੱਠੀ ਕੀਤੀ ਨਕਦੀ ਚੋਰੀ ਕਰ ਲਈ। ਘਟਨਾ ਦੀ ਸੀਸੀਟੀਵੀ ਫੁਟੇਜ ਵਾਇਰਲ ਹੋ ਰਹੀ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਕਿਸੇ ਅਧਿਕਾਰੀ ਨੇ ਕੋਈ ਟਿੱਪਣੀ ਨਹੀਂ ਕੀਤੀ ਹੈ। ਪੁਲਸ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ।

## ਹੁਸ਼ਿਆਰਪੁਰ ’ਚ ਪੰਜਾਬ ਪੁਲਸ ਨੇ ਕਰ ’ਤਾ ਵੱਡਾ ਐਨਕਾਊਂਟਰ !

ਹੁਸ਼ਿਆਰਪੁਰ/ਮਾਹਿਲਪੁਰ 31 ਦਸੰਬਰ। ਹੁਸ਼ਿਆਰਪੁਰ ਵਿਚ ਪੰਜਾਬ ਪੁਲਸ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਮਾਹਿਲਪੁਰ ਵਿੱਚ ਮਨੀ ਚੇਂਜਰ ਦੀ ਦੁਕਾਨ ’ਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਦਾ ਅੱਜ ਸਵੇਰੇ ਪਿੰਡ ਰਾਮਪੁਰ ਬਿਲੜੋ ਗੜ੍ਹਸ਼ੰਕਰ ਇਲਾਕੇ ਵਿੱਚ ਪੁਲਸ ਨੇ ਐਨਕਾਊਂਟਰ ਕੀਤਾ ਹੈ। ਇਹ ਵੀ ਪੜ੍ਹੋ: ਜਲੰਧਰ-ਲੁਧਿਆਣਾ ਹਾਈਵੇਅ ’ਤੇ ਵੱਡਾ ਹਾਦਸਾ! ਪੰਜਾਬ ਰੋਡਵੇਜ਼ ਬੱਸ ਦੀ ਟਿੱਪਰ ਨਾਲ ਭਿਆਨਕ ਟੱਕਰ, ਉੱਡੇ ਪਰਖੱਚੇ ਮੌਕੇ ਉਤੇ ਪਹੁੰਚੇ ਡੀ. ਐੱਸ. ਪੀ. ਦਲਜੀਤ ਸਿੰਘ ਖੱਖ ਨੇ ਦੱਸਿਆ ਕਿ ਅੱਜ ਸਵੇਰੇ ਲੁਟੇਰਿਆਂ ਤੇ ਪੁਲਸ ਨਾਲ ਹੋਏ ਮੁਕਾਬਲੇ ਵਿਚ ਇਕ ਲੁਟੇਰਾ ਜ਼ਖ਼ਮੀ ਹੋਇਆ ਹੈ।

## ਕਾਰ ਦੀ ਟੱਕਰ ਕਾਰਨ ਨੌਜਵਾਨ ਦੀ ਹੋਈ ਦਰਦਨਾਕ ਮੌਤ ! 10 ਦਿਨ ਬਾਅਦ ਹੀ ਜਾਣਾ ਸੀ ਪੁਰਤਗਾਲ

ਅੰਬਾਲਾ 31 ਦਸੰਬਰ। ਹਰਿਆਣਾ ਦੇ ਅੰਬਾਲਾ ’ਚ ਇਕ ਦਰਦਨਾਕ ਹਾਦਸਾ ਵਾਪਰਿਆ। ਇੱਥੇ ਸਕੂਟਰ ’ਤੇ ਘਰ ਪਰਤ ਰਹੇ 32 ਸਾਲਾ ਇਕ




ਵਿਅਕਤੀ ਨੂੰ ਕਾਰ ਨੇ ਟੱਕਰ ਮਾਰ ਦਿੱਤੀ। ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਇਹ ਘਟਨਾ ਐਤਵਾਰ ਸ਼ਾਮ ਵਾਪਰੀ। ਪੀੜਤ ਸੰਜੀਤ ਕੁਮਾਰ ਆਪਣੇ ਘਰ ਜਾ ਰਹੇ ਸਨ, ਉਦੋਂ ਉਨ੍ਹਾਂ ਦੇ ਦੋਪਹੀਆ ਵਾਹਨ ਨੂੰ ਇਕ ਕਾਰ ਨੇ ਟੱਕਰ ਮਾਰ ਦਿੱਤੀ। ਟੱਕਰ ਕਾਰਨ ਉਹ ਸੜਕ ’ਤੇ ਡਿੱਗ ਗਏ ਅਤੇ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ। ਉਨ੍ਹਾਂ ਨੂੰ ਅੰਬਾਲਾ ਛਾਉਣੀ ਸਥਿਤ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਬਾਅਦ ਕਾਰ ਡਰਾਈਵਰ ਫਰਾਰ ਹੋ ਗਿਆ। ਪੁਲਸ ਨੇ ਦੱਸਿਆ ਕਿ ਸੰਜੀਤ ਪਿਛਲੇ 4 ਸਾਲਾਂ ਤੋਂ ਪੁਰਤਗਾਲ ’ਚ ਰਹਿ ਰਹੇ ਸਨ ਅਤੇ 2 ਮਹੀਨੇ ਪਹਿਲਾਂ ਆਪਣੇ ਪਰਿਵਾਰ ਨੂੰ ਮਿਲਣ ਲਈ ਅੰਬਾਲਾ ਛਾਉਣੀ ਆਏ ਸ਼ਨ। ਪੁਲਸ ਨੂੰ ਦਿੱਤੀ ਗਈ ਆਪਣੀ ਸ਼ਿਕਾਇਤ ’ਚ ਸੰਜੀਤ ਦੇ ਪਿਤਾ ਬਜਰੰਗ ਲਾਲ ਨੇ ਕਿਹਾ ਕਿ ਉਨ੍ਹਾਂ ਦੇ ਪੁੱਤ ਨੇ 8 ਜਨਵਰੀ ਨੂੰ ਪੁਰਤਗਾਲ ਜਾਣਾ ਸੀ। ਉਨ੍ਹਾਂ ਦੱਸਿਆ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਜਾਰੀ ਹੈ।

# ਸਾਬਕਾ ਮੰਤਰੀ ’ਤੇ ਹਮਲੇ ਦੇ ਮਾਮਲੇ ’ਚ ਸਾਬਕਾ ਭਾਜਪਾ ਵਿਧਾਇਕ ਸਣੇ 26 ਲੋਕਾਂ ’ਤੇ ਪ੍ਰਤਾਪਗੜ੍ਹ ’ਚ ਕੇਸ ਦਰਜ

**ਕੌਮੀ ਪਤ੍ਰਿਕਾ**

ਪ੍ਰਤਾਪਗੜ੍ਹ 31 ਦਸੰਬਰ। ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਰਾਣੀਗੰਜ ਖੇਤਰ ’ਚ ਸਿਆਸੀ ਰੰਜਿਸ਼ ਕਾਰਨ ਸਾਬਕਾ ਮੰਤਰੀ ਸ਼ਿਵਾਕਾਂਤ ਓਝਾ ਅਤੇ ਉਨ੍ਹਾਂ ਦੇ ਸਮਰਥਕਾਂ ਨਾਲ ਕੁੱਟਮਾਰ ਕਰਨ ਅਤੇ ਕਾਰ ਦੀ ਭੰਨਤੋੜ ਕਰਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਸਬੰਧੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਾਬਕਾ ਵਿਧਾਇਕ ਅਭੈ ਕੁਮਾਰ ਉਰਫ਼ ਧੀਰਜ ਓਝਾ ਅਤੇ ਬਲਾਕ ਪ੍ਰਮੁੱਖ ਸਮੇਤ 6 ਨਾਮਜ਼ਦ ਅਤੇ 20 ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਰਾਣੀਗੰਜ ਦੇ ਨਿਵਾਸੀ ਲਾਲਮਣੀ ਤਿਵਾੜੀ ਨੇ ਦੱਸਿਆ ਕਿ ਇਹ ਘਟਨਾ 27 ਦਸੰਬਰ ਦੀ ਰਾਤ ਨੂੰ ਵਾਪਰੀ। ਉਸ ਸਮੇਂ ਉਹ ਸਾਬਕਾ ਮੰਤਰੀ ਸ਼ਿਵਾਕਾਂਤ ਓਝਾ ਅਤੇ ਉਨ੍ਹਾਂ ਦੇ ਪੁੱਤਰ ਪੂਰਨਾਂਸ਼ੂ ਓਝਾ (ਸਾਬਕਾ ਬਲਾਕ ਪ੍ਰਮੁੱਖ) ਨਾਲ ਰਿਹਾਇਸ਼ ਵੱਲ ਪਰਤ ਰਹੇ ਸਨ। ਦੋਸ਼ ਹੈ ਕਿ ਰਾਣੀਗੰਜ ਰੇਲਵੇ ਕਰਾਸਿੰਗ ਨੇੜੇ ਸਾਬਕਾ ਵਿਧਾਇਕ ਅਭੈ ਕੁਮਾਰ, ਉਨ੍ਹਾਂ ਦੇ ਭਤੀਜੇ ਸਤਯਮ ਓਝਾ (ਬਲਾਕ ਪ੍ਰਮੁੱਖ), ਭਰਾ ਨੀਰਜ ਓਝਾ ਅਤੇ ਹੋਰ ਸਾਥੀਆਂ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ। ਸ਼ਿਕਾਇਤ ਅਨੁਸਾਰ, ਮੁਲਜ਼ਮਾਂ ਨੇ ਗਾਲੀ-ਗਲੋਚ ਕਰਦਿਆਂ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਸਾਬਕਾ ਵਿਧਾਇਕ ਨੇ ਪਿਸਤੌਲ ਦੇ ਬੱਟ ਨਾਲ ਕਾਰ ਦੇ ਸ਼ੀਸ਼ੇ ਤੋੜ ਦਿੱਤੇ। ਇਸ ਤੋਂ ਬਾਅਦ ਸਮਰਥਕਾਂ ਨੂੰ ਕਾਰ ’ਚੋਂ ਕੱਢ ਕੇ ਬੇਰਹਿਮੀ ਨਾਲ ਕੁੱਟਿਆ ਗਿਆ। ਜਦੋਂ ਸਰਕਾਰੀ ਗਨਰ ਰਵੀ ਸਿੰਘ ਨੇ ਬਚਾਅ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਪੁਲਸ ਸੂਤਰਾਂ ਮੁਤਾਬਕ, ਤਹਿਰੀਰ ਦੇ ਆਧਾਰ ’ਤੇ ਅਭੈ ਕੁਮਾਰ ਓਝਾ, ਸਤਯਮ ਓਝਾ, ਨੀਰਜ ਓਝਾ ਅਤੇ ਉਨ੍ਹਾਂ ਦੇ ਸਾਥੀਆਂ ਸਮੇਤ ਕੁੱਲ 26 ਮੁਲਜ਼ਮਾਂ ਵਿਰੁੱਧ ਸੋਮਵਾਰ ਰਾਤ ਨੂੰ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਵੱਲੋਂ ਇਸ ਪੂਰੀ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਦਾਜ ਦੀ ਮੰਗ ਨੂੰ ਲੈ ਕੇ ਵਿਆਹੁਤਾ ਨੂੰ ਕੁੱਟਮਾਰ ਕਰ ਕੇ ਘਰੋਂ ਕੱਢਿਆ

ਫਿਰੋਜ਼ਪੁਰ 31 ਦਸੰਬਰ। ਦਾਜ ਦੀ ਮੰਗ ਪੂਰੀ ਨਾ ਹੋਣ ਕਾਰਨ ਵਿਆਹੁਤਾ ਦੀ ਕੁੱਟਮਾਰ ਕਰ ਕੇ ਘਰੋਂ ਕੱਢਣ ਦੇ ਦੋਸ਼ ਹੇਠ ਥਾਣਾ ਵੂਮੈਨ ਸੈੱਲ ਪੁਲਸ ਨੇ ਤਿੰਨ ਲੋਕਾਂ ਦੇ ਖ਼?ਲਾਫ਼ ਪਰਚਾ ਦਰਜ ਕੀਤਾ ਹੈ। ਏ. ਐੱਸ. ਆਈ. ਦਰਸ਼ਨ ਸਿੰਘ ਨੇ ਦੱਸਿਆ ਕਿ ਪੀੜਤਾ ਸਲੋਨੀ ਵਾਸੀ ਗੁਰੂਹਰਸਹਾਏ ਨੇ ਜ਼ਿਲ੍ਹਾ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਵਿਆਹ ਫਰਵਰੀ 2013 ’ਚ ਕਰਨ ਢੀਂਗੜਾ ਵਾਸੀ ਲੁਧਿਆਣਾ ਦੇ ਨਾਲ ਹੋਇਆ ਸੀ। ਵਿਆਹ ਵੇਲੇ ਉਸ ਦੇ ਮਾਪਿਆਂ ਨੇ ਆਪਣੀ ਹੈਸੀਅਤ ਅਨੁਸਾਰ ਦਾਜ ਆਦਿ ਦਿੱਤਾ ਸੀ। ਉਸ ਨੇ ਦੋਸ਼ ਲਾਏ ਕਿ ਉਸ ਦਾ ਪਤੀ ਕਰਨ ਢੀਂਗੜਾ, ਸੱਸ ਆਸ਼ੂ ਢੀਂਗੜਾ ਅਤੇ ਸਹੁਰਾ ਅਸ਼ਵਨੀ ਢੀਂਗੜਾ ਇਸ ਦਾਜ ਤੋਂ ਖੁਸ਼ ਨਹੀਂ ਸਨ ਅਤੇ ਅਕਸਰ ਉਸ ਨੂੰ ਹੋਰ ਦਾਜ ਲਿਆਉਣ ਦੀ ਮੰਗ ਰੱਖਦੇ ਹੋਏ ਤੰਗ ਕਰਦੇ ਰਹਿੰਦੇ ਸਨ। ਉਸ ਨੇ ਦੋਸ਼ ਲਾਏ ਕਿ ਜੁਲਾਈ ਮਹੀਨੇ ’ਚ ਇਸੇ ਮੰਗ ਕਾਰਨ ਤਿੰਨਾਂ ਨੇ ਉਸ ਦੀ ਕੁੱਟਮਾਰ ਕਰ ਕੇ ਘਰੋਂ ਕੱਢ ਦਿੱਤਾ। ਏ. ਐੱਸ. ਆਈ. ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ’ਚ ਦੋਸ਼ ਸਹੀ ਪਾਏ ਜਾਣ ਉਪਰੰਤ ਤਿੰਨਾਂ ਦੇ ਖ਼?ਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਜਵੈਲਰੀ ਸ਼ਾਪ ’ਚ ਕਰੋੜਾਂ ਦੀ ਚੋਰੀ ! ਗਠੜੀਆਂ ਭਰ-ਭਰ ਲੈ ਗਏ ਸੋਨਾ-ਚਾਂਦੀ

**ਕੌਮੀ ਪਤ੍ਰਿਕਾ**

ਨੂਹ 31 ਦਸੰਬਰ। ਹਰਿਆਣਾ ਦੇ ਨੂਹ ਵਿੱਚ ਚੋਰਾਂ ਨੇ ਇੱਕ ਗਹਿਣਿਆਂ ਦੀ ਦੁਕਾਨ ਤੋਂ ਕਰੋੜਾਂ ਰੁਪਏ ਦੇ ਗਹਿਣੇ ਚੋਰੀ ਕਰ ਲਏ। ਚਿਹਰੇ ’ਤੇ ਕਾਲੇ ਮਾਸਕ ਪਹਿਨੇ 6 ਅਪਰਾਧੀ ਸ਼ੋਅਰੂਮ ਵਿੱਚ ਪਹੁੰਚੇ। ਸਾਰੇ ਹਥਿਆਰਾਂ ਨਾਲ ਲੈਸ ਸਨ। ਫਿਰ ਉਨ੍ਹਾਂ ਨੇ ਦੁਕਾਨ ਦਾ ਸ਼ਟਰ ਤੋੜ ਦਿੱਤਾ ਅਤੇ ਅੰਦਰ ਰੱਖੇ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਨੂੰ ਲੈ ਕੇ ਫਰਾਰ ਗਏ। ਇਸ ਘਟਨਾ ਦੀ ਇੱਕ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਅਪਰਾਧੀ ਚੋਰੀ ਦੇ ਸਾਮਾਨ ਨੂੰ ਗਠੜੀਆਂ ਵਿੱਚ ਬੰਨ੍ਹ ਕੇ ਲੈ ਜਾਂਦੇ ਹੋਏ ਦਿਖਾਈ ਦੇ ਰਹੇ ਹਨ। ਜਵੈਲਰ ਹਰੀਓਮ ਸੋਨੀ ਦਾ ਕਹਿਣਾ ਹੈ ਕਿ ਉਹ ਰਾਤ ਨੂੰ ਦੁਕਾਨ ਨੂੰ ਤਾਲਾ ਲਗਾ ਕੇ ਘਰ ਚਲਾ ਗਿਆ, ਜਿਸ ਤੋਂ ਬਾਅਦ ਉਸਨੂੰ ਸੂਚਨਾ ਮਿਲੀ ਕਿ ਦੁਕਾਨ ਦਾ ਤਾਲਾ ਟੁੱਟਿਆ ਹੋਇਆ ਹੈ। ਪੁਲਸ ਨੇ ਜਵੈਲਰ ਦੀ ਸ਼ਿਕਾਇਤ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਸੀਸੀਟੀਵੀ ਫੁਟੇਜ ਰਾਹੀਂ ਦੋਸ਼ੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੀਡੀਓ ’ਚ ਦੇਖਿਆ ਜਾ ਸਕਦਾ ਹੈ ਕਿ ਨੂਹ ਦੇ ਪਿੰਗਵਾਨ ਕਸਬੇ ਦੇ ਮੁੱਖ ਬਾਜ਼ਾਰ ਵਿੱਚ ਸ਼ਨੀਵਾਰ-ਐਤਵਾਰ ਦੇਰ ਰਾਤ 6 ਅਪਰਾਧੀ ਇੱਕ ਗਹਿਣਿਆਂ ਦੀ ਦੁਕਾਨ ਵਿੱਚ ਦਾਖਲ ਹੋਏ। ਇਹ ਘਟਨਾ ਸਵੇਰੇ 3 ਵਜੇ ਦੇ ਕਰੀਬ ਵਾਪਰੀ। ਸਵੇਰੇ ਜਦੋਂ ਨੇੜਲੇ ਦੁਕਾਨਦਾਰਾਂ ਨੇ ਦੁਕਾਨ ਦਾ ਸ਼ਟਰ ਟੁੱਟਿਆ ਦੇਖਿਆ ਤਾਂ



ਉਨ੍ਹਾਂ ਨੇ ਦੁਕਾਨ ਦੇ ਮਾਲਕ ਹਰੀਓਮ ਸੋਨੀ ਨੂੰ ਸੂਚਿਤ ਕੀਤਾ। ਅਪਰਾਧੀ ਦੁਕਾਨ ਦੇ ਨੇੜੇ ਇੱਕ ਤੰਗ ਗਲੀ ਤੋਂ ਆਏ ਸਨ। ਉਨ੍ਹਾਂ ਸਾਰਿਆਂ ਨੇ ਸ਼ਾਲਾਂ ਅਤੇ ਮਾਸਕ ਨਾਲ ਆਪਣੇ ਚਿਹਰੇ ਢੱਕੇ ਹੋਏ ਸਨ। ਉਨ੍ਹਾਂ ਵਿੱਚੋਂ ਇੱਕ ਨੇ ਆਪਣੀ ਪਿੱਠ ’ਤੇ ਨੀਲਾ ਬੈਗ ਚੁੱਕਿਆ ਹੋਇਆ ਸੀ। ਸ਼ੱਕ ਹੈ ਕਿ ਅਪਰਾਧੀ ਇਸ ਬੈਗ ਵਿੱਚ ਸੋਨੇ ਦੇ ਗਹਿਣੇ ਲੈ ਗਏ ਸਨ। ਇੱਕ ਹੋਰ ਸਾਥੀ ਕੋਲ ਇੱਕ ਹੈਂਡਬੈਗ ਵੀ ਸੀ। ਦੁਕਾਨ ਵਿੱਚ ਦਾਖਲ ਹੋਣ ਤੋਂ ਬਾਅਦ ਅਪਰਾਧੀਆਂ ਨੇ ਪਹਿਲਾਂ ਹਰ ਜਗ?ਹਾ ਕੀਮਤੀ ਸਮਾਨ ਦੀ ਜਾਂਚ ਕੀਤੀ। ਇਸ ਤੋਂ ਬਾਅਦ ਇੱਕ ਅਪਰਾਧੀ ਨੇ ਆਪਣੇ ਹੱਥਾਂ ਨਾਲ ਸੋਨੇ ਅਤੇ ਚਾਂਦੀ ਦੇ ਗਹਿਣੇ ਅਤੇ ਹੋਰ ਸਮਾਨ ਨੂੰ ਇੱਕ ਗਠੜੀ ਵਿੱਚ ਪੈਕ ਕਰਨਾ ਸ਼ੁਰੂ ਕਰ ਦਿੱਤਾ। ਲਗਭਗ 12 ਮਿੰਟਾਂ ਵਿੱਚ ਅਪਰਾਧੀਆਂ ਨੇ ਸਾਮਾਨ ਚੋਰੀ ਕਰ ਲਿਆ ਅਤੇ ਫਰਾਰ ਹੋ ਗਏ। ਅਪਰਾਧੀ ਹਥਿਆਰਾਂ ਨਾਲ ਲੈਸ ਹੋ ਕੇ ਦੁਕਾਨ ’ਤੇ ਪਹੁੰਚੇ। ਇੱਕ ਵਿਅਕਤੀ ਮੋਢੇ ’ਤੇ ਬੰਦੂਕ ਲਟਕਾਉਂਦਾ ਦਿਖਾਈ ਦੇ ਰਿਹਾ ਹੈ। ਉਹ ਦੂਜੇ ਅਪਰਾਧੀਆਂ ਦੇ ਪਿੱਛੇ ਚੱਲ ਰਿਹਾ ਹੈ। ਅਪਰਾਧੀਆਂ ਵਿੱਚੋਂ ਇੱਕ ਲੋਹੇ ਦੀ ਪਾਈਪ ਵੀ ਲੈ ਕੇ ਜਾਂਦਾ ਦਿਖਾਈ ਦੇ ਰਿਹਾ ਹੈ। ਪਿੱਛੇ ਤੁਰ ਰਹੇ ਅਪਰਾਧੀ ਨੇ ਦਸਤਾਨੇ ਵੀ ਪਾਏ ਹੋਏ ਸਨ। ਚੋਰੀ ਕਰਨ ਤੋਂ ਬਾਅਦ ਅਪਰਾਧੀ ਗਹਿਣਿਆਂ ਨੂੰ ਗਠੜੀਆਂ ਵਿੱਚ ਬੰਨ੍ਹ ਕੇ ਲੈ ਗਏ। ਅਪਰਾਧੀਆਂ ਦੇ ਦੋ ਸਾਥੀ ਆਪਣੇ ਸਿਰਾਂ ’ਤੇ ਗਠੜੀਆਂ ਲੈ ਕੇ ਜਾਂਦੇ ਦਿਖਾਈ ਦੇ ਰਹੇ ਹਨ। ਉਨ੍ਹਾਂ ਦੇ ਪਿੱਛੇ ਦੋ ਹੋਰ ਹੈਂਡ ਬੈਗ ਅਤੇ ਪਿੱਠੂ ਲੈ ਕੇ ਜਾਂਦੇ ਦਿਖਾਈ ਦੇ ਰਹੇ ਹਨ।

## ਪੰਜਾਬ ’ਚ ਕੱਪੜਾ ਵਪਾਰੀ ਦੀ ਦੁਕਾਨ ’ਤੇ ਫਾਇਰਿੰਗ ! ਕੰਬਿਆ ਇਹ ਇਲਾਕਾ

ਫਗਵਾੜਾ 31 ਦਸੰਬਰ। ਫਗਵਾੜਾ ਦੇ ਪਿੰਡ ਬੋਹਾਨੀ ’ਚ ਇਕ ਕੱਪੜਾ ਵਪਾਰੀ ਦੀ ਦੁਕਾਨ ’ਤੇ ਪੁੱਜੇ ਇਕ ਨੌਜਵਾਨ ਵੱਲੋਂ ਵੇਖਦੇ ਹੀ ਵੇਖਦੇ ਫਾਇਰਿੰਗ ਕਰ ਦਿੱਤੀ ਗਈ। ਪਿੰਡ ’ਚ ਹੋਈ ਫਾਇਰਿੰਗ ਦੀ ਵਾਰਦਾਤ ਸੀ. ਸੀ. ਟੀ. ਵੀ. ਕੈਮਰੇ ਵੀ ਕੈਦ ਹੋਈ ਦੱਸੀ ਜਾਂਦੀ ਹੈ। ਇਸ ਦੌਰਾਨ ਪੁਲਸ ਥਾਣਾ ਰਾਵਲਪਿੰਡੀ ਦੇ ਪੁਲਸ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਪਿੰਡ ਬੋਹਾਨੀ ’ਚ ਹੋਈ ਫਾਇਰਿੰਗ ਦੀ ਅਧਿਕਾਰਿਤ ਤੌਰ ’ਤੇ ਤਸਦੀਕ ਕਰਦੇ ਹੋਏ ਦੱਸਿਆ ਕਿ ਪੁਲਸ ਨੇ ਗੋਲ?ੀ ਚਲਾਉਣ ਵਾਲੇ ਨੌਜਵਾਨ ਦੀ ਪਛਾਣ ਹਰਿੰਦਰ ਸਿੰਘ ਲਾਡੀ ਵਾਸੀ ਪਿੰਡ ਨੰਗਲ ਫਗਵਾੜਾ ਵਜੋਂ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸੁਖਵਿੰਦਰ ਰਾਮ ਪੁੱਤਰ ਚਰਨ ਦਾਸ ਵਾਸੀ ਪਿੰਡ ਬੋਹਾਨੀ ਦੇ ਬਿਆਨ ’ਤੇ ਦੋਸ਼ੀ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ ਪਰ ਇਹ ਫਾਇਰਿੰਗ ਕਿਉਂ ਕੀਤੀ ਗਈ ਹੈ ਅਤੇ ਇਸ ਦੇ ਪਿੱਛੇ ਕੀ ਕਾਰਨ ਰਿਹਾ ਹੈ, ਇਸ ਦੀ ਪੁਲਸ ਵੱਲੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਬੀਤੀ ਦਿਨੀ ਇਸੇ ਪਿੰਡ ਦੇ ਸਾਬਕ ਸਰਪੰਚ ਦੀਆਂ ਬੰਦ ਦੁਕਾਨਾਂ ’ਤੇ ਫਾਇਰਿੰਗ ਕੀਤੀ ਗਈ ਸੀ, ਜਿਸ ਸਬੰਧੀ ਪੁਲਸ ਨੇ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਪੁਲਸ ਵੱਲੋਂ ਦੋਸ਼ੀਆਂ ਪਾਸੋਂ ਪੁੱਛਗਿਛ ਕੀਤੀ ਜਾ ਰਹੀ ਹੈ। ਹਾਲੇ ਪਿੰਡ ’ਚ ਸਾਬਕਾ ਸਰਪੰਚ ਦੀਆਂ ਬੰਦ ਦੁਕਾਨਾਂ ’ਤੇ ਹੋਈ ਫਾਇਰਿੰਗ ਦੇ




ਮਾਮਲੇ ਦੀ ਜਿੱਥੇ ਪੁਲਸ ਜਾਂਚ ਜਾਰੀ ਹੈ, ਉੱਥੇ ਹੁਣ ਇਕ ਵਾਰ ਫਿਰ ਇਸੇ ਪਿੰਡ ’ਚ ਅੱਜ ਫਾਇਰਿੰਗ ਦਾ ਨਵਾਂ ਮਾਮਲਾ ਵਾਪਰ ਗਿਆ ਹੈ। ਸੂਤਰਾ ਅਨੁਸਾਰ ਪਿੰਡ ਬੋਹਾਨੀ ’ਚ ਅੱਜ ਚੱਲੀ ਗੋਲੀ ਦਾ ਕਾਰਨ ਦੋਨੋ ਪੱਖਾਂ ’ਚ ਆਪਸੀ ਕਿਸੇ ਗੱਲ ਨੂੰ ਲੈ ਕੇ ਚੱਲ ਰਿਹਾ ਲੜਾਈ ਝਗੜਾ ਕਾਰਨ ਹੋ ਸਕਦਾ ਹੈ?

## ਧੁੰਦ ਦਾ ਕਹਿਰ, ਤੇਜ਼ ਰ.ਫਤਾਰ ਕਾਰ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਨੌਜਵਾਨ ਦੀ ਮੌਤ

ਝਬਾਲ 31 ਦਸੰਬਰ। ਝਬਾਲ ਅੱਡਾ ਵਿਖੇ ਇਕ ਪੰਡੋਰੀ ਰਣ ਸਿੰਘ ਦੇ ਗ਼ਰੀਬ ਪਰਿਵਾਰ ’ਤੇ ਉਸ ਵੇਲੇ ਸੰਘਣੀ ਧੁੰਦ ਕਾਰਨ ਕਹਿਰ ਟੁੱਟ ਪਿਆ ਜਦੋਂ ਇਕ ਤੇਜ਼ ਰਫ਼ਤਾਰ ਕਾਰ ਚਾਲਕ ਨੇ ਇਕ ਮੋਟਰਸਾਈਕਲ ਸਵਾਰ ਨੂੰ ਜ਼ੋਰ ਦੀ ਟੱਕਰ ਮਾਰ ਦਿੱਤੀ ਤੇ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਕੇ ’ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪੰਡੋਰੀ ਰਣ ਸਿੰਘ ਵਾਸੀ ਮੰਗਲ ਸਿੰਘ ਪੁੱਤਰ ਪਾਲ ਸਿੰਘ, ਜੋ ਕਿ ਝਬਾਲ ਵਿਖੇ ਮੀਟ ਦੀਆਂ ਦੁਕਾਨਾਂ ’ਤੇ ਬੱਕਰੇ ਸਪਲਾਈ ਕਰਦਾ ਸੀ ਤੇ ਬੀਤੀ ਸਵੇਰੇ ਜਦੋਂ ਅੱਡਾ ਝਬਾਲ ਵਿਖੇ ਮੋਟਰਸਾਈਕਲ ’ਤੇ ਬੱਕਰੇ ਦੇ ਕੇ ਜਾ ਰਿਹਾ ਸੀ ਕਿ ਝਬਾਲ ਸਾਈਡ ਤੋਂ ਜਾ ਰਹੀ ਇਕ ਤੇਜ਼ ਰਫ਼ਤਾਰ ਕਾਰ ਅੱਡਾ ਝਬਾਲ ਦੇ ਬਾਹਰ ਅੰਮ੍ਰਿਤਸਰ ਰੋਡ ’ਤੇ ਧੁੰਦ ਕਾਰਨ ਮੋਟਰਸਾਈਕਲ ਵਿੱਚ ਵੱਜੀ ਕਿ ਮੋਟਰਸਾਈਕਲ ਚਲਾ ਰਹੇ ਮੰਗਲ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ। ਘਟਨਾ ਦਾ ਪਤਾ ਚਲਦਿਆਂ ਹੀ ਥਾਣਾ ਝਬਾਲ ਤੋਂ ਥਾਣੇਦਾਰ ਜਤਿੰਦਰ ਸਿੰਘ ਮੌਕੇ ’ਤੇ ਪਹੁੰਚੇ ਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਤੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ।

# ਲੁਧਿਆਣਾ ’ਚ ਚੋਰਾਂ ਦਾ ’ਹਾਈ ਸਟੈਂਡਰਡ’: ਕਾਰ ’ਚ ਸਵਾਰ ਹੋ ਕੇ ਆਏ ਸ਼ਾਤਰ ਚੋਰਾਂ ਨੇ 3 ਦੁਕਾਨਾਂ ਦੇ ਪੁੱਟੇ ਸ਼ਟਰ

**ਕੌਮੀ ਪਤ੍ਰਿਕਾ**

ਲੁਧਿਆਣਾ, 31 ਦਸੰਬਰ। ਸ਼ਹਿਰੀ ਖੇਤਰਾਂ ਵਿੱਚ ਦਿਨੋਂ-ਦਿਨ ਚੋਰੀਆਂ ਵਧ ਰਹੀਆਂ ਹਨ। ਚੋਰਾਂ ਦਾ ਮਿਆਰ ਵੀ ਵਧ ਰਿਹਾ ਹੈ। ਕੜਾਕੇ ਦੀ ਠੰਢ ਦਾ ਸਾਹਮਣਾ ਕਰਦੇ ਹੋਏ, ਚੋਰ ਅਪਰਾਧ ਕਰਨ ਲਈ ਕਾਰਾਂ ਵਿੱਚ ਪਹੁੰਚੇ।... ਉਨ੍ਹਾਂ ਨੇ ਤਿੰਨ ਦੁਕਾਨਾਂ ਦੇ ਸ਼ਟਰ ਪੁੱਟਣ ਲਈ ਔਜ਼ਾਰਾਂ ਦੀ ਵਰਤੋਂ ਕੀਤੀ, ਪਰ ਆਪਣੀਆਂ ਕੋਸ਼ਿਸ਼ਾਂ ਦੇ ਬਾਵਜੂਦ, ਉਹ ਖਾਲੀ ਹੱਥ ਵਾਪਸ ਪਰਤ ਆਏ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਸ ਮੌਕੇ ’ਤੇ ਪਹੁੰਚੀ। ਚੋਰਾਂ ਦਾ ਚੋਰੀ ਕਰਨ ਲਈ ਕਾਰ ਵਿੱਚ ਆਉਣ ਦਾ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਜਾਣਕਾਰੀ ਅਨੁਸਾਰ ਮੰਗਲਵਾਰ ਸਵੇਰੇ ਤਿੰਨ ਚੋਰਾਂ ਨੇ ਸਰਕੂਲਰ ਰੋਡ ’ਤੇ ਤਿੰਨ ਦੁਕਾਨਾਂ ਦੇ ਸ਼ਟਰ ਪੁੱਟਣ ਲਈ ਔਜ਼ਾਰਾਂ ਦੀ ਵਰਤੋਂ ਕੀਤੀ। ਉਨ੍ਹਾਂ ਦੁਕਾਨਾਂ ਦੇ ਅੰਦਰ ਜਾ ਕੇ ਨਕਦੀ ਦੇ ਬਕਸੇ ਦੀ ਤਲਾਸ਼ੀ ਲਈ, ਪਰ ਕੁਝ ਨਹੀਂ ਮਿਲਿਆ। ਇੱਕ ਦੁਕਾਨ ਵਿੱਚ ਨਕਦੀ ਵਾਲਾ ਡੱਬਾ ਬੰਦ ਸੀ। ਚੋਰ ਇਸਨੂੰ ਤੋੜਨ ਵਿੱਚ ਅਸਮਰੱਥ ਸਨ ਅਤੇ ਨਕਦੀ ਵਾਲਾ ਡੱਬਾ ਆਪਣੇ ਨਾਲ ਲੈ ਗਏ। ਖੰਨਾ ਕਲੋਥ ਹਾਊਸ ਦੇ ਮਾਲਕ ਨੇ



ਦੱਸਿਆ ਕਿ ਨਕਦੀ ਵਾਲੇ ਡੱਬੇ ਵਿੱਚ ਦੁਕਾਨ ਨਾਲ ਸਬੰਧਤ ਸਿਰਫ਼ ਗਾਹਕਾਂ ਦੀਆਂ ਸਲਿੱਪਾਂ ਸਨ। ਉਹ ਦੁਕਾਨ ਦੇ ਕੈਸ਼ ਬਾਕਸ ਵਿੱਚ ਨਕਦੀ ਨਹੀਂ ਰੱਖਦਾ। ਉਹ ਦੁਕਾਨ ਬੰਦ ਕਰਨ ਤੋਂ ਬਾਅਦ ਹਰ ਰਾਤ ਨਕਦੀ ਘਰ ਲੈ ਜਾਂਦਾ ਹੈ। ਮਨਮੋਹਨ ਕਲੋਥ ਹਾਊਸ ਅਤੇ ਸੁਨੀਲ ਕਲੋਥ ਹਾਊਸ ਦੇ ਮਾਲਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਸ਼ਹਿਰ ਵਿੱਚ ਚੋਰੀਆਂ, ਖੋਹਾਂ ਅਤੇ ਅਪਰਾਧਾਂ ਦੀ ਵਧਦੀ ਗਿਣਤੀ ਤੋਂ ਬਚਾਅ ਲਈ ਸਾਵਧਾਨੀ ਵਜੋਂ ਆਪਣੀਆਂ ਦੁਕਾਨਾਂ ਵਿੱਚ ਨਕਦੀ ਰੱਖਣਾ ਬੰਦ ਕਰ ਦਿੱਤਾ ਹੈ। ਉਹ ਹਰ ਰੋਜ਼ ਬੰਦ ਕਰਨ ਤੋਂ ਬਾਅਦ ਨਕਦੀ ਘਰ ਲੈ ਜਾਂਦੇ ਹਨ, ਇਸ ਤਰ੍ਹਾਂ ਵਿੱਤੀ ਨੁਕਸਾਨ ਤੋਂ ਬਚਦੇ ਹਨ। ਸੰਪਰਕ ਕਰਨ ’ਤੇ ਪੁਲਸ ਸਟੇਸ਼ਨ ਡਿਵੀਜ਼ਨ ਨੰਬਰ 3 ਦੇ ਇੰਚਾਰਜ ਜਗਦੀਪ ਸਿੰਘ ਨੇ ਦੱਸਿਆ ਕਿ ਅਣਪਛਾਤੇ ਚੋਰਾਂ ਨੇ ਸ਼ਟਰ ਪਾੜ ਕੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਸੀਸੀਟੀਵੀ ਫੁਟੇਜ ਵਿੱਚ ਤਿੰਨ ਚੋਰ ਦਿਖਾਈ ਦੇ ਰਹੇ ਹਨ। ਚੋਰ ਅਪਰਾਧ ਕਰਨ ਲਈ ਇੱਕ ਕਾਰ ਵਿੱਚ ਆਏ ਸਨ, ਪਰ ਖਾਲੀ ਹੱਥ ਵਾਪਸ ਪਰਤ ਆਏ। ਦੁਕਾਨਦਾਰਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਅਣਪਛਾਤੇ ਕਾਰ ਸਵਾਰ ਚੋਰਾਂ ਵਿਰੁੱਧ ਮਾਮਲਾ ਦਰਜ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਚੋਰਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ।

## ਕਦੇ ਪੰਜਾਬੀ ਇੰਡਸਟਰੀ ’ਚ ਪਾਈ ਸੀ ਧੱਕ ! ਹੁਣ ਗਰੀਬੀ ਦਾ ਝੰਬਿਆ ਕਲਾਕਾਰ ਬਣ ਗਿਆ ਡਿਲੀਵਰੀ ਬੁਆਏ

ਪਟਿਆਲਾ 31 ਦਸੰਬਰ। ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਕਿਸੇ ਸਮੇਂ ਆਪਣੀ ਅਦਾਕਾਰੀ ਅਤੇ ਭੰਗੜੇ ਨਾਲ ਧੂਮ ਮਚਾਉਣ ਵਾਲੇ ਮਸ਼ਹੂਰ ਮਾਡਲ ਸੋਨੂ ਬਖਸ਼ੀ (ਕਮਲਪ੍ਰੀਤ ਸਿੰਘ) ਅੱਜ ਗੁੰਮਨਾਮੀ ਅਤੇ ਆਰਥਿਕ ਤੰਗੀ ਦੀ ਜ਼ਿੰਦਗੀ ਜੀਅ ਰਹੇ ਹਨ। ਇੱਕ ਸਮਾਂ ਸੀ ਜਦੋਂ ਪੰਜਾਬੀ ਮਿਊਜ਼ਿਕ ਵੀਡੀਓਜ਼ ਉਨ੍ਹਾਂ ਤੋਂ ਬਿਨਾਂ ਅਧੂਰੀਆਂ ਮੰਨੀਆਂ ਜਾਂਦੀਆਂ ਸਨ, ਪਰ ਅੱਜ ਉਹ ਪਟਿਆਲਾ ਦੀਆਂ ਸੜਕਾਂ ’ਤੇ ਸਵਿਗੀ ਰਾਈਡਰ ਵਜੋਂ 12-12 ਘੰਟੇ ਮੋਟਰਸਾਈਕਲ ਚਲਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹਨ। ਸੋਨੂ ਬਖਸ਼ੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਪਟਿਆਲਾ ਦੇ ਖਾਲਸਾ ਕਾਲਜ ਦੀ ਭੰਗੜਾ ਟੀਮ ਤੋਂ ਕੀਤੀ ਸੀ। ਸਾਲ 1997 ਤੋਂ 2005/2007 ਤੱਕ ਉਨ੍ਹਾਂ ਦਾ ਸੁਨਹਿਰੀ ਦੌਰ ਰਿਹਾ, ਜਿਸ ਵਿੱਚ ਉਨ੍ਹਾਂ ਨੇ ‘ਹੋਵੇ ਤੂਤਾਂ ਵਾਲੀ ਠੰਢੀ-ਠੰਢੀ ਛਾਂ ਦੋਸਤੋ’, ‘ਮਣਕੇ ਟੁੱਟਦੇ ਜਾਂਦੇ’ ਵਰਗੇ ਕਈ ਸੁਪਰਹਿੱਟ ਗੀਤਾਂ ਵਿੱਚ ਮਾਡਲਿੰਗ ਕੀਤੀ। ਉਨ੍ਹਾਂ ਨੇ ਰਿੰਪੀ ਪ੍ਰਿੰਸ ਵਰਗੇ ਵੱਡੇ ਵੀਡੀਓ ਨਿਰਦੇਸ਼ਕਾਂ ਅਤੇ ਸਤਵਿੰਦਰ ਬੁੱਗਾ, ਅਮਰ ਅਰਸ਼ੀ ਤੇ ਦੀਪਕ ਢਿੱਲੋਂ ਵਰਗੇ ਨਾਮੀ ਗਾਇਕਾਂ ਨਾਲ ਕੰਮ ਕੀਤਾ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨਗਰ ਨਿਗਮ ਕਮਿਸ਼ਨਰ ਅਮਿਤ ਕੁਮਾਰ: ਚੰਗੇ ਸ਼ਾਸਨ ਅਤੇ ਵਿਕਾਸ ਦੇ ਪ੍ਰਤੀਕ, ਦੂਰਦਰਸ਼ੀ ਨੀਤੀਆਂ ਦੇ ਨਾਲ ਜੋ ਮਾਲੀਆ ਵਧਾ ਵਧਾਉਂਦੀਆਂ ਹਨ ਅਤੇ ਖਰਚਿਆਂ ਨੂੰ ਕੰਟਰੋਲ ਕਰਦੀਆਂ ਹਨ, ਨਗਰ ਨਿਗਮ ਕਮਿਸ਼ਨਰ ਚਰਚਾ ਦਾ ਕੇਂਦਰ ਬਣ ਗਏ ਹਨ

**ਕੌਮੀ ਪਤ੍ਰਿਕਾ**
**ਸੰਜੇ ਅਰੋੜਾ**

ਚੰਡੀਗੜ੍ਹ ਨਗਰ ਨਿਗਮ ਦੇ ਕਮਿਸ਼ਨਰ ਅਮਿਤ ਕੁਮਾਰ, ਜਿਨ੍ਹਾਂ ਨੇ ਚੰਡੀਗੜ੍ਹ ਨੂੰ ਵਿੱਤੀ ਸੰਕਟ ਤੋਂ ਬਚਾਉਣ ਵਿੱਚ ਮੁੱਖ ਭੂਮਿਕਾ ਨਿਭਾਈ, ਇੱਕ ਵਾਰ ਫਿਰ ਅਧਿਕਾਰੀਆਂ ਅਤੇ ਜਨਤਾ ਵਿੱਚ ਚਰਚਾ ਦਾ ਕੇਂਦਰ ਬਣ ਗਏ ਹਨ। ਉਨ੍ਹਾਂ ਦੀ ਕਾਰਜਸ਼ੀਲਤਾ ਦਾ ਪ੍ਰਭਾਵ ਪ੍ਰਤੀਨਿਧੀ ਸਭਾ ਵਿੱਚ ਸਪੱਸ਼ਟ ਸੀ। ਉਨ੍ਹਾਂ ਦੀ ਕਾਰਜਸ਼ੀਲਤਾ ਨਿਗਮ ਦੀ ਵਿੱਤੀ ਸਥਿਤੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਸੀ, ਨਾਲ ਹੀ ਜਨਤਾ ਨੂੰ ਟੈਕਸਾਂ ਅਤੇ ਬਕਾਇਆ ਬਕਾਏ ਦਾ ਭੁਗਤਾਨ ਕਰਨ ਵਿੱਚ ਵੀ ਰਾਹਤ ਪ੍ਰਦਾਨ ਕੀਤੀ। ਇਸ ਦਲੇਰਾਨਾ ਕਦਮ ਨੇ ਚੰਗੇ ਸ਼ਾਸਨ ਦੀ ਇੱਕ ਸ਼ਾਨਦਾਰ ਉਦਾਹਰਣ ਕਾਇਮ ਕੀਤੀ। ਉਨ੍ਹਾਂ ਨੇ ਚੰਡੀਗੜ੍ਹ ਨਗਰ ਨਿਗਮ ($33) ਲਈ ਸਾਲ 2024-25 ਅਤੇ 2026-27 ਦੇ ਆਉਣ ਵਾਲੇ ਬਜਟ ਲਈ ਸਫਾਈ, ਵਾਤਾਵਰਣ ਸੁਰੱਖਿਆ, ਮਾਲੀਆ ਵਧਾਉਣ ਅਤੇ ਖਰਚ ਘਟਾਉਣ ਦੇ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਕਾਰਪੋਰੇਸ਼ਨ ਨੇ ਨਾ ਸਿਰਫ਼ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ ਬਲਕਿ ਵਿੱਤੀ ਮਜ਼ਬੂਤੀ ਵੱਲ ਵੀ ਠੋਸ ਕਦਮ ਚੁੱਕੇ ਹਨ।

ਚੰਡੀਗੜ੍ਹ ਨਗਰ ਨਿਗਮ ਨੂੰ 2024-25 ਲਈ ÷ਸੁਪਰ ਕਲੀਨ ਲੀਗ÷ ਵਿੱਚ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ($08"1) ਦੁਆਰਾ ਦੇਸ਼ ਵਿੱਚ ਦੂਜੇ ਸਥਾਨ 'ਤੇ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਚੰਡੀਗੜ੍ਹ ਨੇ 89.09 ਅੰਕ ਪ੍ਰਾਪਤ ਕਰਕੇ ਗ੍ਰੀਨ ਰੈਂਕਿੰਗ 2025 ਵਿੱਚ ਦੇਸ਼ ਵਿੱਚ ਮੋਹਰਲਾ ਸਥਾਨ ਪ੍ਰਾਪਤ ਕੀਤਾ। ਇਹ ਨਗਰ ਨਿਗਮ ਕਮਿਸ਼ਨਰ ਦੇ ਦੂਰਦਰਸ਼ੀ ਵਿਕਾਸ ਯਤਨਾਂ ਨੂੰ ਦਰਸਾਉਂਦਾ ਹੈ। ਸ਼ਹਿਰ ਅਤੇ ਇਸਦੇ ਨਾਗਰਿਕਾਂ ਲਈ ਇੰਨਾ ਕੁਝ ਪ੍ਰਾਪਤ ਕਰਨ ਦੇ ਬਾਵਜੂਦ, ਚੰਡੀਗੜ੍ਹ ਨਗਰ ਨਿਗਮ ਕਮਿਸ਼ਨਰ ਅਮਿਤ ਕੁਮਾਰ ਆਪਣੇ ਆਪ ਨੂੰ ਸਿਹਰਾ ਨਹੀਂ ਲੈਂਦੇ; ਇਸ ਦੀ ਬਜਾਏ, ਉਹ ਹਰ ਅਧਿਕਾਰੀ ਅਤੇ ਕਰਮਚਾਰੀ ਨੂੰ ਸਿਹਰਾ ਦਿੰਦੇ ਹਨ ਜਿਨ੍ਹਾਂ ਨੇ ਉਨ੍ਹਾਂ ਦੇ ਹਰ ਆਦੇਸ਼ ਦੀ ਪਾਲਣਾ ਕਰਕੇ, ਸ਼ਹਿਰ ਦੇ ਵਿਕਾਸ ਨੂੰ ਅਗਲੇ ਪੱਧਰ 'ਤੇ ਲਿਜਾਣ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਦੂਜੇ ਸ਼ਬਦਾਂ ਵਿੱਚ, ਇਹ ਨਗਰ ਨਿਗਮ ਕਮਿਸ਼ਨਰ ਅਮਿਤ ਕੁਮਾਰ ਦੀ ਅਣਥੱਕ ਅਤੇ ਸੰਪੂਰਨ ਕਾਰੀਗਰੀ ਦਾ ਨਤੀਜਾ ਹੈ ਕਿ ਸ਼ਹਿਰ ਦਾ ਦਰਜਾ ਦਿਨੋਂ-ਦਿਨ ਉੱਚਾ ਹੋ ਰਿਹਾ ਹੈ।

ਉਨ੍ਹਾਂ ਨੇ ਨਗਰ ਨਿਗਮ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਜਾਇਦਾਦ ਟੈਕਸ ਢਾਂਚੇ ਵਿੱਚ ਸੋਧ ਕੀਤੀ। ਵਪਾਰਕ ਟੈਕਸ ਨੂੰ 3 ਪ੍ਰਤੀਸ਼ਤ ਤੋਂ ਵਧਾ ਕੇ 5 ਪ੍ਰਤੀਸ਼ਤ ਕਰ ਦਿੱਤਾ ਗਿਆ।

ਰਿਹਾਇਸ਼ੀ ਜਾਇਦਾਦ ਟੈਕਸ ਦੀਆਂ ਦਰਾਂ ਨੂੰ ਵੀ ਸੋਧਿਆ ਗਿਆ (ਲਗਭਗ ਦੁੱਗਣਾ)।

ਨਿਗਮ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਤਬਦੀਲੀਆਂ ਨਾਲ ਵਪਾਰਕ ਟੈਕਸ ਤੋਂ 10 ਕਰੋੜ ਰੁਪਏ ਅਤੇ ਰਿਹਾਇਸ਼ੀ ਟੈਕਸ ਤੋਂ 15 ਕਰੋੜ ਰੁਪਏ ਦਾ ਵਾਧੂ ਮਾਲੀਆ ਪੈਦਾ ਹੋਣ ਦੀ ਉਮੀਦ ਹੈ।

**ਖਾਲੀ ਜ਼ਮੀਨ ਅਤੇ ਜਾਇਦਾਦਾਂ ਦੀ ਬਿਹਤਰ ਵਰਤੋਂ**

ਨਗਰ ਨਿਗਮ ਦੇ ਅਨੁਸਾਰ, ਤਿੰਨ ਨਿਲਾਮੀਆਂ ਤੋਂ ਬਾਅਦ ਖਾਲੀ ਰਹਿਣ ਵਾਲੀਆਂ ਜਾਇਦਾਦਾਂ ਨੂੰ 25 ਪ੍ਰਤੀਸ਼ਤ ਦੀ ਛੋਟ 'ਤੇ ਕਿਰਾਏ 'ਤੇ ਦਿੱਤਾ ਜਾਵੇਗਾ। ਇਸ ਨਾਲ ਖਾਲੀ ਪਈਆਂ ਜਾਇਦਾਦਾਂ ਤੋਂ ਆਮਦਨ ਯਕੀਨੀ ਹੋਵੇਗੀ।

ਨਗਰ ਨਿਗਮ ਨੇ ਖਰਚਿਆਂ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਮਾਲੀਆ ਵਧਾਉਣ 'ਤੇ ਵੀ ਧਿਆਨ ਕੇਂਦਰਿਤ ਕੀਤਾ ਹੈ। ਬਕਾਇਆ ਪਾਣੀ ਦੇ ਬਿੱਲਾਂ, ਵਪਾਰਕ ਅਤੇ ਰਿਹਾਇਸ਼ੀ ਜਾਇਦਾਦਾਂ 'ਤੇ ਟੈਕਸਾਂ ਦੀ ਉਗਰਾਹੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਵਿਭਾਗੀ ਪੱਧਰ 'ਤੇ ਗਲੀਆਂ ਅਤੇ ਜਨਤਕ ਰੋਸ਼ਨੀ ਨੂੰ ਬਣਾਈ ਰੱਖਣ ਨਾਲ, ਬਿਜਲੀ ਦੇ ਖਰਚਿਆਂ ਵਿੱਚ ਵੀ ਬੱਚਤ ਹੋਈ। ਨਗਰ ਨਿਗਮ ਨੇ ਜਨਤਕ ਨਿੱਜੀ ਭਾਈਵਾਲੀ (ਪੀਪੀਪੀ) ਪ੍ਰੋਜੈਕਟਾਂ ਰਾਹੀਂ ਮਾਲੀਆ ਪੈਦਾਵਾਰ ਵਧਾਉਣ ਲਈ ਆਪਣੀ ਵਚਨਬੱਧਤਾ ਪ੍ਰਗਟਾਈ ਹੈ। ਇਸ ਨਾਲ ਨਾ ਸਿਰਫ਼ ਆਮਦਨ ਵਧੇਗੀ ਬਲਕਿ ਸ਼ਹਿਰੀ ਸਹੂਲਤਾਂ ਵਿੱਚ ਵੀ ਸੁਧਾਰ ਹੋਵੇਗਾ। ਕਮਿਸ਼ਨਰ ਅਮਿਤ ਕੁਮਾਰ ਨੇ ਕਿਹਾ ਕਿ ਚੰਡੀਗੜ੍ਹ ਨਗਰ ਨਿਗਮ ਨੇ ਸਫਾਈ, ਵਾਤਾਵਰਣ ਸੁਰੱਖਿਆ, ਮਾਲੀਆ ਵਧਾਉਣ ਅਤੇ ਖਰਚ ਨਿਯੰਤਰਣ ਦੇ ਖੇਤਰਾਂ ਵਿੱਚ ਇੱਕ ਸੰਤੁਲਿਤ ਅਤੇ ਦੂਰਦਰਸ਼ੀ ਨੀਤੀ ਅਪਣਾਈ ਹੈ। ਰਾਸ਼ਟਰੀ ਪ੍ਰਾਪਤੀਆਂ ਅਤੇ ਪ੍ਰਸਤਾਵਿਤ ਬਜਟ ਸੁਧਾਰ ਆਉਣ ਵਾਲੇ ਸਾਲਾਂ ਵਿੱਚ ਚੰਡੀਗੜ੍ਹ ਨੂੰ ਇੱਕ ਮਾਡਲ ਅਤੇ ਸਵੈ-ਨਿਰਭਰ ਸ਼ਹਿਰੀ ਸੰਸਥਾ ਵਜੋਂ ਸਥਾਪਤ ਕਰਨ ਵਿੱਚ ਮਹੱਤਵਪੂਰਨ ਸਾਬਤ ਹੋ ਸਕਦੇ ਹਨ।

## ਅੰਮ੍ਰਿਤਸਰ ਟੈਂਡਰ ਘੁਟਾਲਾ ਮਾਮਲੇ 'ਚ ਪੰਜਾਬ ਸਰਕਾਰ ਦੀ ਵੱਡੀ ਕਾਰਵਾਈ

ਲੁਧਿਆਣਾ/ਅੰਮ੍ਰਿਤਸਰ, 31 ਦਸੰਬਰ। ਅੰਮ੍ਰਿਤਸਰ ਦੇ ਬਹੁ-ਕਰੋੜੀ ਟੈਂਡਰ ਘੁਟਾਲੇ ਵਿੱਚ ਪੰਜਾਬ ਸਰਕਾਰ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਨੇ ਐੱਸ.ਐੱਸ.ਪੀ. ਵਿਜੀਲੈਂਸ ਤੋਂ ਬਾਅਦ ਹੁਣ ਇੰਪਰੂਵਮੈਂਟ ਟਰੱਸਟ ਦੇ 7 ਇੰਜੀਨੀਅਰਾਂ ਨੂੰ ਵੀ ਸਸਪੈਂਡ ਕਰ ਦਿੱਤਾ ਹੈ। ਇਹ ਮਾਮਲਾ ਪਿਛਲੇ ਦਿਨੀਂ ਐੱਸ.ਐੱਸ.ਪੀ. ਵਿਜੀਲੈਂਸ ਲਖਬੀਰ ਸਿੰਘ ਦੀ ਛੁੱਟੀ ਹੋਣ ਤੋਂ ਬਾਅਦ ਲਗਾਤਾਰ ਚਰਚਾ ਵਿੱਚ ਬਣਿਆ ਹੋਇਆ ਸੀ। ਸੂਤਰਾਂ ਅਨੁਸਾਰ, ਇਹ ਸਾਰਾ ਵਿਵਾਦ ਲਗਭਗ 50 ਕਰੋੜ ਰੁਪਏ ਦੀ ਲਾਗਤ ਵਾਲੇ ਟੈਂਡਰਾਂ ਦੀ ਅਲਾਟਮੈਂਟ ਨਾਲ ਜੁੜਿਆ ਹੋਇਆ ਹੈ। ਮਾਮਲੇ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਵਰਕ ਆਰਡਰ ਜਾਰੀ ਕਰਨ ਦੀ ਪ੍ਰਕਿਰਿਆ ਵਿੱਚ ਨਿਯਮਾਂ ਨੂੰ ਛਿੱਕੇ ਟੰਗ ਕੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤਾ ਗਿਆ ਹੈ। ਇਸ ਭ੍ਰਿਸ਼ਟਾਚਾਰ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਾ ਹੈ। ਇਸ ਘੁਟਾਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਰਕਾਰ ਨੇ ਹੁਣ ਅਗਲੇਰੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ, ਸਸਪੈਂਡ ਕੀਤੇ ਗਏ ਦੋਸ਼ੀ ਅਫਸਰਾਂ ਖਿਲਾਫ ਜਲਦੀ ਹੀ ਵਿਜੀਲੈਂਸ ਕੇਸ ਦਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## 328 ਸਰੂਪਾਂ ਦੇ ਮਸਲੇ 'ਤੇ ਸਰਕਾਰ ਨਾਲ ਸਹਿਯੋਗ ਕਰੇ ਐੱਸਜੀਪੀਸੀ

ਚੰਡੀਗੜ੍ਹ 31 ਦਸੰਬਰ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਦੇ ਗੰਭੀਰ ਮਸਲੇ 'ਤੇ ਸਿੱਖ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ 'ਚ ਰਾਜਨੀਤੀ ਕਰਨ ਦੀ ਬਜਾਏ ਦੋਸ਼ੀਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਖ਼ਿਲਾਫ਼ ਕਾਰਵਾਈ ਲਈ ਪੰਜਾਬ ਸਰਕਾਰ ਦਾ ਪੂਰਾ ਸਹਿਯੋਗ ਦੇਵੇ। ਸਪੀਕਰ ਸੰਧਵਾਂ ਨੇ ਕਿਹਾ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਪਾਵਨ ਸਰੂਪ ਦੇ ਅੰਗ ਗਲੀਆਂ ਵਿੱਚ ਖਿਲਾਰੇ ਜਾਣ ਦੀ ਘਟਨਾ ਨੇ ਸੰਸਾਰ ਭਰ ਦੀ ਸਿੱਖ ਸੰਗਤ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ ਤਾਂ ਫਿਰ 328 ਸਰੂਪਾਂ ਦੇ ਮਸਲੇ 'ਚ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਦਾ ਵਿਰੋਧ ਐਸਜੀਪੀਸੀ ਵੱਲੋਂ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਗੁਰੂ ਸਾਹਿਬ ਨਾਲ ਜੁੜੇ ਮਸਲਿਆਂ 'ਤੇ ਕੋਈ ਵੀ ਰਾਜਨੀਤੀ ਨਹੀਂ ਕੀਤੀ ਜਾਵੇਗੀ, ਪਰ ਗੁਰੂ ਦੋਖੀਆਂ ਖ਼?ਲਾਫ਼ ਗੁਰੂ ਸਾਹਿਬ ਵੱਲੋਂ ਬਖ਼ਸ਼ੀ ਤਾਕਤ ਦੀ ਸੰਵਿਧਾਨਕ ਅਤੇ ਯੋਗ ਵਰਤੋਂ ਜ਼ਰੂਰ ਕੀਤੀ ਜਾਵੇਗੀ। ਸਪੀਕਰ ਨੇ ਦੋਸ਼ ਲਗਾਇਆ ਕਿ ਐਸਜੀਪੀਸੀ ਵੱਲੋਂ ਵੱਖ-ਵੱਖ ਗੁਰੂ ਘਰਾਂ ਅਤੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰਦਿਆਂ, ਪੰਜਾਬ ਸਰਕਾਰ ਵੱਲੋਂ 328 ਸਰੂਪਾਂ ਦੇ ਮਸਲੇ 'ਚ ਦਰਜ ਕੀਤੀ ਐਫਆਈਆਰ ਸਬੰਧੀ ਸੰਗਤਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਸਰਕਾਰ ਸਿੱਖ ਧਾਰਮਿਕ ਮਸਲਿਆਂ ਵਿੱਚ ਦਖ਼ਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਐਸਜੀਪੀਸੀ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਆਖ਼?ਰ 328 ਪਾਵਨ ਸਰੂਪ ਕਿੱਥੇ ਗਏ। ਸੰਧਵਾਂ ਨੇ ਸਵਾਲ ਉਠਾਏ ਕਿ ਗੁੰਮਸ਼ੁਦਾ ਸਰੂਪਾਂ ਦੇ ਮਸਲੇ 'ਤੇ ਮੰਗ ਪੱਤਰ ਰਾਹੀਂ ਐਕਸ਼ਨ ਦੀ ਮੰਗ ਕਰਨ ਵਾਲੀਆਂ ਸੰਗਤਾਂ 'ਤੇ ਟਾਸਕ ਫੋਰਸ ਵੱਲੋਂ ਹਮਲੇ ਕਿਸ ਦੇ ਇਸ਼ਾਰੇ 'ਤੇ ਕਰਵਾਏ ਗਏ ਅਤੇ ਲਗਭਗ ਪੰਜ ਸਾਲਾਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਚੱਲ ਰਹੇ ਸ਼ਾਂਤਮਈ ਮੋਰਚੇ ਨੂੰ ਤਸੱਲੀਬਖ਼ਸ਼ ਜਵਾਬ ਦੇ ਕੇ ਖ਼ਤਮ ਕਰਨ ਤੋਂ ਕਿਸ ਨੇ ਰੋਕਿਆ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR


**ਜਨਤੱਕ ਸੂਚਨਾ**

ਸਰਵਸਾਧਾਰਨ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਰਾਜਨੀਤਿਕ ਦਲ **ਪੰਜਾਬੀ ਲੋਕਰਾਜ ਪਾਰਟੀ** ਦੇ ਨਾਮ ਤੋਂ ਰਜਿਸਟ੍ਰੀਕ੍ਰਤ ਹੋਣਾ ਪ੍ਰਸਤਾਵਿਤ ਹੈ/ਪਾਰਟੀ ਦਫ਼ਤਰ ਮ0. 8, ਸੈਕਟਰ-69, (ਮ0. ਨ0. 1 ਟੂ 668), ਤਹਿਸੀਲ 'ਤੇ ਜ਼ਿਲ੍ਹਾ-ਸਾਹਿਬਜਾਦਾ ਅਜਿਤ ਸਿੰਘ ਨਗਰ-160062, ਮੋਹਾਲੀ, ਪੰਜਾਬ, 'ਚ ਸਥਿਤ ਹੈ/ ਇਸ ਦਲ ਨੇ ਲੋਕ ਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 29ਕ, ਦੇ ਅਧੀਨ ਰਾਜਨੀਤਿਕ ਦਲ ਦੇ ਰੂਪ 'ਚ ਰਜਿਸਟ੍ਰੀਕਰਨ ਦੇ ਲਈ ਭਾਰਤ ਨਿਰਵਾਚਨ ਆਯੋਗ, ਨਵੀਂ ਦਿੱਲੀ ਨੂੰ ਆਵੇਦਨ ਪੇਸ਼ ਕੀਤਾ ਹੈ, ਪਾਰਟੀ ਦੇ ਪਦਾਧਿਕਾਰੀਆਂ ਦੇ ਨਾਮ/ਪਤਾ ਹੇਠਾਂ ਦਿੱਤੇ ਗਏ ਹਨ:-

__ਪ੍ਰਧਾਨ__: ਕਿਰਣਬੀਰ ਸਿੰਘ ਕੰਗ ਪੁੱਤਰ ਧਰਮ ਸਿੰਘ ਨਿਵਾਸੀ ਮਕਾਨ ਨੰਬਰ 8, ਸੈਕਟਰ-69, ਐਸਏਐਸ ਨਗਰ, ਪੰਜਾਬ-160070

**__ਮਹਾਸਚਿਵ__**: ਜਸਪ੍ਰੀਤ ਸਿੰਘ ਦਹਿਆ ਪੁੱਤਰ ਮੁਖਤਿਆਰ ਸਿੰਘ ਦਹਿਆ, ਨਿਵਾਸੀ 1129, ਅਰਬਨ ਇਸਟੇਟ-1, ਜਾਲੰਧਰ, ਪੰਜਾਬ-144001

**__ਕੋਸ਼ਾਧਿਅਕਸ਼__**: ਗਗਨਦੀਪ ਸਿੰਘ ਪੁੱਤਰ ਨਰਿੰਦਰ ਸਿੰਘ, ਨਿਵਾਸੀ ਅਜੀਤ ਨਕੋਦਰ ਰੋਡ, ਜਾਲੰਧਰ-1, ਪੰਜਾਬ-144001

ਅਗਰ ਕਿਸੀ ਨੂੰ **ਪੰਜਾਬੀ ਲੋਕਰਾਜ ਪਾਰਟੀ** ਦੇ ਰਜਿਸਟ੍ਰੀਕਰਨ 'ਚ ਕੋਈ ਆਪੱਤੀ ਹੋਵੇ ਤਾਂ ਉਹ ਆਪਣੀ ਆਪੱਤੀ ਇਸਦੇ ਕਾਰਨਾਂ ਸਹਿਤ ਸਚਿਵ (ਰਾਜਨੀਤਿਕ ਦਲ), ਭਾਰਤ ਨਿਰਵਾਚਨ ਆਯੋਗ, ਨਿਰਵਾਚਨ ਸਦਨ, ਅਸ਼ੋਕਾ ਰੋਡ, ਨਵੀਂ ਦਿੱਲੀ-110001 ਨੂੰ ਇਸ ਸੂਚਨਾ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ ਭੇਜੋ।


**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


सत्यमेव जयते

# ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
## ਗੁਰਦੁਆਰਾ ਚੋਣ ਨਿਦੇਸ਼ਾਲਾ ਦਾ ਦਫ਼ਤਰ

**ਦੂਜੀ ਮੰਜ਼ਿਲ, ਐਫ-ਬਲਾੱਕ, ਵਿਕਾਸ ਭਵਨ, ਆਈ.ਪੀ. ਇਸਟੇਟ, ਨਵੀਂ ਦਿੱਲੀ-110002**
**ਫੋਨ ਨੰਬਰ 23370225 ਈਮੇਲ ਆਈਡੀ: dge.2011@gmail.com**

**ਜਨਤੱਕ ਸੂਚਨਾ**

ਦਿੱਲੀ ਸਰਕਾਰ ਦੇ ਸਾਰੇ 46 ਗੁਰਦੁਵਾਰਾ ਵਾਰਡਾਂ ਦੀ ਨਵੀਂ ਫੋਟੋਯੁਕਤ ਮਤਦਾਤਾ ਸੂਚੀ ਤਿਆਰ ਕਰਨ ਲਈ ਮਿਤੀ 20.09.2025, 01.10.2025, 20.10.2025 ਅਤੇ 18.11.2025 ਅਤੇ 30.11.2025 ਦੀ ਜਨਤੱਕ ਸੂਚਨਾ ਦੇ ਕ੍ਰਮ 'ਚ, ਦਿੱਲੀ ਦੇ ਸਾਰੇ ਸਿਖ ਨਾਗਰਿਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖ ਮਤਦਾਤਾਵਾਂ ਦੇ ਪੰਜੀਕਰਣ ਲਈ ਆਵੇਦਨ ਪੱਤਰ (ਫੱਾਰਮ-2) ਪ੍ਰਾਪਤ ਕਰਨ ਦੀ ਅੰਤਿਮ ਮਿਤੀ ਜਨਹਿਤ 'ਚ 31.12.2025 ਤੋਂ ਵਧਾਕੇ 20.01.2026 ਕੀਤੀ ਜਾਂਦੀ ਹੈ। ਦਿੱਲੀ ਦੇ ਸਾਰੇ ਸਿੱਖ ਨਾਗਰਿਕਾਂ ਤੋਂ ਅਨੁਰੋਧ ਹੈ ਕਿ ਉਹ ਦਿੱਲੀ ਸਿੱਖ ਗੁਰਦੁਵਾਰਾ ਪ੍ਰਬੰਧਕ ਸਮਿਤੀ ਦੀ ਨਵੀਂ ਫੋਟੋਯੁਕਤ ਮਤਦਾਤਾ ਸੂਚੀ 'ਚ ਆਪਣੇ ਨਾਮ ਦਰਜ ਕਰਾਉਣ ਦੇ ਅਵਸਰ ਦਾ ਲਾਭ ਚੁੱਕਣ।

(ਮਨਵਿੰਦਰ ਸਿੰਘ)
ਨਿਦੇਸ਼ਕ (ਗੁਰਦੁਵਾਰਾ ਚੋਣ)

DIP/Shabdarth/Classified/0385/25-26

ਕੌਮੀ ਪਤ੍ਰਿਕਾ

ਪੰਜਾਬ ’ਚ ਮਾਂਹ ਦੀ ਬਿਜਾਈ 4 ਹਜ਼ਾਰ ਹੈਕਟੇਅਰ ’ਚ ਕੀਤੀ ਜਾਂਦੀ ਹੈ। ਇਸ ਦੀ ਮੰਗ ਲਗਾਤਾਰ ਵਧ ਰਹੀ ਹੈ, ਇਸ ਲਈ ਇਹ ਰਕਬਾ ਵਧਾਏ ਜਾਣ ਦੀ ਲੋੜ ਹੈ...





# ਇੰਜ ਲਓ ਮਾਂਹ ਦੀ ਵਧੇਰੇ ਪੈਦਾਵਾਰ

• ਡਾ. ਅਮਰੀਕ ਸਿੰਘ

ਦਾਲਾਂ ਮਨੁੱਖੀ ਖ਼ੁਰਾਕ ਦਾ ਬਹੁਤ ਜ਼ਰੂਰੀ ਹਿੱਸਾ ਹਨ। ਪੰਜਾਬ ’ਚ ਆਮ ਤੌਰ ’ਤੇ ਕਿਸਾਨਾਂ ਵੱਲੋਂ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਨਾਉਣ ਕਾਰਨ ਦਾਲਾਂ ਹੇਠ ਰਕਬਾ ਬਹੁਤ ਘਟ ਗਿਆ ਹੈ। ਵੱਸੋਂ ਵਿਚ ਲਗਾਤਾਰ ਵਾਧੇ ਅਤੇ ਦਾਲਾਂ ਦੀ ਪੈਦਾਵਾਰ ’ਚ ਆਈ ਖੜੋਤ ਕਾਰਨ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ 70 ਗ੍ਰਾਮ ਤੋਂ ਘਟ ਕੇ 27 ਗ੍ਰਾਮ ਰਹਿ ਗਈ ਹੈ, ਜੋ ਵਿਸ਼ਵ ਸਿਹਤ ਸੰਸਥਾ ਦੇ 80 ਗ੍ਰਾਮ ਪ੍ਰਤੀ ਵਿਅਕਤੀ ਦਾਲ ਦੇ ਮਾਪਦੰਡ ਤੋਂ ਕਾਫੀ ਘੱਟ ਹੈ। ਪੰਜਾਬ ਵਿਚ ਗਰਮ ਰੁੱਤ ਦੇ ਮਾਂਹ ਦੀ ਬਿਜਾਈ ਕਰੀਬ 4 ਹਜ਼ਾਰ ਹੈਕਟੇਅਰ ਰਕਬੇ ’ਚ ਕੀਤੀ ਜਾਂਦੀ ਹੈ ਅਤੇ ਦਾਲਾਂ ਹੇਠ ਰਕਬਾ ਸਾਲ 2015-16 ਦੌਰਾਨ 30 ਹਜ਼ਾਰ ਹੈਕਟੇਅਰ ਸੀ। ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸੇ ਸਮੇਂ ਰਿਆੜਕੀ ਦੇ ਇਲਾਕੇ ਦੇ ਮਾਂਹ ਮਸ਼ਹੂਰ ਹੁੰਦੇ ਸਨ। ਪੰਜਾਬ ਵਿਚ ਕੋਈ ਅਜਿਹਾ ਸਮਾਜਿਕ ਜਾਂ ਧਾਰਮਿਕ ਸਮਾਗਮ ਸੰਪੂਰਨ ਨਹੀਂ ਹੁੰਦਾ ਜਦ ਤਕ ਮਾਂਹ ਦੀ ਦਾਲ ਨਾ ਬਣੇ। ਜਦ ਕਦੇ ਬਾਹਰ ਕਿਸੇ ਢਾਬੇ ’ਤੇ ਰੋਟੀ ਖਾਣੀ ਹੋਵੇ ਤਾਂ ਮਾਂਹ ਦੀ ਦਾਲ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਮਾਂਹ ਦੀ ਦਾਲ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਜੇ ਉੱਦਮੀ ਕਿਸਾਨ ਮਾਂਹ ਦੀ ਪੈਦਾਵਾਰ ਨੂੰ ਖ਼ੁਦ ਇਕ ਕਿੱਲੋ ਤੋਂ ਪੰਜ ਕਿੱਲੋ ਤਕ ਦੀ ਪੈਕਿੰਗ ਕਰ ਕੇ ਖਪਤਕਾਰਾਂ ਨੂੰ ਸਿੱਧਾ ਮੰਡੀਕਰਨ ਕਰਨ ਤਾਂ ਹੋਰ ਵੀ ਫ਼ਾਇਦਾ ਲਿਆ ਜਾ ਸਕਦਾ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਮਾਦ ਦੀ ਫ਼ਸਲ ਵਿਚ ਅੰਤਰ-ਫ਼ਸਲ ਵੱਜੋਂ ਵੀ ਕੀਤੀ ਜਾ ਸਕਦੀ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਰ ਕੇ ਕਿਸਾਨ ਜਿੱਥੇ ਵਧੇਰੇ ਆਮਦਨ ਲੈ ਸਕਦੇ ਹਨ, ਉਥੇ ਇਸ ਦੀ ਉਪਜ ਨਾਲ ਜ਼ਮੀਨ ਦੀ ਸਿਹਤ ’ਚ ਵੀ ਸੁਧਾਰ ਆਉਂਦਾ ਹੈ।



## ਕੀੜੇ-ਮਕੌੜੇ

ਫਲੀ-ਛੇਦਕ ਸੁੰਡੀ ਮਾਂਹ ਦੇ ਪੱਤਿਆਂ, ਫਲੀਆਂ ਅਤੇ ਫੁੱਲਾਂ ਨੂੰ ਖਾ ਕੇ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫਲੀਆਂ ਵਿਚ ਮੋਰੀਆਂ, ਬੂਟਿਆਂ ਹੇਠ ਜ਼ਮੀਨ ਉੱਤੇ ਗੂੜ੍ਹੇ ਹਰੇ ਰੰਗ ਦੀਆਂ ਵਿੱਠਾਂ ਤੋਂ ਲਗਾਇਆ ਜਾ ਸਕਦਾ ਹੈ। ਇਸ ਦੀ ਰੋਕਥਾਮ ਹਮਲਾ ਸ਼ੁਰੂ ਹੋਣ ’ਤੇ ਸਪਾਈਨੋਸੈਡ 45 ਐੱਸਸੀ ਜਾਂ 200 ਮਿਲੀਲਿਟਰ ਐਡੋਸਕਾਰਬ 14.5 ਐੱਸਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਨੈਪਸੈਕ ਪੰਪ ਨਾਲ ਪ੍ਰਤੀ ਏਕੜ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਜੇ ਜ਼ਰੂਰਤ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

### ਉੱਨਤ ਕਿਸਮਾਂ ਤੇ ਪੈਦਾਵਾਰ

ਮਾਂਹ ਦੀ ਫ਼ਸਲ ਹੋਰਨਾਂ ਦਾਲਾਂ ਨਾਲੋਂ ਵਧੇਰੇ ਗਰਮੀ ਸਹਾਰਨ ਦੇ ਸਮਰੱਥ ਹੋਣ ਕਾਰਨ ਇਸ ਦੀ ਕਾਸ਼ਤ ਲਈ ਗਰਮ ਜਲਵਾਯੂ ਦੀ ਜ਼ਰੂਰਤ ਹੈ। ਇਸ ਦੀ ਕਾਸ਼ਤ ਲਈ ਪਾਣੀ ਦੇ ਚੰਗੇ ਨਿਕਾਸ ਵਾਲੀ ਭੱਲ ਤੋਂ ਰੇਤਲੀ ਭੱਲ ਵਾਲੀ ਜ਼ਮੀਨ ਬਹੁਤ ਢੁੱਕਵੀਂ ਹੈ। ਮਾਂਹ ਦੀ ਕਾਸਤ ਲਈ ਦੋ ਕਿਸਮਾਂ, ਮਾਂਹ-1008 ਅਤੇ ਮਾਂਹ-218 ਦੀ ਸਿਫਾਰਸ਼ ਕੀਤੀ ਗਈ ਹੈ। ਮਾਂਹ-1008 ਕਿਸਮ ਨੂੰ ਭਰਪੂਰ ਫਲੀਆਂ ਲਗਦੀਆਂ ਹਨ ਅਤੇ ਇਕਸਾਰ ਪੱਕਦੀਆਂ ਹਨ। ਇਹ ਕਿਸਮ ਕਰੀਬ 72 ਦਿਨਾਂ ’ਚ ਪੱਕ ਜਾਂਦੀ ਹੈ। ਇਸ ਕਿਸਮ ਨੂੰ ਪੀਲੀ ਚਿਤਕਬਰੀ ਅਤੇ ਪੱਤਿਆਂ ਦਾ ਝੁਰੜ-ਮੁਰੜ ਵਿਸਾਣੂ ਰੋਗ ਵੀ ਘੱਟ ਲਗਦਾ ਹੈ। ਇਸ ਦੀ ਔਸਤ ਪੈਦਾਵਾਰ 4.5 ਕੁਇੰਟਲ ਪ੍ਰਤੀ ਏਕੜ ਹੈ। ਮਾਂਹ-2018 ਕਿਸਮ ਕਰੀਬ 75 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤ ਪੈਦਾਵਾਰ 4.00 ਕੁਇੰਟਲ ਪ੍ਰਤੀ ਏਕੜ ਹੈ।

### ਬਿਜਾਈ ਅਤੇ ਬੀਜ ਦੀ ਮਾਤਰਾ

ਆਮ ਤੌਰ ’ਤੇ ਕਿਸਾਨ 10-15 ਕਿੱਲੋ ਬੀਜ ਪ੍ਰਤੀ ਏਕੜ ਵਰਤਦੇ ਹਨ, ਜਿਸ ਕਾਰਨ ਝਾੜ ਘੱਟ ਨਿਕਲਦਾ ਹੈ। ਵਧੇਰੇ ਪੈਦਾਵਾਰ ਲੈਣ ਲਈ 20 ਕਿੱਲੋ ਬੀਜ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ। ਇਸ ਦੀ ਬਿਜਾਈ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤਕ 22.5 ਸੈਂਟੀਮੀਟਰ ਚੌੜੀਆਂ ਕਤਾਰਾਂ ਵਿਚ ਅਤੇ ਬੂਟੇ ਤੋਂ ਬੂਟੇ ਵਿਚਲਾ ਫ਼ਾਸਲਾ 4.5 ਸੈਂਟੀਮੀਟਰ ਰੱਖਦੇ ਹੋਏ ਕਰਨੀ ਚਾਹੀਦਾ ਹੈ। ਬਿਜਾਈ ਸਮੇਂ 11 ਕਿੱਲੋ ਯੂਰੀਆ ਅਤੇ 60 ਕਿੱਲੋ ਸਿੰਗਲ ਸੁਪਰਫਾਸਫੇਟ ਖਾਦ ਡਰਿਲ ਕਰ ਦੇਣੀ ਚਾਹੀਦੀ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਮਾਂਹ ਦੀ ਕਾਸ਼ਤ ਬਿਨਾਂ ਕਿਸੇ ਖਾਦ ਦੀ ਵਰਤੋਂ ਕੀਤਿਆਂ ਵੀ ਕੀਤੀ ਜਾ ਸਕਦੀ ਹੈ।

### ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ ਚਾਰ ਹਫ਼ਤੇ ਅਤੇ ਦੂਜੀ ਗੋਡੀ ਉਸ ਤੋਂ ਦੋ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਮੌਸਮੀ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਇਕ ਲਿਟਰ ਪੈਂਡੀਮੈਥਾਲਿਨ 30 ਈਸੀ ਨੂੰ 150 ਤੋਂ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਲੰਬੀ ਉਮਰ ਦੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਗੋਡੀ ਕਰਨੀ ਚਾਹੀਦੀ ਹੈ। ਮੌਸਮ ਅਤੇ ਜ਼ਮੀਨ ਦੀ ਕਿਸਮ ਦੇ ਅਨੁਸਾਰ ਮਾਂਹ ਦੀ ਫ਼ਸਲ ਨੂੰ ਤਿੰਨ ਤੋਂ ਪੰਜ ਪਾਣੀ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 25 ਦਿਨ ਅਤੇ ਆਖ਼ਰੀ ਪਾਣੀ 60 ਦਿਨਾਂ ਬਾਅਦ ਲਗਾਉਣਾ ਚਾਹੀਦਾ ਹੈ।

### ਤੰਬਾਕੂ ਸੁੰਡੀ

ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਤੇ ਵੱਡੀਆਂ ਸੁੰਡੀਆਂ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ। ਛੋਟੀਆਂ ਸੁੰਡੀਆਂ ਝੁੰਡਾਂ ’ਚ ਪੱਤਿਆਂ ਦਾ ਹਰਾ ਮਾਦਾ ਖਾ ਕੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਪੱਤਿਆਂ, ਡੋਡੀਆਂ, ਫੁੱਲਾਂ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਫ਼ਸਲ ਦੀ ਬਿਜਾਈ ਸਮੇਂ ਸਿਰ ਕਰੋ। ਨਦੀਨਾਂ ਵਿੱਚੋਂ ਖ਼ਾਸ ਕਰ ਕੇ ਇੱਟਸਿਟ/ਚੁਪੱਤੀ ਦੀ ਰੋਕਥਾਮ ਕਰੋ। ਸ਼ੁਰੂਆਤੀ ਹਮਲੇ ਸਮੇਂ ਪ੍ਰਭਾਵਤ ਬੂਟੇ ਨੂੰ ਨਸ਼ਟ ਕਰ ਕੇ ਸੁੰਡੀਆਂ ਦਾ ਖ਼ਾਤਮਾ ਕਰੋ। ਜੇ ਹਮਲਾ ਜ਼ਿਆਦਾ ਹੁੰਦਾ ਹੈ ਤਾਂ 150 ਮਿਲੀਲਿਟਰ ਨੁਵਾਕਰੋਨ 10 ਈਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਜਾਂ 1.5 ਲਿਟਰ ਕਲੋਰੋਪਾਈਰੀਫਾਸ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਛਿੜਕਾਅ ਦੁਬਾਰਾ ਕਰੋ।

*ਮੋਬਾਈਲ 94630-71919*

ਹਰੀ ਕ੍ਰਾਂਤੀ ਦੌਰਾਨ ਡਾ. ਦੇਵ ਰਾਜ ਭੂੰਬਲਾ ਦੀ ਅਗਵਾਈ ’ਚ ਵਿਗਿਆਨੀਆਂ ਨੇ ਵੱਧ ਝਾੜ ਵਾਲੀਆਂ ਫ਼ਸਲਾਂ ਦੀਆਂ ਕਈ ਕਿਸਮਾਂ ਵਿਕਸਿਤ ਕੀਤੀਆਂ ਤੇ ਦੇਸ਼ ਦੇ ਅੰਨ ਭੰਡਾਰ ਨੂੰ ਭਰਿਆ...

# ਖੇਤੀ ਵਿਗਿਆਨ ਦਾ ਧਰੂ ਤਾਰਾ ਡਾ. ਦੇਵ ਰਾਜ ਭੂੰਬਲਾ

• ਨਰਿੰਦਰਪਾਲ ਸਿੰਘ

ਦੇਸ਼ ਦੇ ਅੰਨ ਭੰਡਾਰ ਨੂੰ ਭਰ ਕੇ ਭੋਜਨ ਸੁਰੱਖਿਆ ਪ੍ਰਦਾਨ ਕਰਨ ’ਚ ਪੰਜਾਬ ਮੋਹਰੀ ਸੂਬਾ ਹੈ। ਜਿਸ ਦਾ ਸਿਹਰਾ ਮੁੱਢਲੇ ਖੇਤੀ ਵਿਗਿਆਨੀਆਂ ਨੂੰ ਜਾਂਦਾ ਹੈ, ਜਿਨ੍ਹਾਂ ਦੀਆਂ ਖੇਤੀ ਪਿਰਤਾਂ ਨੂੰ ਪੰਜਾਬ ਤੇ ਦੂਸਰੇ ਸੂਬਿਆਂ ਦੇ ਕਿਸਾਨਾਂ ਨੇ ਆਪਣਾਇਆ। ਹਰੀ ਕ੍ਰਾਂਤੀ ਦੇ ਨਿਰਮਾਤਾ ਇਨ੍ਹਾਂ ਖੇਤੀ ਵਿਗਿਆਨੀਆਂ ’ਚ ਧਰੂ ਤਾਰੇ ਵਾਂਗ ਚਮਕਦਾ ਨਾਂ ਹੈ ਡਾ. ਦੇਵ ਰਾਜ ਭੂੰਬਲਾ ਦਾ, ਜਿਨ੍ਹਾਂ ਨੂੰ ਐਗਰੀਕਲਚਰਲ ਕਮਿਸ਼ਨਰ, ਡਿਪਟੀ ਡਾਇਰੈਕਟਰ ਜਨਰਲ ਤੇ ਹੋਰ ਮਹੱਤਵਪੂਰਨ ਅਹੁਦਿਆਂ ’ਤੇ ਸੇਵਾ ਨਿਭਾਉਣ ਦਾ ਮਾਣ ਹਾਸਲ ਹੋਇਆ।

ਛੋਟੇ ਜਿਹੇ ਕਿਸਾਨ ਪਰਿਵਾਰ ਤੋਂ ਉੱਠ ਕੇ ਪ੍ਰਸਿੱਧ ਭੂਮੀ ਵਿਗਿਆਨੀ ਵਜੋਂ ਜਾਣੇ ਜਾਂਦੇ ਡਾ. ਦੇਵ ਰਾਜ ਭੂੰਬਲਾ ਦਾ ਜਨਮ ਪਿੰਡ ਮਾਲ੍ਹੇਵਾਲ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਚੌਧਰੀ ਨਿਸ਼ਾ ਰਾਮ ਤੇ ਮਾਤਾ ਮਹੇਸ਼ਵਰੀ ਦੇਵੀ ਦੇ ਘਰ 6 ਦਸੰਬਰ 1921 ਨੂੰ ਹੋਇਆ। ਪ੍ਰਾਇਮਰੀ ਤਕ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਭੂੰਬਲਾ ਨੇ ਡਿਸਟ੍ਰਿਕ ਬੋਰਡ ਹਾਈ ਸਕੂਲ ਸਾਹਿਬਾਂ ਤੋਂ ਅੱਠਵੀਂ ਜਮਾਤ ਪਾਸ ਕੀਤੀ। ਉਪਰੰਤ ਉਚੇਰੀ ਵਿੱਦਿਆ ਲਈ ਗੌਰਮਿੰਟ ਹਾਈ ਸਕੂਲ, ਗੜ੍ਹਸ਼ੰਕਰ ਵਿਖੇ ਦਾਖ਼ਲਾ ਲਿਆ। ਇਥੇ ਉਨ੍ਹਾਂ ਦੀ ਮੁਲਾਕਾਤ ਡਾ. ਜਸਵੰਤ ਸਿੰਘ ਕੰਵਰ ਨਾਲ ਹੋਈ, ਜਿਨ੍ਹਾਂ ਨੇ ਉਨ੍ਹਾਂ ਨੂੰ ਖੇਤੀ ਵਿਗਿਆਨ ਵਾਲੇ ਪਾਸੇ ਤੋਰਿਆ। ਡਾ. ਜਸਵੰਤ ਸਿੰਘ ਕੰਵਰ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪਹਿਲਾ ਨਿਰਦੇਸ਼ਕ ਖੋਜ ਬਣਨ ਦਾ ਮਾਣ ਹਾਸਲ ਹੋਇਆ। 10ਵੀਂ ਤੋਂ ਬਾਅਦ ਭੂੰਬਲਾ ਨੇ 1944 ਵਿਚ ਲਾਇਲਪੁਰ ਦੇ ਖੇਤੀਬਾੜੀ ਕਾਲਜ ਤੋਂ ਬੀਐੱਸਸੀ ਐਗਰੀਕਲਚਰ ਕੀਤੀ।

ਉਨ੍ਹੀਂ ਦਿਨੀਂ ਬਰਤਾਨਵੀ ਸਰਕਾਰ ਖੇਤੀ ਖੋਜਾਂ ਨੂੰ ਪ੍ਰਫੁਲਤ ਕਰ ਰਹੀ ਸੀ। ਸਿੱਖਿਆ ਪ੍ਰਾਪਤ ਕਰਨ ਉਪਰੰਤ ਆਈਸੀਏਆਰ ਦੀ ਵੀਟ ਪ੍ਰੋਟੀਨ ਸਰਵੇ ਆਫ਼ ਇੰਡੀਆ ਸਕੀਮ ਤਹਿਤ ਉਨ੍ਹਾਂ ਨੇ ਕੈਮੀਕਲ ਅਸਿਸਟੈਂਟ ਵਜੋਂ ਕਾਲਜ ਦੇ ਸੀਰੀਅਲ ਸੈਕਸ਼ਨ ’ਚ ਮਿਲਿੰਗ ਤੇ ਬੇਕਿੰਗ ਲੈਬੋਰੇਟਰੀ ’ਚ ਖੋਜ ਕਾਰਜ ਸ਼ੁਰੂ ਕੀਤਾ। ਭਾਰਤ-ਪਾਕਿ ਵੰਡ ਉਪਰੰਤ ਉਨ੍ਹਾਂ ਨੇ ਕੁਝ ਸਮਾਂ ਪੁਨਰ-ਵਸੇਬਾ ਵਿਭਾਗ ’ਚ ਵਿਸ਼ੇਸ਼ ਤਹਿਸੀਲਦਾਰ ਵਜੋਂ ਸੇਵਾ ਨਿਭਾਈ ਤੇ ਮਾਰਚ 1948 ’ਚ ਡਿਸਟ੍ਰਿਕ ਰਿਸਰਚ ਫਾਰਮ ਅੰਬਾਲਾ ਵਿਖੇ ਮੁੜ ਕੈਮੀਕਲ ਅਸਿਸਟੈਂਟ ਵਜੋਂ ਅਹੁਦਾ ਸੰਭਾਲਿਆ। ਅੰਬਾਲਾ ਤੇ ਨਰਾਇਣਗੜ੍ਹ ਵਿਖੇ ਸੇਵਾ ਨਿਭਾਈ। 1951 ’ਚ ਉਨ੍ਹਾਂ ਦੀ ਨਿਯੁਕਤੀ ਲੁਧਿਆਣਾ ਦੇ ਕਮਿਸਟਰੀ ਵਿਭਾਗ ’ਚ ਐਗਰੀਕਲਚਰ ਇੰਸਪੈਕਟਰ ਵਜੋਂ ਹੋਈ ਜਿੱਥੇ ਉਨ੍ਹਾਂ ਦੀ ਮੁਲਾਕਾਤ ਡਾ. ਐੱਸਡੀ ਨਿਝਾਵਨ ਨਾਲ ਹੋਈ, ਜਿਨ੍ਹਾਂ ਦੀ ਪ੍ਰੇਰਨਾ ਨਾਲ ਭੂੰਬਲਾ ਨੇ 1956 ’ਚ ਐੱਮਐੱਸਸੀ ਕੀਤੀ। ਭੂਮੀ ਵਿਗਿਆਨ ’ਚ ਉਨ੍ਹਾਂ ਦੀ ਖੋਜ ਪੰਜਾਬ ’ਚ ਹਰੀ ਕ੍ਰਾਂਤੀ ਦੇ ਆਧਾਰ ਦਾ ਹਿੱਸਾ ਬਣੀ, ਜਿਸ ਨਾਲ ਪੰਜਾਬ ਦੀ ਜ਼ਰਖੇਜ਼ ਧਰਤੀ ਨੇ ਸੋਨੇ ਵਰਗੀਆਂ ਫ਼ਸਲਾਂ ਪੈਦਾ ਕਰ ਕੇ ਦੇਸ਼ ਦੇ ਅੰਨ-ਭੰਡਾਰ ਨੂੰ ਭਰਨ ’ਚ ਯੋਗਦਾਨ ਪਾਇਆ। ਦੇਵ ਰਾਜ ਭੂੰਬਲਾ ਨੇ ਓਹਾਈਓ ਸਟੇਟ ਯੂਨੀਵਰਸਿਟੀ ਕੋਲੰਬਸ ਤੋਂ 1962 ’ਚ ਡਾਕਟਰੇਟ ਕੀਤੀ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਥਾਪਨਾ 1962 ’ਚ ਹੋਈ। ਯੂਐੱਸਏ ਦੇ ਲੈਂਡ ਗਰਾਂਟ ਕਾਲਜ ਦੀ ਤਰਜ਼ ’ਤੇ ਬਣੀ ਇਸ ਯੂਨੀਵਰਸਿਟੀ ਨੇ ਖੇਤੀਬਾੜੀ, ਖੇਤੀ ਇੰਜੀਨੀਅਰਿੰਗ, ਬੇਸਿਕ ਸਾਇੰਸਿਜ਼, ਹੋਮ ਸਾਇੰਸ ਤੇ ਇਨ੍ਹਾਂ ਨਾਲ ਸਬੰਧਤ ਵਿਸ਼ਿਆਂ ’ਚ ਖੋਜ, ਅਧਿਆਪਨ ਤੇ ਪਸਾਰ ਕਾਰਜਾਂ ’ਚ ਵਿਸ਼ੇਸ਼ ਮੱਲਾਂ ਮਾਰੀਆਂ। ਪੀਐੱਨ ਥਾਪਰ ਇਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ, ਜਿਨ੍ਹਾਂ ਨੇ ਦੂਰ-ਅੰਦੇਸ਼ੀ ਸਦਕਾ ਵੱਖ-ਵੱਖ ਕਾਲਜ ਤੇ ਵਿਭਾਗ ਸਥਾਪਿਤ ਕੀਤੇ ਉਥੇ ਡਾ. ਅਵਤਾਰ ਸਿੰਘ ਅਟਵਾਲ, ਡਾ. ਦਿਲਬਾਗ ਸਿੰਘ ਅਥਵਾਲ, ਡਾ. ਜਸਵੰਤ ਸਿੰਘ ਕੰਵਰ ਤੇ ਡਾ. ਜੀਐੱਸ ਸਿੱਧੂ ਵਰਗੇ ਵਿਗਿਆਨੀਆਂ ਨੂੰ



ਯੂਨੀਵਰਸਿਟੀ ’ਚ ਨਿਯੁਕਤ ਕੀਤਾ। ਹਰੀ ਕ੍ਰਾਂਤੀ ਦੇ ਇਸ ਦੌਰ ’ਚ ਡਾ. ਦੇਵ ਰਾਜ ਭੂੰਬਲਾ ਨੇ ਵੀ ਯੂਨੀਵਰਸਿਟੀ ਦੇ ਭੂਮੀ ਵਿਭਾਗ ਤੇ ਪ੍ਰਸ਼ਾਸਨਿਕ ਖੇਤਰ ’ਚ ਵੱਖ-ਵੱਖ ਅਹੁਦਿਆਂ ’ਤੇ ਸੇਵਾ ਨਿਭਾਈ ਤੇ ਖੇਤੀ ਖੋਜ ਨੂੰ ਚੰਗਾ ਹੁਲਾਰਾ ਦਿੱਤਾ। ਉਨ੍ਹਾਂ ਦੀ ਅਗਵਾਈ ’ਚ ਵਿਗਿਆਨੀਆਂ ਵੱਲੋਂ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੇ ਕਈ ਤਜ਼ਰਬੇ ਕੀਤੇ ਗਏ। ਕਈ ਕਿਸਮਾਂ ਵਿਕਸਿਤ ਹੋਈਆਂ, ਜਿਸ ਨਾਲ ਪੰਜਾਬ ’ਚ ਅੰਨ ਦੇ ਅੰਬਾਰ ਲੱਗ ਗਏ। ਡਾ. ਭੂੰਬਲਾ ਦੀ ਟੀਮ ਦੇ ਖੋਜ ਕਾਰਜਾਂ ਨੂੰ ਵੀਸੀ ਪੀਐੱਨ ਥਾਪਰ ਵੱਲੋਂ ਅੰਤਰਰਾਸ਼ਟਰੀ ਪੱਧਰ ਦਾ ਐਲਾਨਿਆ ਗਿਆ। ਖੇਤੀ ਗਿਆਨ ਵਿਗਿਆਨ ਦੇ ਧਰੂ ਤਾਰੇ ਵਾਂਗ ਚਮਕਦੇ ਡਾ. ਦੇਵਰਾਜ ਭੂੰਬਲਾ ਨਵੇਂ ਖੇਤੀ ਵਿਗਿਆਨੀਆਂ ਦਾ ਚਾਨਣ ਮੁਨਾਰਾ ਹਨ।

*ਮੋਬਾਈਲ 98141-79010*

# ਗ਼ੈਰ ਰਵਾਇਤੀ ਊਰਜਾ ਸਰੋਤ ਸਮੇਂ ਦੀ ਮੁੱਖ ਲੋੜ

• ਅਜੈਬ ਸਿੰਘ, ਮਨਿੰਦਰ ਸਿੰਘ ਬੌਂਸ

ਮਨੁੱਖੀ ਸੱਭਿਅਤਾ ਦੀ ਤਰੱਕੀ ਊਰਜਾ ਦੇ ਸਾਧਨਾਂ ’ਤੇ ਨਿਰਭਰ ਕਰਦੀ ਹੈ। ਸਨਅਤੀਕਰਨ ਦੀ ਤੇਜ਼ ਰਫ਼ਤਾਰ ਕਾਰਨ ਊਰਜਾ ਦੀ ਲੋੜ ਵੀ ਤੇਜ਼ੀ ਨਾਲ ਵਧ ਰਹੀ ਹੈ। ਪਰ ਊਰਜਾ ਦੇ ਸਰੋਤ ਓਨੀ ਤੇਜ਼ੀ ਨਾਲ ਊਰਜਾ ਪੈਦਾ ਨਹੀਂ ਕਰ ਰਹੇ, ਜਿੰਨੀ ਤੇਜ਼ੀ ਨਾਲ ਊਰਜਾ ਦੀ ਲੋੜ ਵਧ ਰਹੀ ਹੈ। ਊਰਜਾ ਦੇ ਪ੍ਰਚਲਤ ਸਰੋਤਾਂ ਪੈਟਰੋਲ, ਡੀਜ਼ਲ ਕੋਲੇ ਆਦਿ ਦੀ ਧਰਤੀ ਹੇਠ ਇਕ ਸੀਮਤ ਮਾਤਰਾ ਹੈ, ਜੋ ਦਿਨੋਂ ਦਿਨ ਖ਼ਰਚ ਕੀਤੇ ਜਾਣ ਕਾਰਨ ਘਟ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਵਰਤੋਂ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਕਰ ਰਹੀ ਹੈ। ਆਪਣੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਚੰਗਾ ਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨਾ ਸਾਡੀ ਮੁਢਲੀ ਜ਼ਿੰਮੇਵਾਰੀ ਹੈ। ਇਸ ਲਈ ਸਾਨੂੰ ਗ਼ੈਰ ਰਵਾਇਤੀ ਊਰਜਾ ਸੋਮੇ ਵੱਲ ਵਧਣਾ ਹੀ ਪਵੇਗਾ ਅਤੇ ਇਹ ਸਮੇਂ ਦੀ ਮੁੱਖ ਲੋੜ ਵੀ ਹੈ।

### ਸੂਰਜੀ ਊਰਜਾ ਦੇ ਉਪਕਰਣ

ਸੂਰਜੀ ਊਰਜਾ ਕਦੇ ਨਾ ਖ਼ਤਮ ਹੋਣ ਵਾਲਾ ਕੁਦਰਤੀ ਸੋਮਾ ਹੈ। ਇਸ ਦਾ ਫ਼ਾਇਦਾ ਲੈਣ ਲਈ ਸੂਰਜੀ ਊਰਜਾ ਨਾਲ ਚੱਲਣ ਵਾਲੇ ਉਪਕਰਣਾਂ ਨੂੰ ਵਰਤੋਂ ’ਚ ਲਿਆਂਦਾ ਜਾ ਸਕਦਾ ਹੈ

### ਸੋਲਰ ਕੁੱਕਰ

ਸੋਲਰ ਕੁੱਕਰ ਇਕ ਬੰਦ ਕਾਲਾ ਡੱਬਾ ਹੁੰਦਾ ਹੈ। ਇਸ ਵਿਚ ਇਕ ਸ਼ੀਸ਼ੇ ਦੁਆਰਾ ਸੂਰਜੀ ਕਿਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਿਰਨਾਂ ਡੱਬੇ ਅੰਦਰ ਇੰਨਾ ਤਾਪਮਾਨ ਪੈਦਾ ਕਰਦੀਆਂ ਹਨ ਕਿ ਇਸ ਵਿਚ ਹਰ ਤਰ੍ਹਾਂ ਦੇ ਭੋਜਨ ਤਲੇ ਅਤੇ ਪਕਾਏ ਜਾ ਸਕਦੇ ਹਨ। ਸੋਲਰ ਕੁੱਕਰ ਦੀ ਵਰਤੋਂ ਨਾਲ ਪ੍ਰਦੂਸ਼ਣ ਵੀ ਨਹੀਂ ਫ਼ੈਲਦਾ ਅਤੇ ਖਾਣੇ ਦਾ ਸੁਆਦ ਤੇ ਪੌਸ਼ਟਿਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਇਕ ਸ਼ੀਸ਼ੇ ਵਾਲਾ ਅਤੇ ਦੋ ਸ਼ੀਸ਼ਿਆਂ ਵਾਲਾ, ਦੋ ਤਰ੍ਹਾਂ ਦੇ ਸੋਲਰ ਕੁੱਕਰ ਬਣਾਏ ਗਏ ਹਨ। ਇਕ ਸ਼ੀਸ਼ੇ ਵਾਲੇ ਸੋਲਰ ਕੁੱਕਰ ਦੀ ਕੀਮਤ ਤਿੰਨ ਹਜ਼ਾਰ ਅਤੇ ਦੋ ਸ਼ੀਸ਼ਿਆਂ ਵਾਲੇ ਸੋਲਰ ਕੁੱਕਰ ਦੀ ਕੀਮਤ 3700 ਰੁਪਏ ਹੈ।

### ਸੂਰਜੀ ਜਿਨਸ ਸੁਕਾਵਾ (ਡਰਾਇਰ)

ਇਸ ਦੀ ਮਦਦ ਨਾਲ ਪਿਆਜ਼, ਮੇਥੀ, ਅਦਰਕ, ਲਸਣ, ਹਲਦੀ ਆਦਿ ਵਸਤਾਂ ਸੁਕਾਈਆਂ ਜਾ ਸਕਦੀਆਂ ਹਨ। ਇਸ ਵਿਧੀ ਨਾਲ ਸੁਕਾਈਆਂ ਵਸਤਾਂ ਮਿੱਟੀ ਤੇ ਗੰਦਗੀ ਤੋਂ ਰਹਿਤ ਹੁੰਦੀਆਂ ਹਨ। ਪੀਏਯੂ ਦੇ ਇਸ ਘਰੇਲੂ ਸੂਰਜੀ ਜਿਨਸ ਸੁਕਾਵੇ ਦੀ ਕੀਮਤ 2200 ਰੁਪਏ ਹੈ।

### ਫੋਟੋ ਵੋਲਟਿਕ ਸੈੱਲ

ਫੋਟੋ ਵੋਲਟਿਕ ਸੈੱਲਾਂ ਦੀ ਵਰਤੋਂ ਨਾਲ ਬਿਜਲੀ ਪੈਦਾ ਕਰ ਕੇ ਘਰਾਂ ਤੇ ਜਨਤਕ ਥਾਵਾਂ ’ਤੇ ਰੋਸ਼ਨੀ ਕੀਤੀ ਜਾ ਸਕਦੀ ਹੈ।

### ਬਾਇਓ ਗੈਸ

ਘਰਾਂ ਦੇ ਕੂੜੇ ਤੇ ਪਸ਼ੂਆਂ ਦੇ ਗੋਹੇ ਤੋਂ ਬਾਇਓ ਗੈਸ ਬਣਾਈ ਜਾਂਦੀ ਹੈ। ਬਾਇਓ ਗੈਸ ਪੌਦਿਆਂ, ਜਾਨਵਰਾਂ ਤੇ ਮਨੁੱਖੀ ਜੀਵਾਂ ’ਚ ਪਾਏ ਜਾਣ ਵਾਲੇ ਜੈਵਿਕ ਮਾਦੇ ਨੂੰ ਆਖਦੇ ਹਨ। ਇਹ ਵੀ ਸੂਰਜ ਦੀ ਅਸਿੱਧੀ



ਸ਼ਕਤੀ ਦੀ ਇਕ ਵਿਧੀ ਹੈ। ਇਹ ਵਾਤਾਵਰਨ ਨੂੰ ਪ੍ਰਦੂਸ਼ਿਤ ਨਹੀਂ ਕਰਦੀ ਤੇ ਇਸ ਤੋਂ ਬਣੀ ਖਾਦ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ। ਬਾਇਓ ਗੈਸ ਭੋਜਨ ਬਣਾਉਣ, ਰੋਸ਼ਨੀ, ਡੀਜ਼ਲ ਇੰਜਣ ਆਦਿ ਚਲਾਉਣ ਲਈ ਵਰਤੀ ਜਾ ਸਕਦੀ ਹੈ। ਇਕ ਘਣ ਮੀਟਰ ਬਾਇਓ ਗੈਸ ਨਾਲ 3.50 ਕਿੱਲੋ ਲੱਕੜੀ, 12.30 ਕਿੱਲੋ ਪਾਥੀਆਂ, 1.6 ਕਿੱਲੋ ਕੋਲਾ, 0.62 ਲਿਟਰ ਮਿੱਟੀ ਦਾ ਤੇਲ, 0.43 ਕਿੱਲੋ ਪੈਟਰੋਲੀਅਮ ਗੈਸ, 0.52 ਲਿਟਰ ਡੀਜ਼ਲ ਦੀ ਬੱਚਤ ਕੀਤੀ ਜਾ ਸਕਦੀ ਹੈ। ਇਨ੍ਹਾਂ ਉਪਕਰਣਾਂ ਦੀ ਖ਼ਰੀਦ ਜਾਂ ਬਣਵਾਉਣ ’ਤੇ ਪੰਜਾਬ ਵਿਕਾਸ ਏਜੰਸੀ (ਪੀਡਾ) ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ।

### ਸੋਲਰ ਵਾਟਰ ਹੀਟਰ



ਸੋਲਰ ਵਾਟਰ ਹੀਟਿੰਗ ਸਿਸਟਮ ਤਿੰਨ ਤਰ੍ਹਾਂ ਦੇ ਹੁੰਦੇ ਹਨ। ਫਲੈਟ ਪਲੇਟ ਕੁਲੈਕਟਰ ਸਿਸਟਮ, ਟਿਊਬਾਂ ਵਾਲਾ ਕੁਲੈਕਟਰ ਸਿਸਟਮ ਤੇ ਪੈਰਾਬੋਲਿਕ ਜਾਂ ਡਿਸ਼ ਟਾਈਪ ਸਿਸਟਮ। ਫਲੈਟ ਪਲੇਟ ਕੁਲੈਕਟਰ ਤੇ ਟਿਊਬਾਂ ਵਾਲਾ ਕੁਲੈਕਟਰ ਸਿਸਟਮ 80 ਡਿਗਰੀ ਸੈਂਟੀਗ੍ਰੇਡ ਤਕ ਪਾਣੀ ਗਰਮ ਕਰ ਸਕਦੇ ਹਨ। ਪੈਰਾਬੋਲਿਕ ਸਿਸਟਮ 80 ਡਿਗਰੀ ਤੋਂ ਉੱਪਰ ਪਾਣੀ ਗਰਮ ਜਾਂ ਭਾਫ਼ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।

*ਮੋਬਾਈਲ 94647-64320*

# ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਮਾਰੀਆਂ ਤੋਂ ਰੋਕਥਾਮ

• ਹ.ਸ. ਰੰਧਾਵਾ, ਸ.ਸ. ਕੰਗ

ਪੰਜਾਬ ਵਿਚ ਸਬਜ਼ੀਆਂ ਦੀ ਕਾਸਤ ਲਗਪਗ 2.03 ਲੱਖ ਹੈਕਟੇਅਰ ਰਕਬੇ ’ਚ ਕੀਤੀ ਜਾਂਦੀ ਹੈ ਤੇ ਔਸਤ ਪੈਦਾਵਾਰ 19.68 ਟਨ ਪ੍ਰਤੀ ਹੈਕਟੇਅਰ ਹੈ।।ਪੰਜਾਬ ਵਿਚ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਮਹੱਤਵਪੂਰਨ ਸਥਾਨ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਦੂਜੀਆਂ ਸਬਜ਼ੀਆਂ ਦੇ ਮੁਕਾਬਲੇ ਬੇਹੱਦ ਸੌਖੀ ਹੈ। ਇਨ੍ਹਾਂ ਦੀਆਂ ਵੇਲਾਂ ਨੂੰ ਖੇਤ ਤੋਂ ਇਲਾਵਾ ਕਿਸੇ ਵੀ ਫਾਲਤੂ ਜਗ੍ਹਾ, ਕੰਧਾਂ, ਤੂੜੀ ਵਾਲੇ ਕੁੱਪ, ਦਰੱਖ਼ਤਾਂ ਆਦਿ ਦੇ ਨੇੜੇ ਵੀ ਉਗਾਇਆ ਜਾ ਸਕਦਾ ਹੈ। ਇਨ੍ਹਾਂ ਫ਼ਸਲਾਂ ’ਚ ਬਿਮਾਰੀਆਂ ਨੂੰ ਸਹਾਰਨ ਦੀ ਸਮਰਥਾ ਘੱਟ ਹੁੰਦੀ ਹੈ। ਇਨ੍ਹਾਂ ’ਤੇ ਬਿਮਾਰੀ ਦੇ ਹਮਲੇ ਦੀਆਂ ਨਿਸ਼ਾਨੀਆਂ ਤੇ ਰੋਕਥਾਮ ਦੇ ਤਰੀਕੇ ਇਹ ਹਨ :

### ਪੀਲੇ ਧੱਬਿਆਂ ਦਾ ਰੋਗ

ਇਸ ਬਿਮਾਰੀ ਨਾਲ ਸ਼ੁਰੂ ਵਿਚ ਪੱਤਿਆਂ ਦੇ ਹੇਠਲੇ ਪਾਸੇ ਪਾਣੀ ਭਿੱਜੇ ਧੱਬੇ ਬਣ ਜਾਂਦੇ ਹਨ, ਜੋ ਬਾਅਦ ’ਚ ਮਿਲ ਕੇ ਵੱਡਾ ਆਕਾਰ ਲੈ ਲੈਂਦੇ ਹਨ। ਪੱਤੇ ਉੱਪਰ ਪੀਲੇ ਧੱਬੇ ਬਣ ਜਾਂਦੇ ਹਨ। ਸਵੇਰ ਵੇਲੇ ਇਨ੍ਹਾਂ ਧੱਬਿਆਂ ਹੇਠ ਸਲੇਟੀ ਰੰਗ ਦੀ ਰੂੰ ਵਰਗੀ ਪਲਪ ਵਿਖਾਈ ਦਿੰਦੀ ਹੈ। ਪੱਤਿਆਂ ਦੀਆਂ ਨਾੜੀਆਂ ਉੱਪਰ ਭੂਰੇ ਰੰਗ ਦੇ ਚਮਕਦਾਰ ਧੱਬੇ ਬਣ ਜਾਂਦੇ ਹਨ। ਜਿਸ ਨਾਲ ਵੇਲਾਂ ਦਾ ਵਾਧਾ ਰੁਕ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ।

**ਰੋਕਥਾਮ** : ਬਿਜਾਈ ਵਾਸਤੇ ਚੰਗੇ ਨਿਕਾਸ ਵਾਲੀ ਜ਼ਮੀਨ ਦੀ ਚੋਣ ਕਰੋ। ਫ਼ਸਲ ਨੂੰ ਲੋੜ ਤੋਂ ਜ਼ਿਆਦਾ ਪਾਣੀ ਨਾ ਲਾਓ। ਫ਼ਸਲ ਨੂੰ ਨਦੀਨਾਂ ਤੋਂ ਮੁਕਤ ਰੱਖੋ। ਇਸ ਰੋਗ ਦੀ ਰੋਕਥਾਮ ਲਈ ਵੇਲਾਂ ਉੱਪਰ 300-600 ਗ੍ਰਾਮ ਇੰਡੋਫਿਲ ਐਮ-45 ਕਵਚ ਵੇਲਾਂ ਦੇ ਆਕਾਰ ਅਨੁਸਾਰ ਪ੍ਰਤੀ ਏਕੜ 100-200 ਲਿਟਰ ਪਾਣੀ ’ਚ ਘੋਲ ਕੇ ਅਪ੍ਰੈਲ ਦੇ ਦੂਜੇ ਪੰਦਰਵਾੜੇ ਦੌਰਾਨ ਬਿਮਾਰੀ ਦਾ ਹਮਲਾ ਹੋਣ ’ਤੇ ਪਹਿਲਾ ਛਿੜਕਾਅ ਕਰੋ। ਇਸ ਤੋ ਬਾਅਦ ਹਫ਼ਤੇ-ਹਫ਼ਤੇ ਬਾਅਦ ਛੇ ਹੋਰ ਛਿੜਕਾਅ ਕਰੋ। ਜ਼ਿਆਦਾ ਹਮਲਾ ਹੋਵੇ ਤਾਂ ਤੀਜਾ ਤੇ ਚੌਥਾ ਛਿੜਕਾਅ 500 ਗ੍ਰਾਮ ਰਿਡੋਮਿਲ ਐੱਮਜੈੱਡ ਜਾਂ 600 ਗ੍ਰਾਮ ਇਲੇਟੀ ਪ੍ਰਤੀ ਏਕੜ 200 ਲੀਟਰ ਪਾਣੀ ’ਚ ਘੋਲ ਕੇ ਕਰੋ ਤੇ 10 ਦਿਨ ਬਾਅਦ 600 ਗ੍ਰਾਮ ਇੰਡੋਫਿਲ ਐੱਮ-45 ਕਵਚ ਦਾ ਇਕ ਹੋਰ ਛਿੜਕਾਅ ਕਰੋ।

### ਝੁਲਸ ਰੋਗ

ਬਾਰਿਸ਼ ਕਾਰਨ ਹਵਾ ’ਚ ਨਮੀ ਵਾਧਣ ਨਾਲ ਝੁਲਸ ਰੋਗ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਦਾ ਹਮਲਾ ਪੁਰਾਣੇ ਪੱਤਿਆਂ ਤੋਂ ਸ਼ੁਰੂ ਹੁੰਦਾ ਹੈ। ਪੱਤਿਆਂ ਉੱਪਰ ਪਹਿਲਾਂ ਪੀਲੇ, ਫਿਰ ਭੂਰੇ ਤੇ ਅੰਤ ਕਾਲੇ ਧੱਬੇ ਬਣ ਜਾਂਦੇ ਹਨ। ਪਹਿਲਾਂ ਛੋਟੇ-ਛੋਟੇ ਧੱਬੇ ਪੱਤਿਆਂ ਦੇ ਕਿਨਾਰਿਆਂ ’ਤੇ ਬਣਦੇ ਹਨ ਤੇ ਬਾਅਦ ’ਚ ਪੱਤਿਆਂ ਦੇ ਵਿਚਕਾਰ ਗੋਲਧਾਰੇ ਬਣ ਜਾਂਦੇ ਹਨ। ਅੰਤ ਵੇਲਾਂ ਕਾਲੀਆਂ ਪੈ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਤਰਬੂਜ ਦੀ ਫ਼ਸਲ ਉੱਪਰ ਜ਼ਿਆਦਾ ਹੁੰਦਾ ਹੈ।

**ਰੋਕਥਾਮ** : ਅਖ਼ੀਰਲੀ ਤੁੜਾਈ ਤੋ ਬਾਅਦ ਵੇਲਾਂ ਦੀ ਰਹਿਦ-ਖੂੰਹਦ ਨੂੰ ਖਤਮ ਕਰ ਦਿਓ ਤੇ ਖੇਤ ਦੀ ਡੂੰਘੀ ਵਹਾਈ ਕਰੋ। ਇਕ-ਦੋ ਸਾਲ ਵਾਸਤੇ ਫ਼ਸਲੀ ਚੱਕਰ ’ਚ ਅਦਲਾ-ਬਦਲੀ ਕਰੋ। ਇਸ ਦਾ ਹਮਲਾ ਮਾੜੀ ਫ਼ਸਲ ’ਤੇ ਜ਼ਿਆਦਾ ਹੁੰਦਾ ਹੈ, ਇਸ ਲਈ ਫ਼ਸਲ ਦੇ ਚੰਗੇ ਵਾਧੇ ਦੀ ਹਰ ਸੰਭਵ ਕੋਸ਼ਿਸ਼ ਕਰੋ। ਵੇਲਾਂ ਉੱਪਰ 10-15 ਦਿਨਾਂ ਦੇ ਫ਼ਰਕ ’ਤੇ 300 ਗ੍ਰਾਮ ਇੰਡੋਫਿਲ ਐੱਮ-45 ਦਾ ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।







### ਗਿੱਚੀ ਗਲਣੀ

ਫਲ ਪੈਣ ਸਮੇਂ ਜ਼ਿਆਦਾ ਗਰਮ ਤੇ ਖੁਸ਼ਕ ਮੌਸਮ ’ਚ ਇਹ ਬਿਮਾਰੀ ਜਲਦੀ ਫੈਲਦੀ ਹੈ। ਬਿਮਾਰੀ ਦੇ ਲੱਛਣ ਬੂਟੇ ਦੇ ਨਵੇਂ ਟਿਸੂਆਂ ਉੱਪਰ ਪੈਦਾ ਹੁੰਦੇ ਹਨ। ਤਣੇ ਦੇ ਹੇਠਲੇ ਹਿੱਸੇ ’ਤੇ ਭੂਰੇ ਤੇ ਗਹਿਰੇ ਭੂਰੇ ਰੰਗ ਦੇ ਚਟਾਕ ਪੈ ਜਾਂਦੇ ਹਨ। ਜਿਨ੍ਹਾਂ ਉੱਪਰ ਬਾਅਦ ’ਚ ਚਿੱਟੇ ਰੰਗ ਦੀ ਉੱਲੀ ਪੈਦਾ ਹੋ ਜਾਂਦੀ ਹੈ।।ਅਖ਼ੀਰ ’ਚ ਤਣਾ ਸੁੱਕ ਜਾਂਦਾ ਹੈ ਤੇ ਪੌਦਾ ਮਰ ਜਾਂਦਾ ਹੈ।

**ਰੋਕਥਾਮ** : ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖੇਤ ’ਚੋਂ ਖਾਤਮਾ ਕਰਦੇ ਰਹੋ। ਇਹ ਕੰਮ ਬਹੁਤ ਆਰਾਮ ਨਾਲ ਕਰੋ ਤਾਂ ਜੋ ਬਿਮਾਰੀ ਦੇ ਕਣ ਨਰੋਏ ਪੌਦਿਆਂ ’ਤੇ ਨਾ ਪੈਣ। ਇਸ ਬਿਮਾਰੀ ਨੂੰ ਫੈਲਾਉਣ ’ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ ’ਚ ਕੀੜਿਆਂ ਦੀ ਰੋਕਥਾਮ ਬੇਹੱਦ ਜ਼ਰੂਰੀ ਹੈ।

### ਵਿਸ਼ਾਣੂ ਰੋਗ

ਵਿਸ਼ਾਣੂ ਰੋਗ ਸਰਦੀਆਂ ਵਿਚ ਰਹਿਣ ਵਾਲੇ ਨਦੀਨਾਂ ’ਤੇ ਨਿਰਭਰ ਕਰਦਾ ਹੈ। ਇਸ ਤੋ ਇਲਾਵਾ ਇਸ ਰੋਗ ਦੇ ਕਣ ਮਿੱਟੀ, ਬੀਜ ਜਾਂ ਸਰਦੀਆਂ ਵਿਚ ਗਮਲਿਆਂ ’ਚ ਬੀਜੀਆਂ ਵੇਲਾਂ ’ਤੇ ਵੀ ਰਹਿੰਦੇ ਹਨ। ਕੱਦੂ ਜਾਤੀ ਦੀਆਂ ਵੇਲਾਂ ਉੱਪਰ ਇਹ ਰੋਗ ਤੇਲੇ, ਚਿੱਟੀ ਮੱਖੀ ਤੇ ਪੱਤਿਆਂ ਦੇ ਟਿੱਡਿਆਂ ਦੁਆਰਾ ਵਧੇਰੇ ਫ਼ੈਲਦਾ ਹੈ। ਇਸ ਦੇ ਲੱਛਣ ਬੂਟਿਆਂ ’ਚ ਲੋੜੀਂਦੇ ਤੱਤਾਂ ਦੀ ਘਾਟ ਦੇ ਚਿੰਨ੍ਹਾਂ ਨਾਲ ਮੇਲ ਖਾਂਦੇ ਹਨ। ਇਸ ਕਰਕੇ ਸ਼ੁਰੂ ’ਚ ਬਿਮਾਰੀ ਦੀ ਪਛਾਣ ਕਰਨੀ ਔਖੀ ਹੈ।।ਇਸ ਦੇ ਹਮਲੇ ਨਾਲ ਪੱਤਿਆਂ ਉੱਪਰ ਗੂੜ੍ਹੇ ਤੇ ਫਿੱਕੇ ਹਰੇ ਦਾਗ਼ ਪੈ ਜਾਂਦੇ ਹਨ। ਪੱਤਿਆਂ ਦਾ ਆਕਾਰ ਘਟ ਜਾਂਦਾ ਹੈ। ਇਸ ਦਾ ਜ਼ਿਆਦਾ ਹਮਲਾ ਘੀਆ ਕੱਦੂ, ਕਾਲੀ ਤੋਰੀ ਤੇ ਵੰਗਾਂ ਉੱਪਰ ਹੁੰਦਾ ਹੈ। ਅਖ਼ੀਰ ਵਿਚ ਬਿਮਾਰੀ ਵਾਲੀਆਂ ਵੇਲਾਂ ਦੇ ਫਲ ਸੁੰਗੜ ਜਾਂਦੇ ਤੇ ਵਿਚਕਾਰੋਂ ਉਭਰੇ ਜਿਹੇ ਲਗਦੇ ਹਨ।

**ਰੋਕਥਾਮ** : ਬੀਜ ਅਤੇ ਖੇਤ ’ਚ ਲਗਾਉਣ ਲਈ ਤਿਆਰ ਕੀਤੇ ਪੌਦਿਆਂ ਦੀ ਖ਼ਰੀਦ ਭਰੋਸੇਯੋਗ ਸੋਮਿਆਂ ਤੋਂ ਹੀ ਕਰੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮ ਕਰਦੇ ਰਹੋ। ਇਸ ਬਿਮਾਰੀ ਨੂੰ ਫੈਲਾਉਣ ’ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ ਉੱਪਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਰਸਾਇਣਾਂ ਦਾ ਛਿੜਕਾਅ ਕਰੋ।

## ਚਿੱਟੀ ਉੱਲੀ

ਫ਼ਸਲ ਦੀ ਬਿਜਾਈ ਤੋ 7-8 ਹਫ਼ਤੇ ਬਾਅਦ ਪੱਤਿਆਂ ਉੱਪਰ ਛੋਟੇ-ਛੋਟੇ ਧੱਬੇ ਪੈ ਜਾਂਦੇ ਹਨ। ਬਾਅਦ ਵਿਚ ਪੌਦੇ ਦੇ ਸਾਰੇ ਹਿੱਸਿਆਂ ਉੱਪਰ ਆਟੇ ਵਰਗੇ ਚਿੱਟੇ ਧੱਬੇ ਬਣ ਜਾਂਦੇ ਹਨ। ਬੂਟੇ ਦਾ ਵਾਧਾ ਰੁਕ ਜਾਂਦਾ ਹੈ, ਜਿਸ ਨਾਲ ਝਾੜ ਤੇ ਗੁਣਵੱਤਾ ’ਤੇ ਮਾੜਾ ਅਸਰ ਪੈਂਦਾ ਹੈ।।ਖੁਸ਼ਕ ਮੌਸਮ ’ਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ ਅਤੇ ਫਲ ਕਮਜ਼ੋਰ ਤੇ ਫਿੱਕੇ ਰਹਿੰਦੇ ਹਨ।

**ਰੋਕਥਾਮ** : ਇਕ ਹੀ ਖੇਤ ਵਿਚ ਲਗਾਤਾਰ ਕੱਦੂ ਜਾਤੀ ਦੀ ਸਬਜ਼ੀਆਂ ਨਾ ਬੀਜੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮਾ ਕਰਦੇ ਰਹੋ। ਹਮਲੇ ਵੇਲੇ ਫ਼ਸਲ ਉੱਪਰ 50-60 ਮਿਲੀਲਿਟਰ ਕੇਰਾਥੇਨ 25 ਈਸੀ ਨੂੰ 100 ਲੀਟਰ ਪਾਣੀ ’ਚ ਘੋਲ ਕੇ ਪ੍ਰਤੀ ਏਕੜ ਵੇਲਾਂ ਉੱਪਰ ਛਿੜਕਾ ਕਰੋ। 15 ਦਿਨ ਬਾਅਦ ਦੁਬਾਰਾ ਛਿੜਕਾਅ ਕਰੋ।



ਖੇਤੀ ਸੰਦਾਂ ਨੂੰ ਖੇਤ ’ਚ ਵਰਤਣ ਤੋ ਪਹਿਲਾਂ ਰੋਗ ਰਹਿਤ ਕਰ ਲਵੋ।

### ਜੜ੍ਹਾਂ ਵਿਚ ਗੰਢਾਂ ਪੈਣਾ

ਇਸ ਰੋਗ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਤੇ ਫ਼ਸਲ ਦਾ ਵਾਧਾ ਰੁਕ ਜਾਂਦਾ ਹੈ। ਜੜ੍ਹਾਂ ਉੱਤੇ ਗੰਢਾਂ ਪੈ ਜਾਂਦੀਆਂ ਹਨ। ਪਨੀਰੀ ਵਾਲੇ ਪੌਦਿਆਂ ’ਤੇ ਵੀ ਅਸਰ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ (ਨੀਮਾਟੋਡ) ਕਾਫੀ ਸਮੇਂ ਤਕ ਮਿੱਟੀ ’ਚ ਜਿਊਂਦੇ ਰਹਿੰਦੇ ਹਨ।।

**ਰੋਕਥਾਮ** : ਜਿਨ੍ਹਾਂ ਖੇਤਾਂ ’ਚ ਇਹ ਬਿਮਾਰੀ ਲਗਦੀ ਹੋਵੇ, ਉਥੇ ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀ ਕਿਸਮ ਪੰਜਾਬ ਐੱਨਆਰ-7 ਬੀਜੋ। ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ ਨਾਲ ਮਈ-ਜੂਨ ਦੇ ਮਹੀਨੇ ’ਚ ਚੰਗੀ ਤਰ੍ਹਾਂ ਢਕ ਕੇ 40 ਦਿਨਾਂ ਵਾਸਤੇ ਧੁੱਪ ਲਗਾਓ। ਤੋਰੀਆ ਜਾਂ ਤਾਰਾਮੀਰੇ ਦੀ 40 ਦਿਨਾਂ ਦੀ ਫ਼ਸਲ ਪਨੀਰੀ ਵਾਲੀਆਂ ਕਿਆਰੀਆਂ ਵਿਚ ਬਿਜਾਈ ਤੋਂ 10 ਦਿਨ ਪਹਿਲਾਂ ਵਾਹ ਦਿਓ ਤੇ 3-4 ਵਾਰੀ ਵਾਹ ਕੇ ਪਨੀਰੀ ਬੀਜਣ ਲਈ ਕਿਆਰੀਆਂ ਬਣਾਓ। ਨਰਸਰੀ ਵਾਲੇ ਪੌਦਿਆਂ ਨੂੰ ਡਾਈਮੈਥੋਏਟ (10 ਮਿਲੀਲੀਟਰ) ਰੋਗਰ 30 ਤਾਕਤ ਦਵਾਈ 10 ਲੀਟਰ ਪਾਣੀ ’ਚ ਘੋਲ ਕੇ ਖੇਤ ਵਿਚ ਲਗਾਉਣ ਤੋਂ ਪਹਿਲਾਂ 6 ਘੰਟੇ ਲਈ ਡੁਬੋ ਲਵੋ। •

# ਅਖਰੋਟ ਦੇ ਫ਼ਾਇਦੇ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ ’ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ ’ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਚਮੜੀ ਦੀ ਪਰੇਸ਼ਾਨੀ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ ’ਚ ਦੱਸਦੇ ਹਾਂ...

### ਭਾਰ ਘੱਟ ਕਰਨ ’ਚ ਮਦਦਗਾਰ

*ਅਖਰੋਟ ਭਾਰ ਨੂੰ ਘੱਟ ਕਰਨ ’ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਹਰ ਰੋਜ਼ ਇਨ੍ਹਾਂ ਦਾ ਸੇਵਨ ਕਰਨਾ ਚਾਹੀਦਾ ਹੈ।*

### ਵਧੀਆ ਨੀਂਦ

ਜਿਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

### ਦਿਲ ਲਈ ਵਧੀਆ

ਇਸ ’ਚ ਪਾਏ ਜਾਣ ਵਾਲੇ ਐਂਟੀ ਆਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਸੇਵਨ ਨਾਲ ਦਿਲ ਸਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

### ਡਾਇਬਟੀਜ਼

ਡਾਇਬਟੀਜ਼ ਵਾਲੇ ਰੋਗੀਆਂ ਨੂੰ ਹਰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ।

### ਤਣਾਅ ਤੋਂ ਦੂਰ

ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ ’ਚ ਜੋ ਲੋਕ ਤਣਾਅ ਦੇ ਸ਼ਿਕਾਰ ਹਨ ਉਨ੍ਹਾਂ ਨੂੰ ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ।



# ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਹੱਤਤਾ

ਅਮਰਜੀਤ ਕੌਰ ਵਿਰਦੀ

ਕੈਲਸ਼ੀਅਮ ਇਕ ਅਜਿਹਾ ਮਿਨਰਲ ਹੈ ਜੋ ਜੀਵਨ ਲਈ ਅਤਿ ਜ਼ਰੂਰੀ ਹੈ। ਇਹ ਸਰੀਰ ਦੇ ਸੈੱਲਾਂ ਦੀਆਂ ਜੀਵ ਰਸਾਇਣ ਕਿਰਿਆਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਇਸ ਕਰਕੇ ਇਸ ਨੂੰ ਨਿਊਰੋਮੀਟਰ ਵੀ ਕਿਹਾ ਜਾਂਦਾ ਹੈ।
- ਹੱਡੀਆਂ ਦੇ ਬਣਨ, ਵਧਣ, ਮਜ਼ਬੂਤੀ ਦੇਣ ਤੇ ਸੈੱਲ ਮੈਂਬਰੇਨ ਦੇ ਬਣਨ ’ਚ ਸਹਾਈ ਹੈ।
- ਮਾਸ-ਪੇਸ਼ੀਆਂ ਦੇ ਸੁੰਗੜਨ ਤੇ ਫੈਲਣ ’ਚ ਸਹਾਈ ਹੈ।
- ਖ਼ੂਨ ਬਣਾਉਣ ’ਚ ਸਹਾਈ ਹੁੰਦਾ ਹੈ।
- ਸਰੀਰ ’ਚ ਕਈ ਇਨਜਾਇਮਜ਼ ਨੂੰ ਬਣਾਉਂਦਾ ਹੈ।
- ਭਰੂਣ ਨੂੰ ਵੀ ਬਣਾਉਂਦਾ ਹੈ।
- ਕੈਲਸ਼ੀਅਮ ਨਿਕੜੇ-ਅੰਗ ਮਾਈਟੋਕਾਂਡਰੀਆ ’ਚ ਜਮ੍ਹਾਂ ਹੁੰਦਾ ਹੈ।

ਵਿਟਾਮਿਨ ਡੀ3 ਦੀ ਐਕਟਿਵ ਕਿਸਮ ਭੋਜਨ ਆਂਤੜੀ ’ਚੋਂ ਕੈਲਸ਼ੀਅਮ ਸੋਖਣ ’ਚ ਸਹਾਇਤਾ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਹੋਵੇ ਤਾਂ ਕੈਲਸ਼ੀਅਮ ਦਾ ਸੋਖਣਾ ਨਹੀਂ ਹੁੰਦਾ ਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਉਮਰ ’ਚ ਹੀ ਜ਼ਿਆਦਾ ਕੈਲਸ਼ੀਅਮ ਦੀ ਲੋੜ ਪੈ ਜਾਂਦੀ ਹੈ। 150 ਸਾਲ ਦੀ ਉਮਰ ਤਕ ਪੁਰਸ਼ ਤੇ ਔਰਤਾਂ ਨੂੰ ਲਗਪਗ 1,000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ ਪਰ 50 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਨੂੰ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਜਦ ਕਿ ਪੁਰਸ਼ਾਂ ਨੂੰ 60-65 ਸਾਲ ਦੀ ਉਮਰ ’ਚ ਇਸ ਤਰ੍ਹਾਂ ਦੀ ਲੋੜ ਪੈਂਦੀ ਹੈ। ਬੱਚਿਆਂ ਨੂੰ 4-8 ਸਾਲ ਦੀ ਉਮਰ ਤਕ ਲਗਪਗ 1,000 ਮਿਲੀਗ੍ਰਾਮ ਤੇ 9-18 ਸਾਲ ਦੀ ਉਮਰ ’ਚ ਲਗਪਗ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

**• ਕੈਲਸ਼ੀਅਮ ਦੀ ਘਾਟ ਕਿਵੇਂ ਹੋ ਜਾਂਦੀ ਹੈ?**

ਹਰ ਰੋਜ਼ ਸਾਡੇ ਸਰੀਰ ’ਚੋਂ ਚਮੜੀ ਰਾਹੀਂ, ਨਹੁੰਆਂ ਰਾਹੀਂ, ਵਾਲ਼ਾਂ ਦੇ ਝੜਨ ਨਾਲ, ਪਸੀਨੇ ਦੁਆਰਾ, ਪਿਸ਼ਾਬ ਰਾਹੀਂ ਤੇ ਪਖਾਨੇ ਰਾਹੀਂ ਤੇ ਹੱਡੀਆਂ ਦੀ ਟੁੱਟ ਭੱਜ ਨਾਲ ਵੀ ਕੈਲਸ਼ੀਅਮ ਸਰੀਰ ’ਚ ਘੱਟਦਾ ਰਹਿੰਦਾ ਹੈ। ਇਸ ਲਈ ਕੈਲਸ਼ੀਅਮ ਦੀ ਸਾਨੂੰ ਰੋਜ਼ਾਨਾ ਭੋਜਨ ’ਚ ਲੋੜ ਹੁੰਦੀ ਹੈ।

**ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ ਵਿਟਾਮਿਨ ਡੀ**

ਵਿਟਾਮਿਨ ਡੀ ਸੂਰਜ ਦੀਆਂ ਕਿਰਨਾਂ ਦੁਆਰਾ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਰੋਜ਼ਾਨਾ ਸਵੇਰ ਦੀ ਧੁੱਪ ਲਵਾਉਣ ਨਾਲ ਵਿਟਾਮਿਨ ਡੀ ਪ੍ਰਾਪਤ ਹੋ ਜਾਂਦਾ ਹੈ। ਵਿਟਾਮਿਨ ਡੀ ਭੋਜਨ ਦੇ ਰੂਪ ’ਚ ਫੈਟੀ ਫਿਸ਼ ਜਿਵੇਂ-ਟੂਨਾ, ਸੈਲਮਨ, ਸਾਰਡੀਨ ਆਦਿ। ਕਾਡ ਲਿਵਰ ਆਇਲ, ਆਂਡਾ, ਚੀਜ, ਸੰਤਰੇ ਦਾ ਜੂਸ, ਸੋਇਆ ਮਿਲਕ ਆਦਿ ਤੋਂ ਪ੍ਰਾਪਤ ਹੁੰਦਾ ਹੈ।

**• ਕੈਲਸ਼ੀਅਮ ਕਿਵੇਂ ਪੂਰਾ ਕਰੀਏ?**

ਕੈਲਸ਼ੀਅਮ ਅਸੀਂ ਆਪਣੇ ਰੋਜ਼ਾਨਾ ਭੋਜਨ ’ਚ ਪ੍ਰਾਪਤ ਕਰਦੇ ਹਾਂ। ਇਸ ਲਈ ਰੋਜ਼ਾਨਾ ਲਗਪਗ ਦੋ ਗਲਾਸ ਘੱਟ ਫੈਟ ਵਾਲਾ ਦੁੱਧ ਆਮ ਵਿਅਕਤੀ ਲਈ ਤੇ ਬੱਚਿਆਂ ਨੂੰ ਇਸ ਤੋਂ ਜ਼ਿਆਦਾ ਦੁੱਧ ਦੀ ਲੋੜ ਹੁੰਦੀ ਹੈ। ਇਕ ਛੋਟੀ ਕਟੋਰੀ ਦਹੀਂ ਤੇ 30 ਕੁ ਗ੍ਰਾਮ ਪਨੀਰ ਇਹ ਸਾਰੇ ਦਿਨ ਦੀ ਡਾਈਟ ’ਚ ਸ਼ਾਮਿਲ ਕਰਨ ਨਾਲ ਕੈਲਸ਼ੀਅਮ ਦੀ ਰੋਜ਼ਾਨਾ ਲੋੜ ਪੂਰੀ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਦੁੱਧ ਦੀ ਥਾਂ ਸੋਇਆ ਮਿਲਕ, ਸੁੱਕਾ ਦੁੱਧ ਜਾਂ ਬਾਦਾਮ ਦਾ ਦੁੱਧ ਵੀ ਵਰਤਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਜਿਵੇਂ-ਬਰੋਕਲੀ, ਪਾਲਕ, ਸ਼ਿਮਲਾ ਮਿਰਚ, ਹਰੀ ਜਾਂ ਲਾਲ ਮਿਰਚ, ਮੂਲੀ ਜਾਂ ਮੂਲੀ ਦੇ ਪੱਤੇ, ਸ਼ਲਗਮ ਤੇ ਮੇਥੀ ਦੇ ਪੱਤੇ, ਹਰਾ ਧਨੀਆਂ, ਪੁਦੀਨਾ, ਹਰੇ ਪਿਆਜ਼, ਪਿਆਜ਼ ਦੀਆਂ ਹਰੀਆਂ ਭੂਕਾਂ, ਚੁਕੰਦਰ, ਮਸ਼ਰੂਮ, ਫੁੱਲ-ਗੋਭੀ, ਗਾਜਰਾਂ,ਤਿਲ ਆਦਿ ਪਦਾਰਥਾਂ ’ਚ ਕੈਲਸ਼ੀਅਮ ਕਾਫ਼ੀ ਮਾਤਰਾ ’ਚ ਪਾਈ ਜਾਂਦੀ ਹੈ। ਲਗਪਗ ਸਾਰੀਆਂ ਪੱਤੇਦਾਰ ਸਬਜ਼ੀਆਂ ਤੇ ਬਾਕੀ ਸਾਰੀਆਂ ਸਬਜ਼ੀਆਂ, ਫਲ, ਸੁਕੇ ਮੇਵੇ ਤੇ ਬੀਜਾਂ ’ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਰਸਫੋਰਸ, ਆਇਓਡੀਨ ਕਾਪਰ ਜਿੰਕ ਆਦਿ। ਮਿਨਰਲਜ਼ ਜਿਨ੍ਹਾਂ ਦੀ ਸਰੀਰ ਨੂੰ ਥੋੜ੍ਹੀ ਮਾਤਰਾ ’ਚ ਲੋੜ ਹੁੰਦੀ ਹੈ।



**ਸਬਜ਼ੀਆਂ, ਫਲ, ਸੁੱਕੇ ਮੇਵੇ ਤੇ ਬੀਜਾਂ ’ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਇਨ੍ਹਾਂ ’ਚ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਹੁੰਦਾ ਹੈ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ...**

### ਕੈਲਸ਼ੀਅਮ ਦੀ ਘਾਟ ਦੇ ਲੱਛਣ

- ਯਾਦਦਾਸ਼ਤ ਘੱਟ ਸਕਦੀ ਹੈ।
- ਨਹੁੰ ਕਮਜ਼ੋਰ ਹੋ ਜਾਂਦੇ ਹਨ।
- ਦੰਦ ਭੁਰ ਕੇ ਟੁੱਟ ਸਕਦੇ ਹਨ।
- ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਥੋੜ੍ਹੀ ਜਿਹੀ ਸੱਟ ਨਾਲ ਟੁੱਟ ਜਾਂਦੀਆਂ ਹਨ।
- ਡਿਪਰੈਸ਼ਨ ਦਾ ਇਕ ਕਾਰਨ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ।
- ਮਾਸ-ਪੇਸ਼ੀਆਂ ਦੀ ਹਿਲਜੁਲ ਘੱਟ ਜਾਂਦੀ ਹੈ।

45ਤੋਂ 50 ਕੁ ਸਾਲ ਦੀ ਉਮਰ ਤੋਂ ਬਾਅਦ ਆਪਣਾ ਕੈਲਸ਼ੀਅਮ ਟੈਸਟ ਕਰਵਾ ਲੈਣਾ ਚਾਹੀਦਾ ਹੈ ਤੇ ਡਾਕਟਰ ਦੀ ਸਲਾਹ ਨਾਲ ਜੇ ਲੋੜ ਹੋਵੇ ਤਾਂ ਕੈਲਸ਼ੀਅਮ ਸਪਲੀਮੈਂਟ ਵਰਤ ਲੈਣੇ ਚਾਹੀਦੇ ਹਨ ਤਾਂ ਜੋ ਕੈਲਸ਼ੀਅਮ ਸਰੀਰ ’ਚ ਪੂਰਾ ਰਹੇ ਤਾਂ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

95307-49092

# ਪਦਮ ਆਸਣ

ਪਦਮ ਆਸਣ ਯੋਗ ਦਾ ਸਭ ਤੋਂ ਮਹੱਤਵਪੂਰਨ ਆਸਣ ਹੈ। ਇਹ ਆਸਣ ਪ੍ਰਾਣਾਯਾਮ ਦਾ ਅਭਿਆਸ ਕਰਨ ਵਿਚ ਮਦਦ ਕਰਦਾ ਹੈ।

### ਜ਼ਰੂਰੀ ਸਮੱਗਰੀ

ਇਕ ਚਾਦਰ ਜਾਂ ਦਰੀ, ਸ਼ੁੱਧ ਅਤੇ ਸ਼ਾਂਤ ਵਾਤਾਵਰਨ।

### ਸਮਾਂ

ਇਸ ਆਸਣ ਨੂੰ ਖ਼ਾਲੀ ਪੇਟ ਕਰੋ ਜਾਂ ਖਾਣਾ ਖਾਣ ਤੋਂ ਤਿੰਨ ਚਾਰ ਘੰਟੇ ਬਾਅਦ ਕਰੋ। ਯੋਗ ਅਭਿਆਸ ਅਸੀਂ ਸਵੇਰ ਦੇ ਨਾਲ-ਨਾਲ ਸ਼ਾਮ ਦੇ ਵੇਲੇ ਵੀ ਕਰ ਸਕਦੇ ਹਾਂ ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਖ਼ਾਲੀ ਹੋਵੇ ।

### ਵਿਧੀ

- ਸਭ ਤੋ ਪਹਿਲਾਂ ਸੁੱਖ ਆਸਣ (ਚੌਕੜੀ ਮਾਰਨਾ) ’ਚ ਬੈਠ ਜਾਓ।
- ਹੁਣ ਆਪਣੀਆਂ ਦੋਵੇਂ ਲੱਤਾਂ ਸਾਹਮਣੇ ਦੀ ਤਰਫ਼ ਖੋਲ੍ਹੋ। ਹੁਣ ਸੱਜੇ ਪੈਰ ਨੂੰ ਖੱਬੇ ਪੱਟ ਅਤੇ ਖੱਬੇ ਪੈਰ ਨੂੰ ਸੱਜੇ ਪੱਟ ਉੱਤੇ ਰੱਖ ਲਵੋ।
- ਦੋਵੇਂ ਹੱਥਾਂ ਦੀਆਂ ਗਿਆਨ ਮੁਦਰਾ (ਅੰਗੂਠੇ ਨਾਲ ਪਹਿਲੀ ਉਂਗਲ ਨੂੰ ਮਿਲਾਉ, ਬਾਕੀ ਤਿੰਨ ਉਂਗਲਾਂ ਬਾਹਰ ਦੀ ਤਰਫ਼ ਖੁੱਲ੍ਹੀਆਂ ਰਹਿਣਗੀਆਂ) ਬਣਾ ਕਿ ਗੋਡਿਆਂ ਉੱਤੇ ਰੱਖ ਲਵੋ।
- ਇਸ ਤਰ੍ਹਾਂ ਕਰਦੇ ਹੋਏ ਹਥੇਲੀਆਂ ਆਸਮਾਨ ਦੀ ਤਰਫ਼ ਹੋਣਗੀਆਂ।
- ਰੀੜ੍ਹ ਦੀ ਹੱਡੀ ਅਤੇ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਅੱਖਾਂ ਬੰਦ।
- ਇਸ ਆਸਣ ਨਾਲ ਅਸੀਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹਾਂ।
- ਜੇ ਦੋਵੇਂ ਲੱਤਾਂ ਨਾ ਚੁੱਕ ਸਕੋ ਤਾਂ ਕੁਝ ਦਿਨ ਤਕ ਇਕ-ਇਕ ਲੱਤ ਨਾਲ ਵੀ ਅਭਿਆਸ ਕਰ ਸਕਦੇ ਹੋ।

### ਸਾਵਧਾਨੀਆਂ

- ਮਨ ਤਣਾਅ ਰਹਿਤ ਰਹੇ।
- ਸਾਰਾ ਧਿਆਨ ਆਪਣੇ ਆਸਣ ਵੱਲ ਹੋਵੇ।
- ਸ਼ੁਰੂ ਸ਼ੁਰੂ ਵਿਚ ਜ਼ਿਆਦਾ ਜ਼ੋਰ ਨਾ ਲਾਉ, ਹੌਲੀ ਅਭਿਆਸ ਕਰੋ।
- ਜਿਨ੍ਹਾਂ ਨੇ ਗੋਡਿਆਂ ਦਾ ਆਪਰੇਸ਼ਨ ਕਰਵਾਇਆ ਹੋਵੇ ਉਹ ਇਸ ਨੂੰ ਨਾ ਕਰਨ।
- ਸਮਰੱਥਾ ਤੋਂ ਜ਼ਿਆਦਾ ਜ਼ੋਰ ਨਾ ਲਾਉ।



### ਲਾਭ

- ਇਸ ਨਾਲ ਧਿਆਨ ਸਮਰੱਥਾ ਵਿਚ ਵਾਧਾ ਹੁੰਦਾ ਹੈ।
- ਇਹ ਆਸਣ ਦਿਮਾਗ਼ ਨੂੰ ਸ਼ਾਂਤ ਕਰਦਾ ਹੈ।
- ਪੱਟਾਂ ਨੂੰ ਮਜ਼ਬੂਤ ਕਰਦਾ ਹੈ ।
- ਪੜ੍ਹਨ ਵਾਲੇ ਬੱਚਿਆਂ ਲਈ ਬਹੁਤ ਲਾਭਕਾਰੀ ਹੈ ।
- ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵਧੀਆ ਹੈ।



# ਇਮਿਊਨ ਸਿਸਟਮ

ਸਰੀਰ ’ਚ ਕਮਜ਼ੋਰੀ ਆਉਣ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਿਸ ਕਰਕੇ ਰੋਗ ਸਰੀਰ ’ਤੇ ਜਲਦੀ ਅਸਰ ਕਰਦਾ ਹੈ। ਕਮਜ਼ੋਰੀ ਦੇ ਕਾਰਨ ਸਿਰ ਦਰਦ, ਜ਼ੁਕਾਮ ਵਰਗੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਖਾਣੇ ’ਚ ਪਾਲਕ, ਪਪੀਤਾ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਇਸ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਆਓ ਜਾਣਦੇ ਹਾਂ ਕਮਜ਼ੋਰੀ ਨੂੰ ਦੂਰ ਕਰਨ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

### ਪਾਲਕ

ਸਰੀਰ ਨੂੰ ਸਵਸਥ ਰੱਖਣ ਲਈ ਪਾਲਕ ਦਾ ਸੇਵਨ ਵੀ ਲਾਭਕਾਰੀ ਹੈ। ਹਰ ਰੋਜ਼ ਇਕ ਕੱਪ ਪਾਣੀ ’ਚ 4-5 ਪਾਲਕ ਦੇ ਪੱਤਿਆਂ ਨੂੰ ਪਾ ਕੇ ਉਬਾਲ ਲਓ ਤੇ ਠੰਢਾ ਹੋਣ ’ਤੇ ਅੱਧਾ ਗਿਲਾਸ ਟਮਾਟਰ ਦਾ ਰਸ ਪਾ ਕੇ ਪੀਣਾ ਸਿਹਤ ਲਈ ਗੁਣਕਾਰੀ ਹੁੰਦਾ ਹੈ। ਇਸ ਦੇ ਇਲਾਵਾ ਪਾਲਕ ਤੇ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ।

### ਪਪੀਤਾ

ਪਪੀਤਾ ਬਲੱਡ ਦੇ ਪਲੇਟਲੈਟਸ ਨੂੰ ਵਧਾਉਣ ’ਚ ਮਦਦ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਰਸ ਜਾਂ ਫਿਰ ਪੱਕਾ ਪਪੀਤਾ ਖਾਣਾ ਵੀ ਸਿਹਤਮੰਦ ਹੈ।

### ਚੁਕੰਦਰ

*ਚੁਕੰਦਰ ਨੂੰ ਜ਼ਿਆਦਾ ਸਲਾਦ ਦੇ ਤੌਰ ’ਤੇ ਖਾਧਾ ਜਾਂਦਾ ਹੈ। ਇਸ ਨਾਲ ਕੁਦਰਤੀ ਐਂਟੀਔਕਸੀਡੈਂਟ ਤੇ ਹੇਮੋਸਟੈਟਿਕ ਗੁਣ ਪਾਏ ਜਾਂਦੇ ਹਨ। ਚੁਕੰਦਰ ਦੇ 2 ਚਮਚ ਜੂਸ ’ਚ 1 ਗਲਾਸ ਗਾਜਰ ਦਾ ਜੂਸ ਮਿਲਾ ਕੇ ਪੀਣ ਨਾਲ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ।*

### ਨਾਰੀਅਲ ਪਾਣੀ

ਸਰੀਰ ’ਚ ਇਲੈਕਟ੍ਰੋਲਾਇਟਸ ਦੀ ਘਾਟ ਹੋਣ ’ਤੇ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਾਰੀਅਲ ਪਾਣੀ ਪੀਣ ਨਾਲ ਇਲੈਕਟ੍ਰੋਲਾਇਟਸ ਦੀ ਮਾਤਰਾ ਪੂਰੀ ਹੋ ਜਾਂਦੀ ਹੈ ਤੇ ਇਹ ਕੁਦਰਤੀ ਖਣਿਜ ਪਦਾਰਥ ਦਾ ਬਹੁਤ ਵਧੀਆ ਸਰੋਤ ਹੈ।



# ਕਸਰਤ ਦੇ ਲਾਭਾਂ ਨੂੰ ਵਿਗਾੜਦਾ ਹੈ ਹਵਾ ਦਾ ਪ੍ਰਦੂਸ਼ਣ

ਅਵਾਜਾਈ ਪ੍ਰਦੂਸ਼ਣ ਹੁਣ ਅਜਿਹੇ ਪ੍ਰਕਾਸ਼ਿਤ ਦੋ ਵੱਖਰੇ ਅਧਿਐਨਾਂ ਅਨੁਸਾਰ ਬਜ਼ੁਰਗਾਂ ਅਤੇ ਅਣਜੰਮੇ ਬੱਚਿਆਂ ਲਈ ਸਿਹਤ ਦੇ ਖ਼ਤਰੇ ਖੜ੍ਹਾ ਕਰਦਾ ਹੈ। ਖੋਜ ’ਚ ਪਾਇਆ ਹੈ ਕਿ ਇਕ ਭੀੜ-ਭੜੱਕੇ ਵਾਲੀ ਗਲੀ ਵਿਚ ਦੋ ਘੰਟਿਆਂ ਦੀ ਸੈਰ ਕਰਦੇ ਸਮੇਂ ਬਿਰਧ ਲੋਕਾਂ ਦੇ ਹਵਾ ਦੇ ਪ੍ਰਦੂਸ਼ਣ ਦੀ ਖ਼ਰਾਕ ਪਾਈ ਜਾਂਦੀ ਹੈ ਅਤੇ ਉਨ੍ਹਾਂ ਖ਼ੂਨ ਦੀਆਂ ਨਾੜੀਆਂ ਵਿਚ ਨੁਕਸ ਪੈ ਜਾਂਦਾ ਹੈ ਅਤੇ ਫੇਫੜਿਆਂ ਦੇ ਫੈਲਣ ਵਿਚ ਪਰੇਸ਼ਾਨੀ ਹੁੰਦੀ ਹੈ। ਪੈਦਲ ਚੱਲਣ ਵਾਲਾ ਇਕ ਅਸਰਦਾਰ ਪ੍ਰਭਾਵੀ ਅਭਿਆਸ ਹੈ ਜੋ ਐਨਐਚਐਸ ਦੁਆਰਾ ਬਜ਼ੁਰਗਾਂ ਲਈ ਆਪਣੀ ਕਾਰਡੀਓਵੈਸਕੁਲਰ ਫਿਟਨੈਸ ਨੂੰ ਬਿਹਤਰ ਬਣਾਉਣ ਲਈ ਸਿਫਾਰਸ਼ ਕਰਦਾ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੇ ਇਸ ਨੂੰ ਨਕਾਰ ਦਿੱਤਾ ਹੈ। ਸਿਹਤਮੰਦ ਭਾਗੀਦਾਰਾਂ ਵਿਚ ਹੈਡ ਪਾਰਕ ਵਿਚ ਸੈਰ ਹਵਾ ਦੀ ਮਾਤਰਾ ’ਚ 7.5 ਫ਼ੀਸਦੀ ਸੁਧਾਰ ਹੋਇਆ। ਜਿਸ ਨਾਲ ਉਨ੍ਹਾਂ ਨੂੰ ਸਾਹ ਚੜ੍ਹਨ ਅਤੇ ਖ਼ੂਨ ਦੇ ਪ੍ਰਵਾਹ ’ਚ ਸੁਧਾਰ ਲਿਆ ਗਿਆ ਸੀ ਜੋ 26 ਘੰਟਿਆਂ ਤਕ ਜਾਰੀ ਰਿਹਾ। ਟ੍ਰੈਫਿਕ ਦੇ ਪ੍ਰਦੂਸ਼ਣ ਦੇ ਥੋੜ੍ਹੇ ਸਮੇਂ ਦੇ ਸੰਪਰਕ ’ਚ ਉਸ ਸਮੇਂ ਦੌਰਾਨ ਸਰੀਰਕ ਗਤੀਵਿਧੀ ਦੇ ਕਾਰਡੀਓ-ਪ੍ਰਤਿਕਿਰਿਆਤਮਕ ਲਾਭਾਂ ਨੂੰ ਰੋਕਿਆ ਗਿਆ ਹੈ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਏਅਰਵੇਜ਼ ਖੁੱਲ੍ਹ ਜਾਂਦੇ ਹਨ ਅਤੇ ਤੁਹਾਡੇ ਖ਼ੂਨ ਦੀਆਂ ਨਾੜਾਂ ਢਲ ਜਾਂ ਖੁੱਲ੍ਹਦੀਆਂ ਹਨ। ਸੈਰ ਕਰਨ ਤੋਂ ਬਾਅਦ ਫੇਫੜਿਆਂ ਦੀ ਸਮਰੱਥਾ ’ਚ ਸਿਰਫ਼ ਛੋਟੀਆਂ ਤਬਦੀਲੀਆਂ ਹੀ ਨਹੀਂ ਬਲਕਿ ਵੱਡੀਆਂ ਤਬਦੀਲੀਆਂ ਵੀ ਆਉਂਦੀਆਂ ਹਨ।

ਜਦੋਂ ਤੁਸੀਂ ਪ੍ਰਦੂਸ਼ਿਤ ਖੇਤਰਾਂ ’ਚ ਅਭਿਆਸ ਕਰਦੇ ਹੋ ਤਾਂ ਤੁਸੀਂ ਵਧੇਰੇ ਸਾਹ ਲੈਂਦੇ ਹੋ ਤੇ ਤੁਸੀਂ ਜ਼ਿਆਦਾਤਰ ਕਣਾਂ ਅਤੇ ਗੈਸਾਂ ਨੂੰ ਆਪਣੇ ਫੇਫੜਿਆਂ ’ਚ ਪਹੁੰਚਾਉਂਦੇ ਹੋ। ਇਸ ਨੂੰ ਬਹੁਤ ਸਾਰੇ ਬਿਰਧ ਲੋਕਾਂ ਲਈ ਰੁਕਾਵਟ ਦੇ ਰੂਪ ’ਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਲਈ ਚੱਲਣ ਦਾ ਇਕੋ ਇਕ ਢੰਗ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ, ਜਿੱਥੇ ਸੰਭਵ ਹੋਵੇ ਪਾਰਕ ਜਾਂ ਹੋਰ ਖ਼ਾਲੀ ਸਥਾਨਾਂ ’ਚ ਰੁੱਝੇ ਸੜਕਾਂ ਤੋਂ ਦੂਰ ਚਲੇ ਜਾਂਦੇ ਹਨ।

• ਵਿਜੈ ਗਰਗ

# ਕੈਂਸਰ ਦਾ ਪਤਾ ਕਿਵੇਂ ਲਗਾਈਏ

ਦੇਸ਼ ’ਚ ਹਰ ਸਾਲ 14.5 ਲੱਖ ਕੈਂਸਰ ਦੇ ਨਵੇਂ ਮਾਮਲੇ ਆਉਂਦੇ ਹਨ। ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ ਲਾਇਫ਼ ਸਟਾਇਲ ਵਿਚ ਤਬਦੀਲੀ, ਸਮੇਂ ਸਿਰ ਜਾਂਚ ਅਤੇ ਠੀਕ ਇਲਾਜ ਨਾਲ ਕੈਂਸਰ ਉੱਤੇ ਵੀ ਸ਼ਕੰਜਾ ਕੱਸਿਆ ਜਾ ਸਕਦਾ ਹੈ। ਇਹੋ ਨਹੀਂ ਥੋੜ੍ਹੀ ਕੋਸ਼ਿਸ਼ ਅਤੇ ਸਾਵਧਾਨੀ ਨਾਲ ਇਸ ਤੋਂ ਬਚਾਅ ਵੀ ਕਾਫ਼ੀ ਹੱਦ ਤਕ ਸੰਭਵ ਹੈ ਪਰ ਸਮਾਜ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਬੰਦਾ ਕੈਂਸਰ ਤੋਂ ਪੀੜਤ ਹੈ। ਅੱਜ ਜ਼ਰੂਰਤ ਹੈ ਕਿ ਜਲਦੀ ਤੋਂ ਜਲਦੀ ਬਿਮਾਰੀ ਦਾ ਪਤਾ ਲੱਗੇ ਤਾਂ ਕਿ ਸੰਪੂਰਨ ਇਲਾਜ ਹੋ ਸਕੇ। ਸੋ ਕੈਂਸਰ ਰੋਗ ਦਾ ਜਲਦੀ ਪਤਾ ਕਿਵੇਂ ਲੱਗ ਸਕੇ ’ਤੇ ਵਿਚਾਰ ਕਰਨਾ ਜ਼ਰੂਰੀ ਹੋ ਗਿਆ ਹੈ।

### ਸਮੇਂ ਸਿਰ ਜਾਂਚ ਕਰਾਓ

ਔਰਤਾਂ 20-30 ਸਾਲ ਦੀ ਉਮਰ ’ਚ ਬਰੈਸਟ ਦੀ ਜਾਂਚ ਕਰਵਾਉਣੀ ਚਾਹੀਦੀ ਹੈ। 30-40 ਸਾਲ ਦੀ ਉਮਰ ’ਚ ਡਾਕਟਰ ਤੋਂ ਜਾਂਚ ਕਰਾਓ। ਬਰੈਸਟ ਕੈਂਸਰ ਦੀ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ’ਚ ਅਲਟਰਾਸਾਊਂਡ ਜ਼ਰੂਰ ਕਰਾ ਲਵੋ। ਘੱਟ ਉਮਰ ’ਚ ਬਰੈਸਟ ਠੋਸ ਹੁੰਦੀ ਹੈ ਅਤੇ ਅਜਿਹੇ ’ਚ ਕਈ ਵਾਰ ਮੈਮੋਗ੍ਰਾਫੀ ’ਚ ਠੀਕ ਰੀਡਿੰਗ ਨਹੀਂ ਆ ਪਾਉਂਦੀ। ਇਸ ਦੇ ਇਲਾਵਾ ਰੈਡੀਏਸ਼ਨ ਵੀ ਹੁੰਦਾ ਹੈ। ਅਜਿਹੇ ’ਚ ਡਾਕਟਰ ਤੋਂ ਪੁੱਛ ਕੇ ਹੀ ਮੈਮੋਗ੍ਰਾਫੀ ਕਰਾਓ। ਜੇ ਪਾਨ-ਗੁਟਕਾ ਖਾਂਦੇ ਹੋ ਤਾਂ 30 ਸਾਲ ਦੇ ਬਾਅਦ ਹਰ ਸਾਲ ਇਕ ਵਾਰ ਸਪੈਸ਼ਲਿਸਟ ਜਾਂ ਫਿਰ ਹੇਡ-ਨੇਕ ਸਰਜਨ ਤੋਂ ਆਪਣੇ ਮੂੰਹ ਅਤੇ ਗਲ਼ੇ ਦੀ ਜਾਂਚ ਕਰਾਓ।

### ਰਹੋ ਚੌਕਸ

ਜੇ ਸਰੀਰ ’ਚ ਕਿਤੇ ਵੀ ਕੋਈ ਗੱਠ, ਫੋੜਾ ਆਦਿ ਹੈ ਜੋ ਕਿ ਤਿੰਨ ਹਫ਼ਤੇ ਤੋਂ ਜ਼ਿਆਦਾ ਵਕਤ ਤੋਂ ਠੀਕ ਨਹੀਂ ਹੋ ਰਿਹਾ, ਕਿਤੇ ਬਲੀਡਿੰਗ ਹੋ ਰਹੀ ਹੈ ਜਾਂ ਭਾਰ ਤੇਜ਼ੀ ਨਾਲ ਡਿੱਗ ਰਿਹਾ ਹੈ, ਵਾਰ-ਵਾਰ ਬੁਖ਼ਾਰ ਆਉਂਦਾ ਹੈ ਤਾਂ ਡਾਕਟਰ ਨੂੰ ਦਿਖਾਓ। ਹਾਲਾਂਕਿ ਇਹ ਲੱਛਣ ਕੈਂਸਰ ਦੇ ਇਲਾਵਾ ਦੂਜੀ ਬਿਮਾਰੀਆਂ ਦੇ ਵੀ ਹੋ ਸਕਦੇ ਹਨ ਪਰ ਜਾਂਚ ਕਰਾਉਣ ਦਾ ਫ਼ਾਇਦਾ ਇਹ ਹੈ ਕਿ ਸ਼ੁਰੂਆਤੀ ਸਟੇਜ ’ਚ ਜਾਣਕਾਰੀ ਮਿਲਣ ਨਾਲ ਇਲਾਜ ਦੀ ਉਮੀਦ ਵੱਧ ਜਾਂਦੀ ਹੈ।

### ਬਰੈਸਟ ਕੈਂਸਰ ਲਈ ਬਰੇਕਾ ਟੈਸਟ

ਜੇ ਮਾਂ ਜਾਂ ਭੈਣ ਨੂੰ ਬਰੈਸਟ ਕੈਂਸਰ ਹੋਇਆ ਹੈ ਤਾਂ ਧੀ ਨੂੰ ਬਰੈਸਟ ਕੈਂਸਰ ਜੀਨ ਟੈਸਟ ਕਰਾ ਲੈਣਾ ਚਾਹੀਦਾ ਹੈ। ਇਹ ਟੈਸਟ ਜੀਂਸ ’ਚ ਕਿਸੇ ਤਰ੍ਹਾਂ ਦੀ ਗੜਬੜੀ ਹੈ ਤਾਂ ਉਸ ਦੀ ਜਾਣਕਾਰੀ ਦਿੰਦਾ ਹੈ। ਇਸ ਨੂੰ ਕਿਸੇ ਵੀ ਉਮਰ ’ਚ ਕਰਾ ਸਕਦੇ ਹੋ।

ਜੇ ਬਰੇਕਾ-1 ’ਚ ਗੜਬੜੀ ਨਿਕਲਦੀ ਹੈ ਤਾਂ ਜ਼ਿੰਦਗੀ ’ਚ ਕਦੇ ਵੀ ਕੈਂਸਰ ਹੋਣ ਦਾ ਸੰਦੇਹ 80 ਫ਼ੀਸਦੀ ਤਕ ਅਤੇ ਬਰੇਕਾ-2 ’ਚ ਗੜਬੜੀ ਹੈ ਤਾਂ ਕੈਂਸਰ ਦਾ ਸੰਦੇਹ 50 ਫ਼ੀਸਦੀ ਤਕ ਵੱਧ ਜਾਂਦਾ ਹੈ। ਜੇ ਟੈਸਟ ਪਾਜਿਟਿਵ ਆਉਂਦਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਲਾਇਫ਼ ਸਟਾਇਲ ਸੁਧਾਰ ਕੇ ਕੈਂਸਰ ਦੀ ਸੰਦੇਹ ਨੂੰ ਘੱਟ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਹੋਣ ਵਾਲੇ ਖ਼ਤਰੇ ਨੂੰ ਟਾਲਿਆ ਜਾ ਸਕਦਾ ਹੈ।

### ਫੇਫੜਿਆਂ ਦੇ ਕੈਂਸਰ ਲਈ ਸੀਟੀ ਸਕੈਨ

ਜੇ ਕੋਈ ਬਹੁਤ ਸਿਗਰਟ ਬੀੜੀ ਪੀਂਦਾ ਹੈ। 15-20 ਸਾਲ ਤੋਂ ਸਮੋਕ ਕਰ ਰਿਹਾ ਹੈ ਅਤੇ ਖਾਂਸੀ ਵੀ ਹੈ ਤਾਂ ਉਸ ਨੂੰ ਫੇਫੜਿਆਂ ਦੀ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ। ਹੁਣ ਅਜਿਹੇ ਲੋਕਾਂ ਲਈ ਲਓ ਡੋਜ ਚੈਸਟ ਸੀਟੀ ਸਕੈਨ ਵੀ ਕੀਤਾ ਜਾਂਦਾ ਹੈ ਜਿਸ ਦੀ ਰੈਡੀਏਸ਼ਨ ਵੀ ਘੱਟ ਹੁੰਦੀ ਹੈ। ਜੇ ਰਿਸਕ ਨਹੀਂ ਹੈ ਤਾਂ ਵੀ 40 ਸਾਲ ਦੀ ਉਮਰ ’ਚ ਇਕ ਵਾਰ ਫੇਫੜਿਆਂ ਦਾ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ।

### ਪ੍ਰੋਸਟੇਟ ਕੈਂਸਰ ਲਈ

50 ਸਾਲ ਦੀ ਉਮਰ ’ਚ ਪੁਰਸ਼ਾਂ ਨੂੰ ਪੀਐਸਏ ਟੈਸਟ ਕਰਾ ਲੈਣਾ ਚਾਹੀਦਾ ਹੈ। ਜੇ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ਵਿਚ ਹੀ ਇਹ ਟੈਸਟ ਕਰਾ ਲਵੋ। ਇਸ ਦੇ ਇਲਾਵਾ ਫਿਜਿਕਲ ਏਗਜਾਮਨੇਸ਼ਨ ਨਾਲ ਵੀ ਪ੍ਰੋਸਟੇਟ ਦੇ ਸਾਇਜ਼ ਆਦਿ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਨੂੰ ਡਿਜਿਟਲ ਰੇਕਟਲ ਏਗਜਾਮਿਨੇਸ਼ਨ ਕਿਹਾ ਜਾਂਦਾ ਹੈ। ਜੇ ਕੋਈ ਗੜਬੜੀ ਨਜ਼ਰ ਆਉਂਦੀ ਹੈ ਤਾਂ ਇਲਾਜ ਕੀਤਾ ਜਾ ਸਕਦਾ ਹੈ।

### ਕੋਲੋਨ ( ਅੰਤੜੀ ) ਕੈਂਸਰ ਲਈ ਸਟੂਲ ਆਕਲਟ ਬਲਡ ਟੈਸਟ

ਜੇ ਟੱਟੀ ’ਚ ਖ਼ੂਨ ਆ ਰਿਹਾ ਹੈ ਤਾਂ ਸਟੂਲ ਆਕਲਟ ਬਲਡ ਟੈਸਟ ਕਰਾਓ। ਜੇ ਕੋਈ ਗੜਬੜੀ ਨਿਕਲਦੀ ਹੈ ਤਾਂ ਕੋਲੋਨੋਸਕੋਪੀ ਕਰਾ ਸਕਦੇ ਹੋ ਜਿਸ ਦੇ ਨਾਲ ਕੈਂਸਰ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹ ਸੱਚ ਹੈ ਕਿ ਆਪਣੇ ਦੇਸ਼ ’ਚ ਹਰ ਕੋਈ ਆਪਣੇ ਸਰੀਰ ਦਾ ਟੈਸਟ ਕਰਾਓਣ ਤੋਂ ਡਰਦਾ ਹੈ ਕਿ ਕਿਤੇ ਕੁਝ ਗੜਬੜ ਨਾ ਆ ਜਾਵੇ ਅਤੇ ਇਸੇ ਡਰ ਕਾਰਨ ਬਿਮਾਰੀ ਵੱਧਦੀ ਜਾਂਦੀ ਹੈ ਅਤੇ ਅੰਤ ਖ਼ਤਰਨਾਕ ਹਾਲਤ ਹੁੰਦੀ ਹੈ। ਤੁਹਾਡੀ ਸਹਾਇਤਾ ਕਰਨ ਲਈ ਡਾਕਟਰ ਹਨ। ਤੁਹਾਡਾ ਸਮੇਂ ਸਿਰ ਇਲਾਜ ਹੋ ਜਾਵੇਗਾ ਤੇ ਤੁਸੀ ਤੰਦਰੁਸਤ ਜੀਵਨ ਜੀ ਸਕੋਗੇ। ਸਿਹਤ ਖੇਤਰ ਨਾਲ ਜੁੜ੍ਹੇ ਹਰ ਇਕ ਬੰਦਾ ਦਾ ਟੀਚਾ ਇਹੋ ਹੀ ਹੁੰਦਾ ਹੈ ਸਭ ਲਈ ਤੰਦਰੁਸਤ ਜੀਵਨ ਤੇ ਲੰਮੀ ਉਮਰ।

• ਡਾ: ਰਿਪੁਦਮਨ ਸਿੰਘ,
ਡਾ: ਹਰਪ੍ਰੀਤ ਸਿੰਘ ਕਾਲਰਾ
9815200134



**ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ ’ਚ ਖਿਚਾਅ ਵਧ ਜਾਂਦਾ ਹੈ...**

# ਪਿੱਠ ਦਰਦ ਹੋ ਸਕਦਾ ਹੈ ਗੰਭੀਰ

ਮਨੁੱਖੀ ਰੀੜ੍ਹ ਦੀ ਹੱਡੀ ਛੋਟੀਆਂ - ਮੋਟੀਆਂ ਹੱਡੀਆਂ ਨਾਲ ਸਬੰਧਤ ਹੈ। ਇਹ ਹੱਡੀਆਂ ਪੱਠਿਆਂ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਿੱਧਾ ਤੇ ਮਜ਼ਬੂਤ ਰੱਖਦੀਆਂ ਹਨ। ਪੱਠਿਆਂ ਦੇ ਨਾਲ-ਨਾਲ ਦੋ ਹੱਡੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸ਼ਾਕ ਆਬਜ਼ਰਵਰਾਂ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੋਵਾਂ ਦਾ ਸਬੰਧ ਪਿੱਠ ਤੋਂ ਐਨ ਹੇਠਾਂ ਸਿੱਧਾ ਰੀੜ੍ਹ ਦੀ ਹੱਡੀ ਥੱਲੇ ਬਣੀ ਚੱਪਣੀ ਨਾਲ ਹੁੰਦਾ ਹੈ, ਜਿਸ ਨੂੰ ਡਿਸਕ ਵੀ ਆਖਦੇ ਹਨ।

### ਦਰਦ ਦੀ ਸ਼ੁਰੂਆਤ

ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ ’ਚ ਖਿਚਾਅ ਵਧ ਜਾਂਦਾ ਹੈ। ਕਈ ਵਾਰੀ ਇਹ ਦਰਦ ਹੱਡੀਆਂ ਦਾ ਠੀਕ ਤਰ੍ਹਾਂ ਨਾਲ ਵਿਕਾਸ ਨਾ ਹੋਣ ਕਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਆਮ ਤੌਰ ’ਤੇ ਬਚਪਨ ਵਿਚ ਵੇਖਣ ਨੂੰ ਮਿਲਦੇ ਹਨ। ਹੋਰ ਕਾਰਨਾਂ ਵਿਚ ਰੀੜ੍ਹ ਦੀ ਹੱਡੀ ਜਾਂ ਇਸ ਨਾਲ ਸਬੰਧਤ ਹੋਰ ਹੱਡੀਆਂ ਉੱਪਰ ਸੱਟ ਦਾ ਲੱਗ ਜਾਣਾ ਹੈ। ਅਕਸਰ ਟੀ.ਬੀ. ਅਲਸਰ ਅਤੇ ਕਿਡਨੀ ਵਰਗੀਆਂ ਬੀਮਾਰੀਆਂ ਨਾਲ ਵੀ ਪਿੱਠ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਸਿਰਫ਼ ਖ਼ੂਨ ਦੀ ਖ਼ਰਾਬੀ ਕਾਰਨ ਹੀ ਹੁੰਦਾ ਹੈ ਅਤੇ ਕੁਝ ਦਿਨਾਂ ਬਾਅਦ ਆਪਣੇ-ਆਪ ਠੀਕ ਹੋ ਜਾਂਦਾ ਹੈ। ਪਿੱਠ ਦਰਦ ਕੇਵਲ ਜਿਸਮਾਨੀ ਵਜ੍ਹਾ ਕਰ ਕੇ ਹੀ ਨਹੀਂ ਸਗੋਂ ਦਿਮਾਗ਼ੀ ਹਾਲਤਾਂ ਕਰ ਕੇ ਵੀ ਹੋ ਸਕਦਾ ਹੈ।ਭਾਵੇਂ ਇਸ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ, ਫਿਰ ਵੀ ਇਹ ਕਾਫ਼ੀ ਪੇਚੀਦਾ ਰੋਗ ਹੈ। ਇਕ ਜਾਣਕਾਰੀ ਅਨੁਸਾਰ ਵੱਡੀ ਉਮਰ ਦੇ ਬਹੁਤ ਸਾਰੇ ਲੋਕ ਇਸ ਰੋਗ ਤੋਂ ਪੀੜਤ ਹਨ। ਬਹਤੇ ਕੰਮਾਂ ’ਚ ਜਦੋਂ ਆਦਮੀ ਕੰਮ ਕਰਨ ਲੱਗਾ ਜਾਂ ਠੀਕ ਤਰੀਕੇ ਨਾਲ ਨਹੀਂ ਬੈਠਦਾ ਤਾਂ ਉਸ ਵੇਲੇ ਪਿੱਠ ਦੀਆਂ ਨਾੜਾਂ ’ਤੇ ਨਿਰੰਤਰ ਦਬਾਅ ਪੈਂਦਾ ਹੈ ਜੋ ਨਾੜਾਂ ਨੂੰ ਖਿੱਚਦਾ ਹੈ ਅਤੇ ਨਾੜਾਂ ਤਣ ਜਾਂਦੀਆਂ ਹਨ। ਜਿਹੜੇ ਲੋਕ ਦਿਮਾਗ਼ੀ ਕੰਮ ਜ਼ਿਆਦਾ ਨਹੀਂ ਕਰਦੇ ਅਤੇ ਜਿਸਮਾਨੀ ਮਜ਼ਦੂਰੀ ਕਰਦੇ ਹਨ ਉਨ੍ਹਾਂ ਨੂੰ ਵੀ ਪਿੱਠ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਦਫ਼ਤਰਾਂ ’ਚ ਕਲਰਕਨੁਮਾ ਲੋਕ ਜਿਨ੍ਹਾਂ ਨੂੰ ਲੰਬੇ ਸਮੇਂ ਤਕ ਕੁਰਸੀ ਉੱਪਰ ਬੈਠਣਾ ਪੈਂਦਾ ਹੈ, ਉਨ੍ਹਾਂ ਨੂੰ ਵੀ ਇਹ ਰੋਗ ਅਵੇਸਲਿਆਂ ਹੀ ਹੋ ਜਾਂਦਾ ਹੈ, ਉਹ ਲਗਾਤਾਰ ਇਕ ਸ਼ਕਲ ਵਿਚ ਨਹੀਂ, ਸਗੋਂ ਵਾਰ-ਵਾਰ ਆਸਣ ਬਦਲ ਕੇ ਬੈਠਣਗੇ।

### ਉਪਾਅ

- ਜਿਸ ਮੌਕੇ ਪਿੱਠ ਦਰਦ ਸ਼ੁਰੂ ਹੋਵੇ ਉਸ ਵੇਲੇ ਸਭ ਤੋਂ ਵਧੀਆ ਤਰੀਕਾ ਹੈ ਕਿ ਰੋਗੀ ਨੂੰ ਪੂਰਾ ਆਰਾਮ ਦਿੱਤਾ ਜਾਵੇ। ਆਰਾਮ ਸਮੇਂ ਮੰਜਾ ਆਦਿ ਕੱਸਿਆ ਹੋਣਾ ਚਾਹੀਦਾ ਹੈ ਪਰ ਉਸ ਉੱਪਰ ਕੱਪੜਾ ਜ਼ਰੂਰ ਹੋਵੇ ਕਿਉਂਕਿ ਜੇ ਆਦਮੀ ਕੁਸ਼ਨ ਆਦਿ ਵਾਲੇ ਬਿਸਤਰੇ ’ਤੇ ਸੌਂਦਾ ਹੈ ਅਤੇ ਜੇ ਉਸ ਦੇ ਅਚਾਨਕ ਦਰਦ ਸ਼ੁਰੂ ਹੋਣ ’ਤੇ ਉਸ ਨੂੰ ਸਖ਼ਤ ਬੈੱਡ ਆਦਿ ’ਤੇ ਲਿਟਾਅ ਦਿੱਤਾ ਜਾਵੇ ਤਾਂ ਦਰਦ ਘਟਣ ਦੀ ਬਜਾਏ ਵਧ ਜਾਵੇਗਾ। ਇਸ ਦਾ ਮੰਤਵ ਤਾਂ ਪਿੱਠ ਨੂੰ ਸਹਾਰਾ ਦੇਣਾ ਹੁੰਦਾ ਹੈ। ਇਸ ਲਈ ਦੋ ਇੰਚ ਤੈਅ ਵਾਲਾ ਕੁਸ਼ਨ ਵਰਤਿਆ ਜਾ ਸਕਦਾ ਹੈ।
- ਜਿਨ੍ਹਾਂ ਲੋਕਾਂ ਨੂੰ ਇਹ ਦਰਦ ਵਧੇਰੇ ਹੁੰਦੀ ਹੈ, ਵਧੇਰੇ ਮਾਮਲਿਆਂ ਵਿਚ ਇਹ ਡਿਸਕ ਦੇ ਹਿੱਲ ਜਾਣ ਕਾਰਨ ਹੁੰਦੀ ਹੈ। ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਜੇ ਇਹ ਆਪਣੇ ਪਹਿਲੇ ਸਥਾਨ ’ਤੇ ਆ ਜਾਵੇ ਤਾਂ ਠੀਕ ਹੈ। ਨਹੀਂ ਤਾਂ ਇਸ ਨੂੰ ਕਢਵਾ ਦੇਣਾ ਹੀ ਬਿਹਤਰ ਹੈ। ਇਸ ਦੇ ਨਿਕਲ ਜਾਣ ਨਾਲ ਇਸ ਦਾ ਸਰੀਰ ’ਤੇ ਕਿਸੇ ਤਰ੍ਹਾਂ ਦਾ ਵੀ ਮਾਰੂ ਅਸਰ ਨਹੀਂ ਪੈਂਦਾ।ਉਲਟਾ ਜਾਨ ਸੁਖਾਲੀ ਰਹਿੰਦੀ ਹੈ।
- ਇਸ ਰੋਗ ਤੋਂ ਬਚਣ ਲਈ ਆਪਣੀ ਕਮਰ ਇੰਨੀ ਸਿੱਧੀ ਤੇ ਤਣੀ ਹੋਈ ਰੱਖੋ ਕਿ ਪਿੱਠ ਨੂੰ ਕਿਸੇ ਤਰ੍ਹਾਂ ਦੇ ਸਹਾਰੇ ਆਦਿ ਦੀ ਲੋੜ ਨਾ ਪਵੇ। ਨਰਮ ਬਿਸਤਰੇ ਉੱਪਰ ਸੌਣ ਤੋਂ ਸੰਕੋਚ ਕਰੋ। ਨਰਮ ਬਿਸਤਰਾ ਵੀ ਇਸ ਰੋਗ ਦਾ ਕਾਰਨ ਬਣ ਸਕਦਾ ਹੈ।
- ਜੇ ਬਹੁਤ ਸਖ਼ਤ ਕੰਮ ਨਹੀਂ ਕਰਦੇ ਤਾਂ ਸਰੀਰ ਨੂੰ ਬਹੁਤਾ ਜੰਪ ਨਾ ਕਰਵਾਓ। ਸੱਟ -ਫੇਟ ਤੋਂ ਬਚੋ। ਹੋ ਸਕੇ ਤਾਂ ਜਿਸਮਾਨੀ ਕਸਰਤ ਕਰੋ। ਸਭ ਤੋਂ ਵਧੀਆ ਕਸਰਤ ਤੈਰਾਕੀ ਹੈ।
- ਜੇ ਇਹ ਰੋਗ ਕਿਸੇ ਤਰ੍ਹਾਂ ਵੀ ਦੂਰ ਨਾ ਹੋਵੇ ਤਾਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।



### ਸਾਵਧਾਨੀ

- ਕਈ ਵਾਰ ਇਹ ਰੋਗ ਇੰਨਾ ਵੱਧ ਜਾਂਦਾ ਹੈ ਕਿ ਰੋਗੀ ਬੇਹੋਸ਼ ਤਕ ਹੋ ਜਾਂਦਾ ਹੈ। ਇਸ ਸਮੇਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਸਮੇਂ ਕੀਤੀ ਥੋੜ੍ਹੀ ਦੇਰੀ ਵੀ ਖ਼ਤਰਨਾਕ ਹੋ ਸਕਦੀ ਹੈ। ਇਸ ਲਈ ਆਪਣੀ ਸਿਹਤ ਦੀ ਤੰਦਰੁਸਤੀ ਲਈ ਇਨ੍ਹਾਂ ਸਾਵਧਾਨੀਆਂ ਨੂੰ ਜ਼ਰੂਰ ਧਿਆਨ ’ਚ ਰੱਖੋ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਪਟਿਆਲਾ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਵਿੱਚ ਮਾਰਚ 'ਚ ਇੱਕ ਕਰਨਲ ਅਤੇ ਉਸ ਦੇ ਪੁੱਤਰ 'ਤੇ ਪੁਲੀਸ ਕਰਮਚਾਰੀਆਂ ਵੱਲੋਂ ਕੀਤੇ ਗਏ ਕਥਿਤ ਹਮਲੇ ਦੀ ਜਾਂਚ ਪੰਜ ਮਹੀਨੇ ਪਹਿਲਾਂ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪ ਦਿੱਤੀ ਸੀ। ਹੁਣ ਕੇਂਦਰੀ ਜਾਂਚ ਬਿਊਰੋ ਨੇ ਪੰਜਾਬ ਦੇ ਚਾਰ ਪੁਲੀਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਖ਼ਲ ਕੀਤੀ ਹੈ। ਉਨ੍ਹਾਂ 'ਤੇ ਗੰਭੀਰ ਸੱਟਾਂ ਮਾਰਨ ਅਤੇ ਨਾਜਾਇਜ਼ ਢੰਗ ਨਾਲ ਰੋਕਣ ਦੇ ਦੋਸ਼ ਲਗਾਏ ਗਏ ਹਨ। ਕਾਨੂੰਨ ਆਪਣਾ ਕੰਮ ਕਰੇਗਾ, ਪਰ ਇਹ ਮਾਮਲਾ ਪੁਲੀਸ ਵੱਲੋਂ ਅਪਣਾਏ ਜਾਂਦੇ ਢੰਗ ਤਰੀਕਿਆਂ, ਵਰਦੀਧਾਰੀ ਵਿਅਕਤੀਆਂ ਵੱਲੋਂ ਅਕਸਰ ਬਿਨਾਂ ਗੱਲੋਂ ਦਬਕਾਉਣ ਅਤੇ ਪੁਲੀਸ ਤੰਤਰ 'ਤੇ ਲੋਕਾਂ ਦੀ ਦਿਨੋ-ਦਿਨ ਵਧ ਰਹੀ ਬੇਭਰੋਸਗੀ ਬਾਰੇ ਗੰਭੀਰ ਸਵਾਲ ਉਠਾਉਂਦਾ ਹੈ। ਇਹ ਪੁਲੀਸ ਨੂੰ ਵੱਖ-ਵੱਖ ਪੱਧਰਾਂ 'ਤੇ ਨਾਗਰਿਕਾਂ ਨਾਲ ਦੁਬਾਰਾ ਜੁੜਨ ਅਤੇ ਵਰਤੋਂ ਵਿਹਾਰ ਤੇ ਕੰਮ ਦੇ ਵਧੇਰੇ ਢੁਕਵੇਂ ਤਰੀਕਿਆਂ ਨੂੰ ਲਾਗੂ ਕਰਨ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ। ਭਾਰਤੀ ਫ਼ੌਜ ਦੇ ਇੱਕ ਸੇਵਾਮੁਕਤ ਜਨਰਲ ਨੇ ਹਾਲ ਹੀ ਵਿੱਚ ਪੁਲੀਸ ਦੇ ਐਸਕਾਰਟ ਵਾਹਨਾਂ 'ਚ ਸਵਾਰ ਕਰਮਚਾਰੀਆਂ ਦੇ ਦਬਕਾਉਣ ਵਾਲੇ ਹਮਲਾਵਰ ਰੁਖ਼ ਵਿਰੁੱਧ ਆਵਾਜ਼ ਉਠਾਈ ਹੈ। ਪੁਲੀਸ ਐਸਕਾਰਟ ਵਾਹਨਾਂ 'ਚ ਸਵਾਰ ਪੁਲੀਸ ਕਰਮਚਾਰੀਆਂ ਦੇ ਇਸ ਵਤੀਰੇ ਖ਼ਿਲਾਫ਼ ਸੇਵਾਮੁਕਤ ਜਨਰਲ ਨੇ ਐਕਸ 'ਤੇ ਪਾਈ ਪੋਸਟ ਵਿੱਚ ਪੰਜਾਬ ਦੇ ਮੁੱਖ ਮੰਤਰੀ ਅਤੇ ਡੀ ਜੀ ਪੀ ਨੂੰ ਟੈਗ ਕੀਤਾ ਸੀ। ਪੰਜਾਬ ਦੇ ਡੀ ਜੀ ਪੀ ਨੇ ਪੁਲੀਸ ਮੁਲਾਜ਼ਮਾਂ ਦੇ ਇਸ ਵਤੀਰੇ ਨੂੰ 'ਨਾ ਸਵੀਕਾਰਨ ਯੋਗ' ਆਖਿਆ ਅਤੇ ਕਾਰਵਾਈ ਵੀ ਕੀਤੀ। ਇਸ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਹਾਲਾਤ ਨਹੀਂ ਬਦਲ ਸਕੇ। ਇਹ ਵਰਤਾਰਾ ਪੰਜਾਬ ਤੱਕ ਸੀਮਤ ਨਹੀਂ ਹੈ। ਚੰਡੀਗੜ੍ਹ ਇੱਕ ਅਪਵਾਦ ਹੈ, ਜਿੱਥੇ ਇੱਕ ਨਾਗਰਿਕ ਦਾ ਸੜਕ 'ਤੇ ਕਦਮ ਰੱਖਦਿਆਂ ਹੀ ਪੁਲੀਸ ਦੁਆਰਾ ਚਲਾਏ ਜਾ ਰਹੇ ਸੁਚੱਜੇ ਪ੍ਰਸ਼ਾਸਕੀ ਢਾਂਚੇ ਨਾਲ ਸਿੱਧਾ ਵਾਹ ਪੈਂਦਾ ਹੈ। ਇਹ ਇੱਕ ਸਹਿਯੋਗੀ ਪ੍ਰਣਾਲੀ ਹੈ, ਜਿਸ ਵਿੱਚ ਅਨੁਸ਼ਾਸਨ ਦੀ ਉਮੀਦ ਕੀਤੀ ਜਾਂਦੀ ਹੈ ਤੇ ਲੋੜੀਂਦੇ ਸਾਧਨ ਪ੍ਰਦਾਨ ਕੀਤੇ ਜਾਂਦੇ ਹਨ। ਇਸ ਕਾਰਨ ਨਿਯਮਾਂ ਦੀ ਉਲੰਘਣਾ ਦੀ ਬਹੁਤੀ ਗੁੰਜਾਇਸ਼ ਨਹੀਂ ਬਚਦੀ। ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਮਾਡਲ ਦੀਆਂ ਜ਼ਰਾ ਜਿੰਨੀਆਂ ਵੀ ਖ਼ੂਬੀਆਂ ਇਸ ਖੇਤਰ ਵਿੱਚ ਕਿਤੇ ਹੋਰ ਅਪਣਾਈਆਂ ਨਹੀਂ ਜਾ ਸਕੀਆਂ। ਇਸ ਜ਼ਿੰਮੇਵਾਰੀ ਨੂੰ ਪ੍ਰਣਾਏ ਹੋਏ ਸਿਆਸਤਦਾਨ ਅਤੇ ਪੁਲੀਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਵੀ ਯੂ ਟੀ ਚੰਡੀਗੜ੍ਹ ਵਿੱਚ ਆਪਣੀ ਰਿਹਾਇਸ਼ ਅਤੇ ਕੰਮ ਦੌਰਾਨ ਇਸ ਦਾ ਮੁੱਢਲਾ ਅਨੁਭਵ ਨਹੀਂ ਕਰਦੇ। ਵੀ ਆਈ ਪੀਜ਼ ਦੇ ਦੌਰਿਆਂ ਦੌਰਾਨ ਟ੍ਰੈਫਿਕ ਦਾ ਪ੍ਰਬੰਧਨ ਕਰਨਾ ਇਸ ਗੱਲ ਦੀ ਸੱਚੀ ਪਰਖ ਹੁੰਦਾ ਹੈ ਕਿ ਪੁਲੀਸ ਬਲ ਕਿੰਨੀ ਨਿਪੁੰਨਤਾ ਅਤੇ ਹਮਦਰਦੀ ਨਾਲ ਪੇਸ਼ ਆਉਂਦੇ ਹਨ। ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਆਮ ਲੋਕਾਂ ਲਈ ਘੱਟ ਤੋਂ ਘੱਟ ਅਸੁਵਿਧਾ ਪੈਦਾ ਕਰਨਾ ਹੈ। ਵੀ ਆਈ ਪੀਜ਼ ਦੇ ਦੌਰਿਆਂ ਸਮੇਂ ਆਪੋ ਆਪਣੇ ਕੰਮਾਂ ਲਈ ਜਾਣ ਆਉਣ ਵਾਲਿਆਂ ਵਾਸਤੇ ਇਹ ਬਹੁਤਾ ਚੰਗਾ ਤਜਰਬਾ ਨਹੀਂ ਹੁੰਦਾ। ਮੌਕੇ 'ਤੇ ਮੌਜੂਦ ਪੁਲੀਸ ਕਾਂਸਟੇਬਲਾਂ ਲਈ ਇਹ ਹੋਰ ਵੀ ਮਾੜਾ ਤਜਰਬਾ ਹੁੰਦਾ ਹੈ। ਪੁਲੀਸ ਦਾ ਕੰਮ ਸੱਚਮੁੱਚ ਮੁਸ਼ਕਿਲ ਹੈ ਕਿਉਂਕਿ ਉਨ੍ਹਾਂ ਨੂੰ ਸਾਈਬਰ ਅਪਰਾਧ, ਗੈਂਗਸਟਰ ਮੌਡਿਊਲਜ਼, ਨਸ਼ਿਆਂ ਦੇ ਤਸਕਰਾਂ ਆਦਿ ਨਾਲ ਸਿੱਝਣਾ ਪੈਂਦਾ ਹੈ, ਪਰ ਇਸ ਨੂੰ ਮਾੜਾ ਵਤੀਰਾ ਅਪਣਾਉਣ ਅਤੇ ਆਪਣਾ ਕੰਮ ਸਹੀ ਢੰਗ ਨਾਲ ਨਾ ਕਰਨ ਲਈ ਬਹਾਨਾ ਨਹੀਂ ਬਣਾਇਆ ਜਾਣਾ ਚਾਹੀਦਾ।

# ਨੈਸ਼ਨਲਿਸਟ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਰਹਿਮਾਨ ਦੀ ਵਾਪਸੀ

ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ ਐੱਨ ਪੀ) ਦੇ ਕਾਰਜਕਾਰੀ ਪ੍ਰਧਾਨ ਤਾਰਿਕ ਰਹਿਮਾਨ ਦਾ 17 ਸਾਲਾਂ ਦੀ ਸਵੈ-ਜਲਾਵਤਨੀ ਤੋਂ ਬਾਅਦ ਢਾਕਾ ਪਰਤਣਾ ਪਾਰਟੀ ਲਈ ਇੱਕ ਮਹੱਤਵਪੂਰਨ ਪਲ ਹੈ। ਇਹ ਫ਼ੈਸਲਾ ਉਸ ਦੇਸ਼ ਲਈ ਇੱਕ ਨਵਾਂ ਰਾਹ ਵੀ ਖੋਲ੍ਹ ਸਕਦਾ ਹੈ, ਜੋ ਇਸ ਵੇਲੇ ਹਿੰਸਾ, ਅਸਥਿਰਤਾ ਅਤੇ ਇਸਲਾਮੀਕਰਨ ਦੀ ਦਲਦਲ ਵਿੱਚ ਧਸਿਆ ਹੋਇਆ ਹੈ। ਸਾਬਕਾ ਰਾਸ਼ਟਰਪਤੀ ਜ਼ਿਆ-ਉਰ-ਰਹਿਮਾਨ ਅਤੇ ਬਿਮਾਰ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੇ ਪੁੱਤਰ, ਰਹਿਮਾਨ ਦੇ ਫਰਵਰੀ ਵਿੱਚ ਹੋਣ ਵਾਲੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਬਣਨ ਦੀ ਸੰਭਾਵਨਾ ਹੈ। ਸ਼ੇਖ ਹਸੀਨਾ ਦੀ ਅਵਾਮੀ ਲੀਗ 'ਤੇ ਪਾਬੰਦੀ ਲੱਗਣ ਤੋਂ ਬਾਅਦ ਬੀ ਐੱਨ ਪੀ ਇਸ ਦੌੜ ਵਿੱਚ ਅੱਗੇ ਆ ਗਈ ਹੈ। ਹਸੀਨਾ ਦੀ ਪਾਰਟੀ ਜਦੋਂ ਸੱਤਾ ਵਿੱਚ ਸੀ ਤਾਂ ਰਹਿਮਾਨ ਦੀ ਪਾਰਟੀ ਚੋਣ ਬੇਨੇਮੀਆਂ ਦੇ ਦੋਸ਼ ਨੂੰ ਹਥਿਆਰ ਵਜੋਂ ਵਰਤਦੀ ਰਹੀ ਹੈ। ਉਹ 2008 ਵਿੱਚ ਸੱਤਾਧਾਰੀ ਧਿਰ ਵੱਲੋਂ ਸਿਆਸੀ ਦਬਦਬੇ ਤਹਿਤ ਅੱਤਿਆਚਾਰ ਕੀਤੇ ਜਾਣ ਦੇ ਦੋਸ਼ ਲਾ ਕੇ ਦੇਸ਼ ਛੱਡ ਗਿਆ ਸੀ। ਇਸ ਮਾਮਲੇ ਵਿੱਚ ਬਦਲੇ ਦੀ ਭਾਵਨਾ ਦੇ ਲਗਾਏ ਗਏ ਦੋਸ਼ਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਤਾਂ ਸੰਭਵ ਹੈ ਪਰ ਅਸਲ ਸਿਆਸਤ ਨੂੰ ਤਰਜੀਹ ਦੇਣੀ ਵੀ ਅੱਜ ਦੇ ਸਮੇਂ ਦੀ ਲੋੜ ਹੈ।ਰਹਿਮਾਨ ਔਖੇ ਮਰਹਲੇ 'ਤੇ ਖੜ੍ਹੇ ਬੰਗਲਾਦੇਸ਼ ਨੂੰ ਦਿਸ਼ਾ ਦੇਣ ਅਤੇ ਭਾਰਤ ਦੀਆਂ ਉਮੀਦਾਂ ਮੁਤਾਬਿਕ ਵਿਗੜਦੇ ਸਬੰਧਾਂ ਨੂੰ ਸੁਧਾਰਨ ਦੇ ਨਾਲ ਨਾਲ ਫ਼ਿਰਕੂ ਸ਼ਾਂਤੀ ਲਿਆਉਣ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਹਾਲ ਹੀ ਵਿੱਚ ਰਹਿਮਾਨ ਵੱਲੋਂ ਕੀਤੀ ਗਈ ਟਿੱਪਣੀ 'ਦਿੱਲੀ ਨਹੀਂ, ਪਿੰਡੀ ਨਹੀਂ, ਸਭ ਤੋਂ ਪਹਿਲਾਂ ਬੰਗਲਾਦੇਸ਼' ਮੁਹੰਮਦ ਯੂਨਸ ਦੇ ਅੰਤਰਿਮ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਵਿੱਚ ਆਈਆਂ ਸਪੱਸ਼ਟ ਤਬਦੀਲੀਆਂ ਨਾਲ ਅਸਹਿਮਤੀ ਦਰਸਾਉਂਦੀ ਹੈ। ਹਸੀਨਾ ਦੀ ਅਗਵਾਈ ਹੇਠ ਬੰਗਲਾਦੇਸ਼ ਇਸ ਖੇਤਰ ਵਿੱਚ ਭਾਰਤ ਦੇ ਸਭ ਤੋਂ ਮਜ਼ਬੂਤ ?ਸਹਿਯੋਗੀਆਂ ਵਿੱਚੋਂ ਇੱਕ ਰਿਹਾ ਹੈ ਅਤੇ ਇਤਿਹਾਸਕ ਪੱਖੋਂ ਭਾਰਤ ਨਾਲ ਇਸ ਦੇ ਸਭ ਤੋਂ ਨੇੜਲੇ ਸਬੰਧ ਰਹੇ ਹਨ ਪਰ ਯੂਨਸ ਨੇ ਭਾਰਤ ਵਿਰੋਧੀ ਭਾਵਨਾ ਨੂੰ ਮਜ਼ਬੂਤ ਕਰਦਿਆਂ ਬੰਗਲਾਦੇਸ਼ ਦੇ ਲੋਕਾਂ ਵਿੱਚ ਪਾਕਿਸਤਾਨ ਲਈ ਇੱਕ ਨਵਾਂ ਸਤਿਕਾਰ ਸਿਰਜਿਆ ਹੈ। ਇਹ ਭਾਰਤੀ ਕੂਟਨੀਤੀ ਦੀ ਹੁਣ ਅਸਲ ਪ੍ਰੀਖਿਆ ਇਹ ਹੋਵੇਗੀ ਕਿ ਉਹ ਹਸੀਨਾ ਲਈ ਸੁਰੱਖਿਅਤ ਪਨਾਹਗਾਹ ਦੇ ਮੁੱਦੇ ਨੂੰ ਦੋਵੇਂ ਦੇਸ਼ਾਂ ਦੇ ਸਬੰਧਾਂ ਵਿੱਚ ਮੁੱਖ ਅੜਿੱਕਾ ਨਾ ਬਣਨ ਦੇਵੇ। ਕੱਟੜਪੰਥੀ ਜਮਾਤ-ਏ-ਇਸਲਾਮੀ ਕਦੇ ਬੀ ਐੱਨ ਪੀ ਦੀ ਸਹਿਯੋਗੀ ਸੀ, ਜਿਸ ਵੱਲੋਂ ਪਾਏ ਲਗਾਤਾਰ ਦਬਾਅ ਕਾਰਨ ਰਹਿਮਾਨ ਨੇ ਘੱਟ ਗਿਣਤੀਆਂ ਦੀ ਸੁਰੱਖਿਆ ਦੇ ਸਿਧਾਂਤ 'ਤੇ ਜ਼ੋਰ ਦਿੱਤਾ ਹੈ। ਚਾਹੇ ਇਹ ਸਿਆਸੀ ਮਜਬੂਰੀ ਹੀ ਹੋਵੇ ਪਰ ਇਹ ਇੱਕ ਸਕਾਰਾਤਮਕ ਸੰਕੇਤ ਜ਼ਰੂਰ ਹੈ। ਜਿਸ ਵੇਲੇ ਭਾਰਤ-ਬੰਗਲਾਦੇਸ਼ ਦੇ ਆਪਸੀ ਸਬੰਧ ਇੱਕ ਹੋਰ ਮਾੜੇ ਦੌਰ ਵਿੱਚੋਂ ਲੰਘ ਰਹੇ ਹਨ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਰਹਿਮਾਨ ਦੀ ਵਾਪਸੀ ਦੇ ਕੀ ਸਿੱਟੇ ਨਿਕਲਦੇ ਹਨ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਗੀਤ : ਪ੍ਰੀਤ ਜੌਣੇਵਾਲ



**ਮਾਛੀਵਾੜਾ ਸਾਹਿਬ,31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਰਮਾਤਮਾ ਕਿਸੇ ਕਿਸੇ ਵਿਅਕਤੀ ਵਿੱਚ ਅਜਿਹੀ ਵੱਖਰੀ ਦਾਤ ਬਖਸ਼ਦਾ ਹੈ ਕਿ ਆਲੇ ਦੁਆਲੇ ਦਾ ਚੁਗਿਰਦਾ ਵੀ ਉਸਦੀ ਖੁਸ਼ਬੂ ਨਾਲ ਮਹਿਕ ਉੱਠਦਾ ਹੈ, ਅਜਿਹੀ ਹੀ ਵੱਖਰੀ ਮਹਿਕ ਖਿਲਾਰੀ ਰਿਹਾ ਪ੍ਰੀਤ ਜੌਣੇਵਾਲ ਜੋ ਆਪਣੀ ਸਾਫ ਸੁਥਰੀ ਅਤੇ ਦਮਦਾਰ ਗਾਇਕੀ ਨਾਲ ਹਮੇਸ਼ਾ ਚਰਚਾ ਵਿੱਚ ਰਹਿੰਦਾ ਹੈ।ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਾਇਕ ਪ੍ਰੀਤ ਜੌਣੇਵਾਲ ਦਾ ਧਾਰਮਿਕ ਗੀਤ 'ਬਾਜਾਂ ਵਾਲੇ ਸਤਿਗੁਰ' ਰਿਲੀਜ਼ ਕੀਤਾ ਗਿਆ,ਜ਼ੋ ਖੂਬ ਚਰਚਾ ਵਿੱਚ ਹੈ।ਇਸ ਧਾਰਮਿਕ ਗੀਤ ਨੂੰ ਰਿਲੀਜ਼ ਕਰਨ ਮੌਕੇ ਪ੍ਰਸਿੱਧ ਗੀਤਕਾਰ ਮਾਡਲ ਤੇ ਪ੍ਰੋਡਿਊਸਰ ਸੋਨੀ ਜਸਵੀਰ ਬੂਥਗੜ੍ਹ ਜੱਟਾਂ, ਮਸ਼ਹੂਰ ਗੀਤਕਾਰ ਅਨਿਲ ਫ਼ਤਹਿਗੜ੍ਹ ਜੱਟਾਂ, ਸ਼ੇਰ ਸਿੰਘ ਰਾਣਵਾਂ ਗੀਤਕਾਰ ਤੇ ਉਸਤਾਦ ਮਾਸਟਰ ਬਿੱਟੂ ਲੱਖੋਵਾਲ ਵਿਸ਼ੇਸ਼ ਤੌਰ ਤੇ ਪੁੱਜੇ। ਗਾਇਕ ਪ੍ਰੀਤ ਜੌਣੇਵਾਲ ਨੇ ਦੱਸਿਆ ਕਿ ਇਸ ਰਚਨਾ ਨੂੰ ਹਰਬੰਸ ਜੌਣੇਵਾਲ ਨੇ ਕਲਮਬੱਧ ਕੀਤਾ ਤੇ ਇਸਦਾ ਸੰਗੀਤ ਮਸ਼ਹੂਰ ਸੰਗੀਤਕਾਰ ਕਰਨ ਪ੍ਰਿੰਸ ਨੇ ਦਿੱਤਾ। ਗੀਤਕਾਰ ਅਨਿਲ ਫ਼ਤਹਿਗੜ੍ਹ ਜੱਟਾਂ ਤੇ ਸ਼ੇਰ ਸਿੰਘ ਰਾਣਵਾਂ ਨੇ ਪ੍ਰੀਤ ਜੌਣੇਵਾਲ ਦੀ ਸਾਫ ਸੁਥਰੀ ਤੇ ਸੁਰੀਲੀ ਗਾਇਕੀ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਉਹਨਾਂ ਦੱਸਿਆ ਕਿ ਇਸ ਗੀਤ ਨੂੰ ਅਮੀਰ ਰਿਕਾਰਡ ਵੱਲੋਂ ਰਿਲੀਜ਼ ਕੀਤਾ ਗਿਆ ਹੈ ਤੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਗਾਇਕ ਮਿੱਤਰ ਅਤੇ ਹੋਰ ਦੋਸਤਾਂ ਦਾ ਅਹਿਮ ਯੋਗਦਾਨ ਰਿਹਾ।

ਇਸ ਮੌਕੇ ਸਰਬੰਸਦਾਨੀ ਸਤਿਗੁਰੂ ਜੀ ਦੇ ਸਰਬੰਸ ਵਾਰ ਦੇਣ ਤੇ ਵੀ ਅੱਖ ਚੋਂ ਹੰਝੂ ਤੱਕ ਨਾ ਵਹਾਉਣ ਦੇ ਜਿਗਰੇ ਬਾਰੇ ਜਿਕਰ ਕੀਤਾ ਤਾਂ ਇੱਕ ਵਾਰ ਤੇ ਸਭ ਗ਼ਮਗੀਨ ਹੋਗੇ। ਇਸ ਮੌਕੇ ਪਿਆਰਾ ਸਵੀਟਸ ਵਾਲੇ ਰਾਕੇਸ਼ ਗੀਹਲ ਅਤੇ ਹੋਰ ਸੱਜਣ ਵੀ ਮੌਜੂਦ ਸਨ।

# 12710 ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਲਈ ਵਰਤੇ ਗਏ ਰੈਗੂਲਰ ਸ਼ਬਦ ਦੇ ਨਾ ਤੇ ਮੋਹਾਲੀ ਵਿੱਚ ਕਰਨਗੇ ਪੋਲ ਖੋਲ੍ਹ ਰੈਲੀ

**ਸਮਾਣਾ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਨ ਸਰਕਾਰ ਨੇ 12710 ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਮ ਤੇ ਵੱਡੇ ਵੱਡੇ ਫਲੈਕਸ ਬੋਰਡ ਲਗਾ ਕੇ ਪੰਜਾਬ ਦੀਆਂ ਗਲੀਆਂ, ਸੜਕਾਂ, ਤੱਕ ਭਰ ਦਿੱਤੀਆਂ,ਪਰ ਜਦੋਂ 12710 ਅਧਿਆਪਕਾਂ ਨੂੰ ਆਰਡਰ ਮਿਲੇ ਤਾਂ ਮਾਨ ਸਰਕਾਰ ਦੇ ਇਸ ਐਲਾਨ ਦਾ ਭੇਤ ਖੁਲਿਆ, ਓਹਨਾਂ ਆਰਡਰਾਂ ਵਿੱਚ ਸਿਰਫ ਇੱਕ ਨਾਂਮਾਤਰ ਜਿਹਾ ਤਨਖਾਹ ਵਾਧਾ ਦਿੱਤਾ ਗਿਆ ਹੈ, ਕੋਈ ਪੇ ਸਕੇਲ਼ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਿਵਿਲ ਸਰਵਿਸਜ਼ ਰੂਲ਼ ਦਿੱਤੇ ਗਏ,ਜਿਸ ਵਿੱਚ ਰੈਗੂਲਰ ਮੁਲਾਜ਼ਮਾਂ ਨੂੰ ਦਿੱਤੇ ਜਾਣ ਵਾਲੇ ਵਿੱਤੀ ਲਾਭ ਹੁੰਦੇ ਹਨ,ਜਿਸ ਨਾਲ 15-15 ਸਾਲਾਂ ਤੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਦੀਆਂ ਪੱਕੇ ਹੋਣ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ ਗਿਆ। 10 ਸਾਲਾ ਪਾਲਸੀ ਅਧੀਨ ਬਹੁਤ ਸਾਰੇ ਅਧਿਆਪਕ ਪੱਕੇ ਹੋਣ ਤੋਂ ਵਾਂਝੇ ਰਹਿ ਗਏ,ਬਹੁਤ ਸਾਰੇ ਅਧਿਆਪਕਾਂ ਕੋਲ ਵੱਡੀਆਂ ਵੱਡੀਆਂ ਪ੍ਰੋਫੈਸ਼ਨਲ ਡਿਗਰੀਆਂ ਹੋਣ ਦੇ ਬਾਵਜੂਦ ਵੀ ਡੀ ਗ੍ਰੇਡ ਵਿੱਚ ਕਰ ਦਿੱਤਾ ਗਿਆ,ਸਮੇਂ ਸਮੇਂ ਤੇ ਸਰਕਾਰ ਦੇ ਸਿੱਖਿਆ ਮੰਤਰੀ ਨਾਲ ਇਹਨਾਂ ਮੰਗਾਂ ਨੂੰ ਲੈਕੇ ਮੀਟਿੰਗਾਂ ਵੀ ਕੀਤੀਆਂ ਗਈਆਂ, ਪਰ ਹਰੇਕ ਵਾਰ ਨਾਂਹ ਦਾ ਸਾਹਮਣਾ ਕਰਨਾ ਪਿਆ,ਇਸ ਤਰ੍ਹਾਂ ਆਮ ਲੋਕਾਂ ਦੀ ਅਖਵਾਉਣ ਵਾਲੀ ਸਰਕਾਰ , ਮੁੱਖ ਮੰਤਰੀ ਵੱਲੋਂ 4 ਸਾਲ ਲੰਘ ਜਾਣ ਤੇ ਵੀ ਕੋਈ ਪੈਨਲ ਮੀਟਿੰਗ ਨਹੀ ਦਿੱਤੀ ਗਈ। ਇਹਨਾਂ ਅਧਿਆਪਕਾ ਦੀਆਂ ਮੰਗਾਂ ਦਾ ਕੋਈ ਹੱਲ ਨਾ ਨਿਕਲਣ ਕਰਕੇ ਸਰਕਾਰ ਦੇ ਲਾਰਿਆਂ ਤੋਂ ਤੰਗ ਆ ਕਿ 12710 ਅਧਿਆਪਕ ਇੱਕਠੇ ਹੋ ਕੇ ਸਰਕਾਰ ਦੀ ਕੀਤੀ ਵਾਹਦਾ ਖਿਲਾਫੀ ਵਿਰੁੱਧ 29 ਦਸੰਬਰ ਨੂੰ ਸਾਂਝੇ ਰੂਪ ਵਿੱਚ ਮੋਹਾਲੀ ਵਿਖੇ ਰੈਲੀ ਦੇ ਰੂਪ ਚ ਤਿੱਖਾ ਸੰਘਰਸ਼ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਜਾਣਗੇ।

ਜੇਕਰ ਕੋਈ ਵੀ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾ ਇਸ ਦੀ ਹਰ ਤਰ੍ਹਾਂ ਦੀ ਜ਼ਿਮੇਵਾਰ ਸਰਕਾਰ ਦੀ ਹੋਵੇਗੀ। ਇਸ ਮੀਟਿੰਗ ਵਿੱਚ ਹਰਪ੍ਰੀਤ ਕੌਰ ਜਲੰਧਰ, ਵੀਰਪਾਲ ਕੌਰ ਸਿਧਾਣਾ,ਪਰਮਜੀਤ ਕੌਰ ਪੱਖੋਵਾਲ, ਅਨੁਭਵ ਗੁਪਤਾ, ਮਨਪ੍ਰੀਤ ਸਿੰਘ ਮੋਗਾ ,ਗੁਰਲਾਲ ਸਿੰਘ ਤੇ ਦਵਿੰਦਰ ਸੰਧੂ ਅਧਿਆਪਕ ਆਦਿ ਹਾਜ਼ਰ ਸਨ।

# ਨਸ਼ਿਆਂ ਤੇ ਹੋਰਨਾ ਅਲਾਮਤਾਂ ਖ਼ਿਲਾਫ਼ ਵਿੱਢੀ ਜਾਗਰੂਕਤਾ ਮੁਹਿੰਮ ਨੂੰ ਮਿਲ ਰਿਹੈ ਭਰਪੂਰ ਹੁੰਗਾਰਾ : ਨੀਰਜ ਗੋਇਲ




**ਹੁਸ਼ਿਆਰਪੁਰ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਅੱਜ ਵੱਖ-ਵੱਖ ਪਿੰਡਾਂ, ਜਿਵੇਂ ਕਿ ਗ੍ਰਾਮ ਪੰਚਾਇਤ ਗੋਬਿੰਦਪੁਰ ਖੁਨ-ਖੁਨ, ਗ੍ਰਾਮ ਪੰਚਾਇਤ ਹਾਜੀ ਖ਼ਾਨਪੁਰ, ਗ੍ਰਾਮ ਪੰਚਾਇਤ ਝੰਡੀ, ਗ੍ਰਾਮ ਪੰਚਾਇਤ ਪਿੱਪਲਾਂਵਾਲਾ, ਗ੍ਰਾਮ ਪੰਚਾਇਤ ਭਵਾਨੀਪੁਰ, ਗ੍ਰਾਮ ਪੰਚਾਇਤ ਚੱਬੇਵਾ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ 'ਨਾਲਸਾ' ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ 'ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ' ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ਿਆਂ ਖਿਲਾਫ ਮੁਹਿੰਮ ਸਬੰਧੀ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਰਚਨਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਧਾਂ ਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਮਾਪੇ ਬੱਚਿਆਂ ਨੂੰ ਬਾਣੀ ਤੇ ਵਿਰਸੇ ਨਾਲ ਜੋੜਨ ਲਈ ਵੱਧ ਤੋਂ ਵੱਧ ਗੁਰ ਇਤਿਹਾਸ ਤੋਂ ਜਾਣੂ ਕਰਵਾਉਣ : ਕੁਲਵੰਤ ਸਿੰਘ




**ਮੁਹਾਲੀ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਨੂੰ ਸਮਰਪਿਤ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਐਸ.ਏ.ਐਸ. ਨਗਰ ਅਤੇ ਸਰਬ ਸਾਂਝਾ ਵੈਲਫੇਅਰ ਸੁਸਾਇਟੀ ਵੱਲੋਂ ਕਰਵਾਏ ਗਏ ਦੂਜੇ ਜ਼ਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ ਦੌਰਾਨ ਜੰਗਜੂ ਕਲਾ ਦੇ ਫਸਵੇਂ ਤੇ ਗਹਿਗੱਚ ਮੁਕਾਬਲੇ ਦੇਖਣ ਨੂੰ ਮਿਲੇ। ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਦੀ ਅਗਵਾਈ ਹੇਠ ਸੈਕਟਰ-91 ਸਥਿਤ ਗੁਰਦੁਆਰਾ ਨਾਨਕ ਦਰਬਾਰ ਦੇ ਨੇੜਲੇ ਮੈਦਾਨ ਵਿੱਚ ਹੋਏ ਵਿਰਾਸਤੀ ਮੁਕਾਬਲਿਆਂ ਦੌਰਾਨ ਖਾਲਸਾ ਸੇਵਾ ਦਲ ਗੱਤਕਾ ਅਖਾੜਾ ਮੋਹਾਲੀ ਜੇਤੂ ਰਿਹਾ। ਮਿਸਲ ਸ਼ਹੀਦਾਂ ਗੱਤਕਾ ਅਖਾੜਾ ਨੇ ਦੂਜਾ ਸਥਾਨ ਜਦਕਿ ਮਾਤਾ ਸਾਹਿਬ ਦੇਵਾ ਗੱਤਕਾ ਅਖਾੜਾ (ਲੜਕੀਆਂ) ਨੇ ਤੀਜਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਸੋਟੀ-ਫੱਰੀ (ਵਿਅਕਤੀਗਤ) ਮੁਕਾਬਲਿਆਂ ਵਿੱਚ ਇਸ਼ਪ੍ਰੀਤ ਕੌਰ ਨੇ ਪਹਿਲਾ ਅਤੇ ਹਰਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਵਰਗ ਵਿੱਚ ਲੜਕਿਆਂ ਵਿੱਚੋਂ ਇੰਦਰਜੀਤ ਸਿੰਘ ਨੇ ਪਹਿਲਾ ਅਤੇ ਬਘੇਲ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਸ਼ਸਤਰ ਕਲਾ ਦਾ ਫਾਈਨਲ ਮੁਕਾਬਲਾ ਹਲਕਾ ਵਿਧਾਇਕ ਸਰਦਾਰ ਕੁਲਵੰਤ ਸਿੰਘ ਨੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ ਫੂਲ ਰਾਜ ਸਿੰਘ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਅਤੇ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਦੀ ਹਾਜ਼ਰੀ ਵਿੱਚ ਸ਼ੁਰੂ ਕਰਵਾਇਆ। ਆਪਣੇ ਸੰਬੋਧਨ ਵਿੱਚ ਸ. ਕੁਲਵੰਤ ਸਿੰਘ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲਣ, ਬਾਣੀ ਤੇ ਵਿਰਸੇ ਦੀ ਸੰਭਾਲ ਕਰਨ ਅਤੇ ਸੇਵਾ ਭਾਵਨਾ ਜਾਰੀ ਰੱਖਣ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਗੁਰ ਇਤਿਹਾਸ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਉਕਤ ਸੁਸਾਇਟੀ ਵੱਲੋਂ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਉਣ ਦੀ ਸ਼ਲਾਘਾ ਕਰਦਿਆਂ ਹਾਜ਼ਰ ਮਾਪਿਆਂ ਨੂੰ ਕਿਹਾ ਕਿ ਅਗਲੇ ਸਾਲ ਵੱਧ ਤੋਂ ਵੱਧ ਬੱਚਿਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਸ਼ਾਮਿਲ ਕਰਵਾਉਣ।

# ਫ਼ਤਿਹਗੜ੍ਹ ਸਾਹਿਬ ਸ਼ਹੀਦੀ ਸਭਾ ਤੋਂ ਸ਼ਰਧਾਲੂਆਂ ਦੀ ਵਾਪਸੀ ਸਮੇਂ ਪਟਿਆਲਾ ਸ਼ਹਿਰ 'ਚ ਸੁਚਾਰੂ ਟ੍ਰੈਫਿਕ ਵਿਵਸਥਾ ਲਈ ਟ੍ਰੈਫਿਕ ਪੁਲਿਸ ਵੱਲੋਂ ਲੋਕਾਂ ਨੂੰ ਸਹਿਯੋਗ ਦੀ ਅਪੀਲ

**ਪਟਿਆਲਾ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਫ਼ਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਦੀ 27 ਦਸੰਬਰ ਨੂੰ ਸੰਪੂਰਨਤਾ ਮਗਰੋਂ ਸ਼ਰਧਾਲੂਆਂ ਦੀ ਵਾਪਸੀ ਦੌਰਾਨ ਮਿਤੀ 27 ਦਸੰਬਰ ਦੀ ਦੁਪਹਿਰ ਤੋਂ ਬਾਅਦ 29 ਦਸੰਬਰ 2025 ਤੱਕ ਸਰਹਿੰਦ ਰੋਡ ਤੋਂ ਪਟਿਆਲਾ ਸ਼ਹਿਰ ਵੱਲ ਟਰੈਕਟਰ ਟਰਾਲੀਆਂ ਸਮੇਤ ਹੋਰ ਵਹੀਕਲਾਂ ਦਾ ਭਾਰੀ ਰਸ਼ ਰਹਿਣ ਦੇ ਮੱਦੇਨਜ਼ਰ ਟ੍ਰੈਫਿਕ ਪੁਲਿਸ ਪਟਿਆਲਾ ਨੇ ਸ਼ਹਿਰ ਵਾਸੀਆਂ ਤੇ ਰਾਹਗੀਰਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਐਸ.ਪੀ. ਟ੍ਰੈਫਿਕ ਐਚ.ਐਸ. ਮਾਨ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਟ੍ਰੈਫਿਕ ਪੁਲਿਸ ਵੱਲੋਂ ਇਸ ਦੌਰਾਨ ਪਟਿਆਲਾ ਸ਼ਹਿਰ ਅੰਦਰ ਟ੍ਰੈਫਿਕ ਰੁਕਾਵਟਾਂ ਤੇ ਜਾਮ ਦੀ ਸਮੱਸਿਆ ਦੇ ਹੱਲ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ, ਜਿਸ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਗਿਆ ਹੈ।

ਐਸ ਪੀ ਟ੍ਰੈਫਿਕ ਨੇ ਦੱਸਿਆ ਕਿ ਇਹ ਦੇਖਿਆ ਗਿਆ ਹੈ ਕਿ ਇਸ ਵਾਰੀ ਟ੍ਰੈਕਟਰ ਟਰਾਲੀਆਂ ਦੀ ਤਦਾਦ ਜਿਆਦਾ ਹੈ, ਇਸ ਲਈ ਪਟਿਆਲਾ ਦੀ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਅਗਲੇ ਦਿਨਾਂ ਦੌਰਾਨ ਸਰਹੰਦ ਰੋਡ ਸੜਕ ਅਤੇ ਸਰਹੰਦ-ਰਾਜਪੁਰਾ ਬਾਈਪਾਸ ਰੋਡ ਵੱਲ ਜਾਣ ਤੋਂ ਗੁਰੇਜ਼ ਕੀਤਾ ਜਾਵੇ।

ਐਚ. ਐਸ ਮਾਨ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਤੇ ਇਨ੍ਹਾਂ ਸੜਕਾਂ ਨੂੰ ਵਰਤਣ ਵਾਲੇ ਰਾਹਗੀਰਾਂ ਲਈ ਬਿਹਤਰ ਹੋਵੇਗਾ ਕਿ ਜੇਕਰ ਉਹ ਮੁੱਖ ਮਾਲ ਰੋਡ (ਕਚਹਿਰੀਆਂ ਬੰਦ ਹਨ, ਬਿਜਲੀ ਨਿਗਮ ਦਫ਼ਤਰ ਮੂਹਰੇ ਵੀ ਕੋਈ ਜਾਮ ਨਹੀਂ), ਪੁਰਾਣਾ ਬੱਸ ਅੱਡਾ ਸਮੇਤ ਰਾਜਪੁਰਾ ਰੋਡ ਨੂੰ ਵਰਤਦੇ ਹੋਏ ਰਾਜਪੁਰਾ ਵੱਲ ਜਾ ਸਕਦੇ ਹਨ ਅਤੇ ਇਹ ਰਸਤਾ ਬਿਲਕੁਲ ਨਿਰਵਿਘਨ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਅੱਪਰ ਮਾਲ ਰੋਡ, ਐਨ.ਆਈ.ਐਸ ਰੋਡ, ਘਲੋੜੀ ਗੇਟ ਤੋਂ ਦੱਖਣੀ ਬਾਈਪਾਸ ਜਾਂ ਪੁਰਾਣੀ ਰਾਜਪੁਰਾ ਚੁੰਗੀ ਰਾਹੀਂ ਰਾਜਪੁਰਾ ਰੋਡ ਤੋਂ ਨਵਾਂ ਬੱਸ ਅੱਡਾ ਤੋਂ ਰਾਜਪੁਰਾ ਜਾਇਆ ਜਾ ਸਕਦਾ ਹੈ। ਐਸ.ਪੀ ਟ੍ਰੈਫਿਕ ਨੇ ਕਿਹਾ ਕਿ ਇਸੇ ਤਰ੍ਹਾਂ ਲੁਧਿਆਣਾ ਜਾਣ ਵਾਲੇ ਭਾਵੇ ਵਾਇਆ ਰਾਜਪੁਰਾ ਤੋਂ ਜੀ ਟੀ ਰੋਡ ਚਲੇ ਜਾਣ ਜਾਂ ਫਿਰ ਨਾਭਾ ਤੋਂ ਮਲੇਰਕੋਟਲਾ ਤੇ ਅੱਗੇ ਲੁਧਿਆਣਾ ਜਾਣਾ ਬਿਹਤਰ ਰਹੇਗਾ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਗੁਰੂ ਨਾਨਕ ਨਗਰ, ਗੁਰਬਖ਼ਸ਼ ਕਲੋਨੀ ਦੇ ਵਸਨੀਕਾਂ ਲਈ ਅੰਗੀਠਾ ਸਾਹਿਬ ਵਾਲੀ ਪੁਲੀ ਕੋਲ ਰਾਜਪੁਰਾ ਰੋਡ ਵੱਲ ਨੂੰ ਖਾਸ ਕਰਕੇ ਚਾਰ ਪਹੀਆ ਵਾਹਨਾਂ ਦਾ ਰੂਟ ਬਦਲਿਆ ਗਿਆ ਹੈ ਤਾਂ ਜੋ ਬਾਈਪਾਸ ਉੱਪਰ ਲੰਘ ਰਹੀਆਂ ਟਰਾਲੀਆਂ ਨਾਲ ਬਾਜਵਾ ਪੁਲੀ ਉੱਪਰ ਟ੍ਰੈਫਿਕ ਜਾਮ ਨਾ ਹੋ ਸਕੇ।

ਇਸੇ ਦੌਰਾਨ ਡੀ.ਐਸ.ਪੀ. ਟ੍ਰੈਫਿਕ ਪੁਨੀਤ ਸਿੰਘ ਚਹਿਲ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਫਤਿਹਗੜ੍ਹ ਸਾਹਿਬ ਤੋਂ ਆਉਣ ਵਾਲੀ ਸੰਗਤ ਜਿਸ ਨੇ ਪਾਤੜਾਂ, ਸਮਾਣਾ, ਪਿਹੋਵਾ, ਚੀਕਾ, ਸੰਗਰੂਰ, ਮਾਨਸਾ, ਬਠਿੰਡਾ ਨੂੰ ਜਾਣਾ ਹੈ, ਨੂੰ ਵੀ ਬੇਨਤੀ ਹੈ ਕਿ ਉਹ ਸਰਹੰਦ ਰੋਡ ਤੋਂ ਰਾਜਪੁਰਾ ਬਾਈਪਾਸ ਰਾਹੀਂ ਦੱਖਣੀ ਬਾਈਪਾਸ ਰਾਹੀਂ ਉਹ ਸੌਖੇ ਆਪਣੀ ਮੰਜ਼ਿਲ ਵੱਲ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਸਹੂਲਤ ਲਈ ਬਾਈਪਾਸ ਰੋਡ ਨਿਰਵਿਘਨ ਬਿਨਾਂ ਲਾਇਟਾਂ ਤੋ ਕੀਤੀ ਗਈ ਹੈ।

ਡੀ.ਐਸ.ਪੀ. ਟ੍ਰੈਫਿਕ ਪੁਨੀਤ ਸਿੰਘ ਚਹਿਲ ਨੇ ਹੋਰ ਕਿਹਾ ਕਿ ਹਾਲਾਂਕਿ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਵੀ ਬਹੁਤੇ ਸ਼ਰਧਾਲੂਆਂ ਦਾ ਆਉਣਾ ਬਣਿਆ ਰਹਿ ਸਕਦਾ ਹੈ, ਜਿਸ ਕਾਰਨ ਇਸ ਪਾਸੇ ਤੇ ਖੰਡਾ ਚੌਂਕ ਨੇੜੇ ਵੀ ਜਾਮ ਰਹਿ ਸਕਦਾ ਹੈ, ਜਿਸ ਕਰਕੇ ਲੋਕਾਂ ਇਸ ਪਾਸੇ ਆਉਣ ਦੀ ਥਾਂ ਬਦਲਵੇਂ ਰਸਤੇ ਲੈ ਸਕਦੇ ਹਨ।

ਐਸ.ਪੀ. ਟ੍ਰੈਫਿਕ ਐਚ.ਐਸ ਮਾਨ ਤੇ ਡੀ.ਐਸ.ਪੀ. ਪੁਨੀਤ ਸਿੰਘ ਚਹਿਲ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਟ੍ਰੈਫਿਕ ਪ੍ਰਬੰਧਾਂ ਦੇ ਮੱਦੇਨਜਰ ਟ੍ਰੈਫਿਕ ਪੁਲਿਸ ਨਾਲ ਸਹਿਯੋਗ ਕੀਤਾ ਜਾਵੇ ਤਾਂ ਜੋ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਤਾਂ ਜੋ ਰਾਹਗੀਰਾਂ ਅਤੇ ਫਤਹਿਗੜ੍ਹ ਸਾਹਿਬ ਤੋਂ ਪਰਤ ਰਹੀ ਸੰਗਤ ਨੂੰ ਕੋਈ ਦਿੱਕਤ ਨਾ ਆਵੇ।

# ਵੀਰ ਬਾਲ ਦਿਵਸ ਨਾਲੋਂ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਸ ਛੋਟੇ ਸਾਹਿਬਜ਼ਾਦਿਆਂ ਨੂੰ ਸੱਚੀ ਸ਼ਰਧਾਂਜਲੀ: ਅਮਨ ਅਰੋੜਾ



**ਫਤਿਹਗੜ੍ਹ ਸਾਹਿਬ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸ਼ੁੱਕਰਵਾਰ ਸ਼ਾਮ ਨੂੰ ਕਿਹਾ ਕਿ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਸ ਨਾਮ, ਵੀਰ ਬਾਲ ਦਿਵਸ ਨਾਲੋਂ ਛੋਟੇ ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹਾਦਤ ਨੂੰ ਯਾਦ ਕਰਨ ਦਾ ਕਿਤੇ ਵੱਧ ਉਚਿਤ ਅਤੇ ਮਰਿਆਦਾਪੂਰਨ ਢੰਗ ਹੈ, ਕਿਉਂ ਜੋ ਇਹ ਸਿੱਖ ਸੰਗਤ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਸਾਂਝ ਪਾਉਂਦਾ ਹੈ।

ਸ਼੍ਰੀ ਅਮਨ ਅਰੋੜਾ ਨੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਅਤੇ ਗੁਰਮੀਤ ਸਿੰਘ 'ਮੀਤ ਹੇਅਰ' ਦੇ ਨਾਲ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰਕ ਇਤਿਹਾਸ ਦਾ ਇੱਕ ਅਦੁੱਤੀ ਅਧਿਆਇ ਹੈ, ਜੋ ਧਰਮ, ਹਿੰਮਤ ਅਤੇ ਅਡੋਲਤਾ ਦੇ ਸਰਵਉੱਚ ਆਦਰਸ਼ਾਂ ਨੂੰ ਪ੍ਰਤੀਬਿੰਬਤ ਕਰਦਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਸੰਸਦ ਮੈਂਬਰਾਂ ਵੱਲੋਂ ਵੀ ਵੀਰ ਬਾਲ ਦਿਵਸ ਦਾ ਨਾਂ ਬਦਲ ਕੇ ਸਹਿਬਜ਼ਾਦਿਆਂ ਦਾ ਬਲੀਦਾਨ ਦਿਵਸ ਕਰਨ ਦੀ ਲੋੜ ਉੱਤੇ ਪਹਿਲਾਂ ਹੀ ਸਪਸ਼ਟ ਤੌਰ 'ਤੇ ਜ਼ੋਰ ਦਿੱਤਾ ਜਾ ਚੁੱਕਾ ਹੈ, ਤਾਂ ਜੋ ਦੇਸ਼ ਵਿਦੇਸ਼ ਵਸਦੇ ਸਿੱਖ ਭਾਈਚਾਰੇ ਦੀਆਂ ਸਮੂਹਿਕ ਭਾਵਨਾਵਾਂ ਅਤੇ ਧਾਰਮਿਕ ਸੰਵੇਦਨਸ਼ੀਲਤਾ ਦਾ ਪੂਰਾ ਆਦਰ ਕੀਤਾ ਜਾ ਸਕੇ।

ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਬਹੁਤ ਹੀ ਨਿੱਕੀ ਉਮਰ ਵਿੱਚ ਛੋਟੇ ਸਾਹਿਬਜ਼ਾਦਿਆਂ ਵੱਲੋਂ ਦਿੱਤੀ ਗਈ ਸ਼ਹਾਦਤ ਅੱਜ ਵੀ ਮਨੁੱਖਤਾ ਲਈ ਪ੍ਰੇਰਣਾ ਦਾ ਅਟੁੱਟ ਸਰੋਤ ਹੈ ਅਤੇ ਇਹ ਅਨਿਆਂ ਅਤੇ ਜ਼ੁਲਮ ਦੇ ਵਿਰੁੱਧ ਡਟ ਕੇ ਖੜ੍ਹੇ ਰਹਿਣ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਬਲਿਦਾਨ ਗਾਥਾ ਸਦੀਵਕਾਲੀ ਦੇਸ਼ ਦੀ ਸਾਂਝੀ ਚੇਤਨਾ ਵਿੱਚ ਅੰਕਿਤ ਰਹੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਫਤਹਿਗੜ੍ਹ ਸਾਹਿਬ, ਸਿੱਖ ਇਤਿਹਾਸ ਦਾ ਇਕ ਪਵਿੱਤਰ ਸਥਾਨ ਹੋਣ ਦੇ ਨਾਤੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵੱਲੋਂ ਦਿੱਤੀਆਂ ਗਈਆਂ ਅਤੁੱਲ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਦੀ ਧਾਰਮਿਕਤਾ, ਬਹਾਦਰੀ ਅਤੇ ਨਿਸ਼ਕਾਮਤਾ ਦੀ ਵਿਰਾਸਤ ਅੱਜ ਵੀ ਪੀੜ੍ਹੀ ਦਰ ਪੀੜ੍ਹੀ ਰਾਹ ਦਰਸਾਉਂਦੀ ਹੈ।

ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ, ਰੁਪਿੰਦਰ ਸਿੰਘ ਹੈਪੀ ਅਤੇ ਦਵਿੰਦਰਜੀਤ ਸਿੰਘ ਲਾਡੀ ਢੋਸ, ਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵੀ ਹਾਜ਼ਰ ਸਨ।

# ਜੂਨ 2026 ਤੱਕ ਸਟੇਡੀਅਮਾਂ ਨੂੰ ਮੁਕੰਮਲ ਕਰਨ ਦਾ ਟੀਚਾ ਮਿੱਥਿਆ

**ਤਰਨ ਤਾਰਨ, 31 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਸੂਬੇ ਭਰ ਵਿੱਚ ਖੇਡ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ 1,350 ਕਰੋੜ ਦੀ ਲਾਗਤ ਨਾਲ 3,100 ਸਟੇਡੀਅਮ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਕੰਮ ਜੂਨ 2026 ਤੱਕ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਵਿਧਾਇਕ ਸ. ਹਰਮੀਤ ਸਿੰਘ ਸੰਧੂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇੱਕ ਵਿਆਪਕ ਪੈਕੇਜ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਰਾਜ ਭਰ ਵਿੱਚ ਲਗਭਗ 3,000 ਥਾਵਾਂ ▾ਤੇ ਅਤਿ-ਆਧੁਨਿਕ ਜਿੰਮ ਸਥਾਪਤ ਕਰਨਾ, 50 ਕਰੋੜ ਰੁਪਏ ਦੀ ਲਾਗਤ ਨਾਲ 17,000 ਖੇਡ ਕਿੱਟਾਂ ਦੀ ਵੰਡ, ਇੱਕ ਵਿਆਪਕ ਖੇਡ ਪੋਰਟਲ ਦੀ ਸ਼ੁਰੂਆਤ ਅਤੇ 43 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਯੁਵਾ ਭਵਨ ਦੀ ਉਸਾਰੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਮੁੱਖ ਉਦੇਸ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਗਾਉਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖਤਰੇ ਤੋਂ ਦੂਰ ਰੱਖਣਾ ਹੈ।



ਵਿਧਾਇਕ ਸ. ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਨਵੀਂ ਖੇਡ ਨੀਤੀ-2023 ਮੁਤਾਬਕ ਸੂਬੇ ਭਰ ਦੇ ਪਿੰਡਾਂ ਵਿੱਚ ਇਹ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਟੇਡੀਅਮਾਂ ▾ਤੇ 1350 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਨ੍ਹਾਂ ਵਿੱਚ ਚਾਰਦੀਵਾਰੀ, ਗੇਟ, ਜੌਗਿੰਗ ਟਰੈਕ, ਪੱਧਰਾ ਖੇਡ ਦਾ ਮੈਦਾਨ, ਰੁੱਖ, ਵਾਲੀਬਾਲ ਕੋਰਟ, ਸਟੋਰ ਅਤੇ ਹੋਰ ਸਾਮਲ ਹਨ।

ਸ. ਸੰਧੂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 50 ਕਰੋੜ ਰੁਪਏ ਦੀ ਲਾਗਤ ਨਾਲ ਖਿਡਾਰੀਆਂ ਨੂੰ 17000 ਖੇਡ ਕਿੱਟਾਂ ਵੰਡੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿੱਟਾਂ ਵਿੱਚ ਵਾਲੀਬਾਲ ਅਤੇ ਫੁੱਟਬਾਲ (ਹਰੇਕ ਲਈ ਤਿੰਨ ਵਾਲੀਬਾਲ ਅਤੇ ਫੁੱਟਬਾਲ ਅਤੇ ਦੋ ਨੈੱਟ), ਕ੍ਰਿਕਟ ਲਈ ਦੋ ਬੱਲੇ, ਵਿਕਟ, ਛੇ ਟੈਨਿਸ ਗੇਂਦਾਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ 31 ਮਾਰਚ, 2026 ਤੱਕ ਪਿੰਡਾਂ ਵਿੱਚ 5600 ਖੇਡ ਕਿੱਟਾਂ ਵੰਡਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ ਇੱਕ ਵਿਆਪਕ ਖੇਡ ਪੋਰਟਲ ਸੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡ ਪ੍ਰੇਮੀ ਅਤੇ ਖਿਡਾਰੀ ਇੱਕ ਕਲਿੱਕ 'ਤੇ ਖਿਡਾਰੀਆਂ ਦੀ ਰਜਿਸਟਰੇਸ਼ਨ, ਆਨਲਾਈਨ ਗ੍ਰੇਡੇਸਨ, ਆਨਲਾਈਨ ਡੀ.ਬੀ.ਟੀ., ਖੇਡ ਸਮਾਗਮ ਕਰਵਾਉਣ, ਗਰਾਊਂਡ ਰਿਜਰਵੇਸਨ, ਈ-ਸਰਟੀਫਿਕੇਟ, ਨਤੀਜੇ ਰਿਕਾਰਡ ਕਰਨ, ਪੈਨਸਨ/ਵਜੀਫੇ ਅਤੇ ਹੋਰ ਸਹੂਲਤਾਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ 10,000 ਨੌਜਵਾਨਾਂ ਲਈ ਸੂਬੇ ਦੇ ਨੌਂ ਜੰਗਲੀ ਖੇਤਰਾਂ ਵਿੱਚ ਟ੍ਰੈਕਿੰਗ, ਐਡਵੈਂਚਰ, ਟੀਮ ਐਕਟੀਵਿਟੀ ਕੈਂਪ ਵੀ ਲਗਾਏ ਜਾਣਗੇ।ਵਿਧਾਇਕ ਸ. ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸਟੀ ਵਾਲੀ ਗੱਲ ਹੈ ਕਿ ਪੰਜਾਬ ਦੇਸ ਦਾ ਪਹਿਲਾ ਸੂਬਾ ਹੈ ਜਿੱਥੇ ਸਪੋਰਟਸ ਮੈਡੀਸਨ ਕਾਡਰ ਮੌਜੂਦ ਹੈ। ਉਨ੍ਹਾਂ ਕਿਹਾ ਕਿ ਸੱਟਾਂ ਨਾਲ ਜੂਝ ਰਹੇ ਖਿਡਾਰੀਆਂ ਦੀ ਦੇਖਭਾਲ ਅਤੇ ਉਨ੍ਹਾਂ ਦੇ ਪ੍ਰਦਰਸਨ ਨੂੰ ਬਿਹਤਰ ਬਣਾਉਣ ਲਈ ਇਸ ਕਾਡਰ ਲਈ 92 ਕਰਮਚਾਰੀਆਂ ਦੀ ਚੋਣ ਕੀਤੀ ਗਈ ਹੈ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਹਿਲਾ ਦਿੱਤੀਆਂ ਸੀ ਜ਼ੁਲਮ ਦੀਆਂ ਨੀਂਹਾਂ: ਮੋਦੀ

## ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਕੀਤਾ ਨਮਨ

**ਨਵੀਂ ਦਿੱਲੀ, 26 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਵੀਰ ਬਾਲ ਦਿਵਸ' ਮੌਕੇ ਕਰਵਾਏ ਗਏ ਕੌਮੀਂ ਸਮਾਗਮ ਨੂੰ ਸੰਬੋਧਨ ਕਰਦਿਆਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਅਦੁੱਤੀ ਬਹਾਦਰੀ ਅਤੇ ਕੁਰਬਾਨੀ ਨੂੰ ਨਮਨ ਕੀਤਾ।

ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਬਹੁਤ ਛੋਟੀ ਉਮਰ ਵਿੱਚ ਮੁਗਲ ਸਲਤਨਤ ਦੇ ਜ਼ੁਲਮ ਵਿਰੁੱਧ ਚਟਾਨ ਵਾਂਗ ਖੜ੍ਹੇ ਹੋ ਕੇ ਧਾਰਮਿਕ ਕੱਟੜਵਾਦ ਅਤੇ ਦਹਿਸ਼ਤ ਦੀ ਹੋਂਦ ਨੂੰ ਹਿਲਾ ਕੇ ਰੱਖ ਦਿੱਤਾ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਲੜਾਈ ਸਿਰਫ਼ ਹਥਿਆਰਾਂ ਦੀ ਨਹੀਂ, ਸਗੋਂ ਭਾਰਤ ਦੇ ਮੂਲ ਆਦਰਸ਼ਾਂ ਅਤੇ ਕੱਟੜਵਾਦ ਵਿਚਕਾਰ ਸੀ, ਜਿੱਥੇ ਸਾਹਿਬਜ਼ਾਦਿਆਂ ਨੇ ਸੱਚ ਦੀ ਜਿੱਤ ਲਈ ਆਪਣਾ ਸਰਬੰਸ ਵਾਰ ਦਿੱਤਾ।

ਉਨ੍ਹਾਂ ਕਿਹਾ ਕਿ ਜਿਸ ਕੌਮ ਦਾ ਇਤਿਹਾਸ ਅਜਿਹੀਆਂ ਸ਼ਹਾਦਤਾਂ ਨਾਲ ਭਰਿਆ ਹੋਵੇ, ਉਹ ਦੁਨੀਆ ਵਿੱਚ ਕੁਝ ਵੀ ਹਾਸਲ ਕਰ ਸਕਦੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ 'ਵੀਰ ਬਾਲ ਦਿਵਸ' ਮਨਾਉਣ ਦੀ ਸ਼ੁਰੂਆਤ ਨਾਲ ਨਵੀਂ ਪੀੜ੍ਹੀ ਤੱਕ ਸਾਹਿਬਜ਼ਾਦਿਆਂ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਪਹੁੰਚ ਰਹੀਆਂ ਹਨ।

ਉਨ੍ਹਾਂ ਯਾਦ ਦਿਵਾਇਆ ਕਿ ਕਿਵੇਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੇ ਔਰੰਗਜ਼ੇਬ ਦੇ ਜ਼ੁਲਮ ਅੱਗੇ ਝੁਕਣ ਦੀ ਬਜਾਏ ਨੀਂਹਾਂ ਵਿੱਚ ਚਿਣੇ ਜਾਣਾ ਪ੍ਰਵਾਨ ਕੀਤਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਨੇ ਚਮਕੌਰ ਦੀ ਜੰਗ ਵਿੱਚ ਸ਼ਹਾਦਤ ਪ੍ਰਾਪਤ ਕੀਤੀ। ਮੋਦੀ ਨੇ ਇਹ ਵੀ ਕਿਹਾ ਕਿ ਇਹ ਦਿਨ ਹੁਣ ਦੇਸ਼ ਦੇ ਹੋਣਹਾਰ ਅਤੇ ਬਹਾਦਰ ਬੱਚਿਆਂ ਨੂੰ ਸਨਮਾਨਿਤ ਕਰਨ ਦਾ ਇੱਕ ਵੱਡਾ ਮੰਚ ਬਣ ਗਿਆ ਹੈ, ਜਿੱਥੇ ਹਰ ਸਾਲ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ 'ਕੌਮੀਂ ਬਾਲ ਪੁਰਸਕਾਰ' ਨਾਲ ਨਿਵਾਜਿਆ ਜਾਂਦਾ ਹੈ।

# 2026 'ਚ ਬਣੇਗੀ ਭਾਜਪਾ ਸਰਕਾਰ; ਘੁਸਪੈਠੀਆਂ ਨੂੰ ਚੁਣ-ਚੁਣ ਕੇ ਕੱਢਾਂਗੇ ਬਾਹਰ: ਅਮਿਤ ਸ਼ਾਹ

**ਕੋਲਕਾਤਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੋਲਕਾਤਾ ਵਿੱਚ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪੱਛਮੀ ਬੰਗਾਲ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਬੰਗਲਾਦੇਸ਼ੀ ਘੁਸਪੈਠ ਨੂੰ ਉਤਸ਼ਾਹਿਤ ਕਰ ਰਹੀ ਹੈ, ਜਿਸ ਕਾਰਨ ਸੂਬੇ ਦੀ ਜਨਸੰਖਿਆ ਦਾ ਸੰਤੁਲਨ ਖ਼ਤਰਨਾਕ ਤਰੀਕੇ ਨਾਲ ਵਿਗੜ ਗਿਆ ਹੈ।

ਸ਼ਾਹ ਨੇ ਭਰੋਸਾ ਜਤਾਇਆ ਕਿ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੋ-ਤਿਹਾਈ ਬਹੁਮਤ ਨਾਲ ਸਰਕਾਰ ਬਣਾਏਗੀ ਅਤੇ ਇਸ ਤੋਂ ਬਾਅਦ ਨਾ ਸਿਰਫ਼ ਘੁਸਪੈਠੀਆਂ ਦੀ ਪਛਾਣ ਕੀਤੀ ਜਾਵੇਗੀ, ਸਗੋਂ ਉਨ੍ਹਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜ਼ਮੀਨ ਮੁਹੱਈਆ ਨਾ ਕਰਵਾਉਣ ਕਾਰਨ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਕੰਡਿਆਲੀ ਤਾਰ ਲਾਉਣ ਦਾ ਕੰਮ ਅਧੂਰਾ ਪਿਆ ਹੈ, ਜਿਸ ਨੂੰ ਭਾਜਪਾ ਸਰਕਾਰ ਬਣਦਿਆਂ ਹੀ ਪੂਰਾ ਕੀਤਾ ਜਾਵੇਗਾ।ਸ਼ਾਹ ਨੇ ਟੀਐਮਸੀ ("$3) 'ਤੇ ਹਿੰਸਾ ਅਤੇ ਭ੍ਰਿਸ਼ਟਾਚਾਰ ਦੀ ਰਾਜਨੀਤੀ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਮਮਤਾ ਸਰਕਾਰ ਨੇ ਜ਼ੁਲਮ ਦੇ ਮਾਮਲੇ ਵਿੱਚ ਕਮਿਊਨਿਸਟਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਹੁਣ ਤੱਕ 300 ਤੋਂ ਵੱਧ ਭਾਜਪਾ ਵਰਕਰ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਨੂੰ ਘਰਾਂ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਆਰਥਿਕ ਮੋਰਚੇ 'ਤੇ ਘੇਰਦਿਆਂ ਉਨ੍ਹਾਂ ਕਿਹਾ ਕਿ ਬੰਗਾਲ ਵਿੱਚੋਂ 7,000 ਤੋਂ ਵੱਧ ਉਦਯੋਗ ਪਲਾਇਨ ਕਰ ਚੁੱਕੇ ਹਨ। ਮਤੂਆ ਭਾਈਚਾਰੇ ਨੂੰ ਸੁਰੱਖਿਆ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਧਾਰਮਿਕ ਤੌਰ 'ਤੇ ਪੀੜਤ ਸ਼ਰਨਾਰਥੀ ਨੂੰ ਡਰਨ ਦੀ ਲੋੜ ਨਹੀਂ ਹੈ।

ਸ਼ਾਹ ਨੇ ਬੰਗਾਲ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੇ ਕਾਂਗਰਸ, ਖੱਬੇ ਪੱਖੀ ਅਤੇ ਟੀਐਮਸੀ ਨੂੰ ਮੌਕਾ ਦਿੱਤਾ ਹੈ, ਹੁਣ ਇੱਕ ਵਾਰ ਭਾਜਪਾ ਨੂੰ ਸੂਬੇ ਦੇ ਵਿਕਾਸ ਲਈ ਚੁਣਨ।

# ਵਿਧਾਨ ਸਭਾ ਵਿਸ਼ੇਸ਼ ਇਜਲਾਸ: ਕੇਂਦਰ ਸਰਕਾਰ ਸੂਬਿਆਂ ਦੇ ਹੱਕ ਖੋਹਣ ਦੇ ਰਾਹ ਪਈ: ਵਿੱਤ ਮੰਤਰੀ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਦੇ ਨਾਲ ਸ਼ੁਰੂ ਹੋਇਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਗੁਰੂ ਸਾਹਿਬ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੱਲ ਕੀਤੀ। ਉਨ੍ਹਾਂ ਸਾਹਿਬਜ਼ਾਦਿਆਂ ਦੇ ਸਿਦਕ ਨੂੰ ਸਿਜਦਾ ਕੀਤਾ।ਆਪ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਵੱਲੋਂ ਸਦਨ 'ਚ ਚਾਰ ਸਾਹਿਬਜ਼ਾਦਿਆਂ ਨੂੰ ਅਕੀਦਤ ਭੇਟ ਕੀਤੀ ਗਈ। ਇਸ ਦੌਰਾਨ ਸਦਨ 'ਚ ਵਿਧਾਇਕ ਸੁਖਵਿੰਦਰ ਸੁੱਖੀ ਦੇ ਬੋਲਣ ਮੌਕੇ ਹੰਗਾਮਾ ਹੋਇਆ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਤਰਾਜ਼ ਕੀਤਾ ਕਿ ਪਹਿਲਾਂ ਇਹ ਦੱਸਿਆਂ ਜਾਵੇ ਕਿ ਸੁੱਖੀ ਕਿਸ ਪਾਰਟੀ ਵੱਲੋਂ ਬੋਲ ਰਹੇ ਹਨ। ਉਧਰ ਅਮਨ ਅਰੋੜਾ ਨੇ ਜਵਾਬੀ ਹਮਲੇ 'ਚ ਕਿਹਾ ਕਿ ਸੁੱਖੀ ਦਾ ਸਟੇਟਸ ਉਹੀ ਹੈ ਜੋ ਕਾਂਗਰਸ ਚ ਸੰਦੀਪ ਜਾਖੜ ਦਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਸੂਬਿਆਂ ਦੇ ਹੱਕ ਖੋਹਣ ਦੇ ਰਾਹ ਪਈ ਹੈ ਅਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮਗਨਰੇਗਾ 'ਚ ਕੀਤੇ ਬਦਲਾਅ ਦੀ ਗੱਲ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ ਕਿ ਕਿਸੇ ਸਕੀਮ ਦਾ ਨਾਮ ਧਰਮ ਦੇ ਨਾਮ ਤੇ ਰੱਖਿਆ ਗਿਆ ਹੋਵੇ । ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਰਕਾਰੀ ਮਤੇ 'ਤੇ ਬੋਲਦਿਆਂ ਕਿਹਾ ਕਿ ਸਦਨ 'ਚ ਇਕੱਲੇ ਮਤੇ ਪਾਸ ਕਰਨ ਨਾਲ ਗੱਲ ਨਹੀਂ ਬਣੇਗੀ , ਦਿੱਲੀ 'ਚ ਪ੍ਰਧਾਨ ਮੰਤਰੀ ਦੇ ਦਫ਼ਤਰ ਤੇ ਘਰ ਅੱਗੇ ਧਰਨਾ ਦੇਣਾ ਪਵੇਗਾ।

ਇਸ ਤੋਂ ਪਹਿਲਾਂ ਮਗਨਰੇਗਾ ਦੀ ਥਾਂ ਲਿਆਂਦੇ ਜੀ ਰਾਮ ਜੀ ਕਾਨੂੰਨ ਖ਼ਿਲਾਫ਼ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਮਗਨਰੇਗਾ ਕਾਮਿਆਂ ਦੀਆਂ ਦਰਖਾਸਤਾਂ ਲੈ ਕੇ ਪਹੁੰਚੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵੱਖ-ਵੱਖ ਵਿਧਾਇਕਾਂ ਨੇ ਕਿਹਾ ਕਿ ਜੀ ਰਾਮ ਜੀ ਕਾਨੂੰਨ ਲਿਆ ਕੇ ਮਜ਼ਦੂਰਾਂ ਅਤੇ ਪਛੜੇ ਵਰਗ ਦੇ ਲੋਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਨਾਂ ਦਾ ਰੁਜ਼ਗਾਰ ਖੋਹ ਰਹੀ ਹੈ। ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਦੇਵ ਮਾਨ ਅਤੇ ਕੁਲਜੀਤ ਰੰਧਾਵਾ ਦਰਖਾਸਤਾਂ ਦੀ ਪੰਡ ਸਮੇਤ ਵਿਧਾਨ ਸਭਾ ਦੇ ਬਾਹਰ ਪੁੱਜੇ ਸਨ। ਜ਼ਿਕਰਯੋਗ ਹੈ ਕਿ ਮਨਰੇਗਾ (MGNREGA) ਵਿੱਚ ਹੋਏ ਬਦਲਾਅ ਦੇ ਪ੍ਰਭਾਵਾਂ 'ਤੇ ਚਰਚਾ ਕਰਨ ਲਈ ਅੱਜ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ। ਇਸ ਸੈਸ਼ਨ ਦੌਰਾਨ ਸਰਕਾਰ ਸਦਨ ਵਿੱਚ ਇੱਕ ਸਰਕਾਰੀ ਮਤਾ ਪੇਸ਼ ਕਰੇਗੀ, ਜਿਸ ਵਿੱਚ ਕੇਂਦਰ ਸਰਕਾਰ ਕੋਲ ਇਹ ਮੁੱਦਾ ਉਠਾਉਣ ਦੀ ਸਿਫ਼ਾਰਸ਼ ਕੀਤੀ ਜਾਵੇਗੀ ਕਿ ਮਨਰੇਗਾ ਦੇ ਢਾਂਚੇ ਨੂੰ ਮੰਗ-ਅਧਾਰਤ, ਅਧਿਕਾਰ-ਅਧਾਰਤ ਅਤੇ ਪੂਰੀ ਤਰ੍ਹਾਂ ਕੇਂਦਰ ਦੁਆਰਾ ਸਪਾਂਸਰ ਰੱਖਿਆ ਜਾਵੇ। ਇਸ ਦੇ ਨਾਲ ਹੀ 'ਵੀਬੀ ਜੀ ਰਾਮ ਜੀ' (VB G RAM G) ਐਕਟ ਦੀਆਂ ਮੱਦਾਂ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਜਾਣੀ ਹੈ।

ਇਸ ਵਿਸ਼ੇਸ਼ ਸੈਸ਼ਨ ਦੌਰਾਨ ਸੂਬਾ ਸਰਕਾਰ ਵੱਲੋਂ ਤਿੰਨ ਅਹਿਮ ਬਿੱਲ ਵੀ ਪੇਸ਼ ਕੀਤੇ ਜਾਣੇ ਹਨ, ਜਿਨ੍ਹਾਂ ਵਿੱਚ ਪੰਜਾਬ ਆਬਾਦੀ ਦੇਹ (ਮਾਲਕੀ ਰਿਕਾਰਡ) ਸੋਧ ਬਿੱਲ, ਭਾਰਤੀ ਸਟੈਂਪ (ਪੰਜਾਬ ਦੂਜੀ ਸੋਧ) ਬਿੱਲ ਅਤੇ ਪੰਜਾਬ ਲੈਂਡ ਰੈਵੇਨਿਊ (ਸੋਧ) ਬਿੱਲ-2025 ਸ਼ਾਮਲ ਹਨ। ਇਹ ਸੈਸ਼ਨ ਕਾਫੀ ਹੰਗਾਮੇ ਭਰਿਆ ਰਹਿਣ ਦੀ ਉਮੀਦ ਹੈ, ਕਿਉਂਕਿ ਆਪ, ਕਾਂਗਰਸ ਅਤੇ ਅਕਾਲੀ ਦਲ ਦੇ ਵਿਧਾਇਕ ਸੋਧੇ ਹੋਏ ਐਕਟ ਨੂੰ ਲੈ ਕੇ ਭਾਜਪਾ ਨੂੰ ਘੇਰਨ ਦੀ ਤਿਆਰੀ ਵਿੱਚ ਹਨ, ਜਦਕਿ ਭਾਜਪਾ ਵੱਲੋਂ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਚਰਚਾ ਦੀ ਮੰਗ ਕੀਤੀ ਜਾ ਰਹੀ ਹੈ।

ਵਿਧਾਇਕ ਗਿਆਸਪੁਰਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ 'ਤੇ ਇਤਰਾਜ਼ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਸਦਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ 'ਤੇ ਇਤਰਾਜ਼ ਜਤਾਇਆ ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਟਿੱਪਣੀ ਅਪਮਾਨਜਨਕ ਹੈ । ਚੇਤੇ ਰਹੇ ਕਿ ਗਿਆਸਪੁਰਾ ਨੇ ਮੋਦੀ ਦੀ ਧੌਣ 'ਤੇ ਗੋਡਾ ਰੱਖਾਂਗੇ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਸੀ ।

# ਪੰਜਾਬ ਵਿਧਾਨ ਸਭਾ ਦੇ ਮਤੇ 'ਤੇ ਭੜਕੇ ਸ਼ਿਵਰਾਜ ਚੌਹਾਨ, ਕਿਹਾ: ਇਹ ਸੰਘੀ ਢਾਂਚੇ ਦੇ ਖ਼ਿਲਾਫ਼

**ਭੋਪਾਲ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਵਿਧਾਨ ਸਭਾ ਵੱਲੋਂ 'ਵਿਕਸਿਤ ਭਾਰਤ-G RAM G ਐਕਟ ਵਿਰੁੱਧ ਮਤਾ ਪਾਸ ਕਰਨ ਲਈ ਬੁਲਾਏ ਗਏ ਵਿਸ਼ੇਸ਼ ਇਜਲਾਸ ਦੀ ਸਖ਼ਤ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨ ਵਿਰੁੱਧ ਅਜਿਹਾ ਕਦਮ ਚੁੱਕਣਾ ਭਾਰਤ ਦੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ। ਚੌਹਾਨ ਨੇ ਦੱਸਿਆ ਕਿ ਲੋਕ ਸਭਾ ਵਿੱਚ ਇਸ ਬਿੱਲ 'ਤੇ ਅੱਠ ਘੰਟੇ ਤੋਂ ਵੱਧ ਚਰਚਾ ਹੋਈ ਸੀ, ਪਰ ਵਿਰੋਧੀ ਧਿਰ ਨੇ ਉਸ ਵੇਲੇ ਸਿਰਫ਼ ਹੰਗਾਮਾ ਕੀਤਾ ਅਤੇ ਹੁਣ ਵਿਧਾਨ ਸਭਾ ਰਾਹੀਂ ਸੰਵਿਧਾਨਕ ਸਿਧਾਂਤਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਦੱਸਣਯੋਗ ਹੈ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਪ੍ਰਵਾਨਿਤ ਇਹ ਨਵਾਂ ਐਕਟ ਪੁਰਾਣੀ 'ਮਨਰੇਗਾ' (MGNREGA) ਸਕੀਮ ਦੀ ਥਾਂ ਲਵੇਗਾ, ਜਿਸ ਤਹਿਤ ਪੇਂਡੂ ਪਰਿਵਾਰਾਂ ਲਈ ਰੁਜ਼ਗਾਰ ਦੀ ਗਾਰੰਟੀ 100 ਦਿਨਾਂ ਤੋਂ ਵਧਾ ਕੇ 125 ਦਿਨ ਕਰ ਦਿੱਤੀ ਗਈ ਹੈ।

ਸ਼ਿਵਰਾਜ ਸਿੰਘ ਚੌਹਾਨ ਅਨੁਸਾਰ, ਇਹ ਕਾਨੂੰਨ 2047 ਤੱਕ 'ਵਿਕਸਿਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਪੇਂਡੂ ਖੇਤਰਾਂ ਨੂੰ ਆਤਮ-ਨਿਰਭਰ ਬਣਾਉਣ ਲਈ ਇੱਕ ਇਤਿਹਾਸਕ ਮੀਲ ਪੱਥਰ ਹੈ।

ਉਨ੍ਹਾਂ ਸਵਾਲ ਚੁੱਕਿਆ ਕਿ ਜਦੋਂ ਇਹ ਕਾਨੂੰਨ ਪੇਂਡੂ ਵਿਕਾਸ ਅਤੇ ਰੁਜ਼ਗਾਰ ਨੂੰ ਮਜ਼ਬੂਤੀ ਦਿੰਦਾ ਹੈ, ਤਾਂ ਪੰਜਾਬ ਸਰਕਾਰ ਇਸ ਦਾ ਵਿਰੋਧ ਕਰਕੇ ਕੀ ਸਾਬਤ ਕਰਨਾ ਚਾਹੁੰਦੀ ਹੈ।

# ਸਿਟਕੋ ਹੋਟਲਾਂ ਵਿੱਚ ਨਵੇਂ ਸਾਲ 2026 ਦਾ ਸੁਆਗਤ- ਹੋਟਲ ਮਾਊਂਟਵਿਊ ਅਤੇ ਸ਼ਿਵਾਲਿਕਵਿਊ ਵਿੱਚ ਵਿਸ਼ੇਸ਼ ਸਮਾਰੋਹ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿੱਚ ਸਿਟਕੋ (CITCO) ਹੋਟਲਾਂ ਦੇ ਪ੍ਰਮੁੱਖ ਅਦਾਰੇ, ਮਾਊਂਟਵਿਊ ਅਤੇ ਸ਼ਿਵਾਲਿਕਵਿਊ ਹੋਟਲ, ਨਵੇਂ ਵਰ੍ਹੇ ਦੀ ਪੂਰਵ ਸੰਧਿਆ ਦੇ ਸ਼ਾਨਦਾਰ ਜਸ਼ਨਾਂ ਦੀ ਮੇਜ਼ਬਾਨੀ ਕਰਨਗੇ। ਮਹਿਮਾਨਾਂ ਲਈ ਸ਼ਾਨਦਾਰ ਬੁਫੇ ਵਿਅੰਜਨਾਂ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਆ ਲਾ ਕਾਰਟੇ ਭੋਜਨ ਵਿਕਲਪ ਉਪਲਬਧ ਰਹਿਣਗੇ। ਲਾਇਵ ਸੰਗੀਤ ਦੀ ਪ੍ਰਸਤੁਤੀ ਦੇ ਦਰਮਿਆਨ ਸਾਰੇ ਮਹਿਮਾਨ ਉਤਸ਼ਾਹਪੂਰਵਕ ਵਰ੍ਹੇ 2026 ਦਾ ਸੁਆਗਤ ਕਰ ਸਕਣਗੇ।

ਜਲਦੀ ਬੁਕਿੰਗ ਦੇ ਲਈ ਵਿਸ਼ੇਸ਼ ਰੂਮ ਡਿਸਕਾਊਂਟ ਉਪਲਬਧ ਹਨ, ਜੋ ਉਪਲਬਧਤਾ ਦੇ ਅਧਾਰ 'ਤੇ ਪ੍ਰਦਾਨ ਕੀਤੇ ਜਾਣਗੇ। ਨਾਲ ਹੀ ਆਕਰਸ਼ਕ ਰੂਮ ਪੈਕੇਜ ਵੀ ਪ੍ਰਸਤੁਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ 1 ਜਨਵਰੀ, 2026 ਦੀ ਵਿਸ਼ੇਸ਼ ਨਾਸ਼ਤੇ ਦੀ ਸੁਵਿਧਾ ਵੀ ਸ਼ਾਮਲ ਹੈ। ਬੁਕਿੰਗ ਲਈ ਟੋਲ-ਫ੍ਰੀ ਨੰਬਰ 1800 180 2226 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਆਯੋਜਨ ਵਿੱਚ ਕੋਈ ਐਂਟਰੀ ਫੀਸ ਨਹੀਂ ਹੈ-ਮਹਿਮਾਨ ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ 'ਤੇ ਭੋਜਨ ਅਤੇ ਲਾਇਵ ਸੰਗੀਤ ਦਾ ਆਨੰਦ ਲੈ ਸਕਦੇ ਹਨ।

ਸਿਟਕੋ (CITCO) ਹੋਟਲਸ ਦੁਆਰਾ ਆਯੋਜਿਤ ਇਹ ਨਵੇਂ ਸਾਲ ਦਾ ਸਮਾਰੋਹ ਉੱਤਮ ਭੋਜਨ, ਸੁਰੀਲੇ ਲਾਇਵ ਸੰਗੀਤ, ਆਲੀਸ਼ਾਨ ਰਿਹਾਇਸ਼ੀ ਸੁਵਿਧਾਵਾਂ ਅਤੇ ਸੁਧਰੇ ਹੋਏ ਜਸ਼ਨ ਦੇ ਮਾਹੌਲ ਦੀ ਵਿਸ਼ੇਸ਼ਤਾ ਵਾਲਾ ਇੱਕ ਸੰਪੂਰਨ ਅਨੁਭਵ ਪ੍ਰਦਾਨ ਕਰੇਗਾ। ਇਹ ਪਹਿਲ ਹਰੇਕ ਅਵਸਰ ਨੂੰ ਵਿਸ਼ੇਸ਼ ਅਤੇ ਯਾਦਗਾਰੀ ਬਣਾਉਣ ਦੇ ਪ੍ਰਤੀ ਸਿਟਕੋ (CITCO) ਦੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ।

ਇਸ ਅਵਸਰ 'ਤੇ ਸ਼੍ਰੀ ਹਰੀ ਕਲਿੱਕਟ, ਆਈਏਐੱਸ, ਮੈਨੇਜਿੰਗ ਡਾਇਰੈਕਟਰ,ਸਿਟਕੋ (39" 3®) ਨੇ ਕਿਹਾ, ਸਿਟਕੋ ਹੋਟਲਸ ਨੇ ਮਹਿਮਾਨਨਿਵਾਜ਼ੀ, ਸ਼ਾਨ ਅਤੇ ਉਤਸਵ ਦੇ ਸੁਮੇਲ ਨੂੰ ਹਮੇਸ਼ਾ ਪ੍ਰਾਥਮਿਕਤਾ ਦਿੱਤੀ ਹੈ। ਹੋਟਲ ਮਾਊਂਟਵਿਊ ਅਤੇ ਸ਼ਿਵਾਲਿਕਵਿਊ ਵਿੱਚ ਆਯੋਜਿਤ ਨਵੇਂ ਸਾਲ ਦੇ ਪ੍ਰੋਗਰਾਮਾਂ ਦਾ ਉਦੇਸ਼ ਵਰ੍ਹੇ 2026 ਦਾ ਸੁਆਗਤ ਗਰਮਜੋਸ਼ੀ, ਅਰਾਮ ਅਤੇ ਵਿਸ਼ਿਸ਼ਟ ਅਨੁਭਵਾਂ ਦੇ ਨਾਲ ਕਰਨਾ ਹੈ।

# ਅਲਮੋੜਾ ਹਾਦਸਾ: ਡੂੰਘੀ ਖੱਡ 'ਚ ਡਿੱਗੀ ਬੱਸ, 7 ਜ਼ਿੰਦਗੀਆਂ ਖ਼ਤਮ !

## ਦੁਆਰਾਹਾਟ ਤੋਂ ਰਾਮਨਗਰ ਜਾ ਰਹੀ ਸੀ ਬੱਸ, ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਧਾਮੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਅਲਮੋੜਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਦੇ ਅਲਮੋੜਾ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਬੱਸ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ 7 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂਕਿ ਡਰਾਈਵਰ ਸਮੇਤ 12 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ।

ਐਸਐਸਪੀ ਦੇਵੇਂਦਰ ਪਿੰਚਾ ਮੁਤਾਬਕ, ਇਹ ਹਾਦਸਾ ਭੀਕੀਆਸੈਣ ਇਲਾਕੇ ਵਿੱਚ ਉਸ ਵੇਲੇ ਵਾਪਰਿਆ ਜਦੋਂ ਬੱਸ ਦੁਆਰਾਹਾਟ ਤੋਂ ਰਾਮਨਗਰ ਵੱਲ ਜਾ ਰਹੀ ਸੀ। ਬੱਸ ਵਿੱਚ ਕਰੀਬ 18 ਤੋਂ 19 ਸਵਾਰੀਆਂ ਮੌਜੂਦ ਸਨ। ਸੂਚਨਾ ਮਿਲਦੇ ਹੀ ਪੁਲੀਸ ਅਤੇ SDRF ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤੇ ਅਤੇ ਜ਼ਖ਼ਮੀਆਂ ਨੂੰ ਖੱਡ ਵਿੱਚੋਂ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ।

ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਇਸ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ। ਉਨ੍ਹਾਂ ਸੋਸ਼ਲ ਮੀਡੀਆ ਰਾਹੀਂ ਦੱਸਿਆ ਕਿ ਉਹ ਸਥਾਨਕ ਪ੍ਰਸ਼ਾਸਨ ਦੇ ਲਗਾਤਾਰ ਸੰਪਰਕ ਵਿੱਚ ਹਨ ਅਤੇ ਪੂਰੀ ਘਟਨਾ ਦੀ ਨਿਗਰਾਨੀ ਕਰ ਰਹੇ ਹਨ।

ਮੁੱਖ ਮੰਤਰੀ ਨੇ ਜ਼ਖ਼ਮੀਆਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਲੋਕਾਂ ਨੂੰ ਬਿਹਤਰ ਇਲਾਜ ਲਈ ਵੱਡੇ ਮੈਡੀਕਲ ਸੈਂਟਰਾਂ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਉਧੱਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰਾਖੰਡ ਦੇ ਅਲਮੋੜਾ ਜ਼ਿਲ੍ਹੇ ਵਿੱਚ ਵਾਪਰੇ ਭਿਆਨਕ ਬੱਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪੀਐਮਓ ਨੇ ਲਿਖਿਆ, ਉੱਤਰਾਖੰਡ ਦੇ ਅਲਮੋੜਾ ਜ਼ਿਲ੍ਹੇ ਵਿੱਚ ਬੱਸ ਹਾਦਸੇ ਕਾਰਨ ਹੋਈਆਂ ਮੌਤਾਂ ਬਹੁਤ ਹੀ ਦੁਖਦ ਹਨ। ਅਸੀਂ ਉਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਜ਼ਖ਼ਮੀ ਜਲਦੀ ਤੋਂ ਜਲਦੀ ਠੀਕ ਹੋ ਜਾਣ।

# ਚੰਡੀਗੜ੍ਹ ਨਗਰ ਨਿਗਮ ਦੇ ਬਜਟ ਵਿੱਚ 25 ਕਰੋੜ ਦਾ ਵੱਡਾ ਵਾਧਾ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਨਗਰ ਨਿਗਮ ਦੀ ਜਨਰਲ ਹਾਊਸ ਮੀਟਿੰਗ ਦੌਰਾਨ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਸੋਧੇ ਹੋਏ ਅਨੁਮਾਨਾਂ ਵਿੱਚ 25 ਕਰੋੜ ਰੁਪਏ ਦੇ ਵਾਧੂ ਫੰਡਾਂ ਦਾ ਐਲਾਨ ਕਰਕੇ ਵੱਡਾ ਤੋਹਫ਼ਾ ਦਿੱਤਾ ਹੈ। ਮੇਅਰ ਹਰਪ੍ਰੀਤ ਕੌਰ ਬਬਲਾ ਅਤੇ ਕਮਿਸ਼ਨਰ ਅਮਿਤ ਕੁਮਾਰ ਦੀ ਮੌਜੂਦਗੀ ਵਿੱਚ ਕਟਾਰੀਆ ਨੇ ਭਰੋਸਾ ਦਿੱਤਾ ਕਿ ਉਹ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਨਾਲ ਨਿਗਮ ਦੇ ਨਾਲ ਹਨ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਵੈਂਡਰਾਂ ਦੀਆਂ ਮੁਸ਼ਕਲਾਂ ਨੂੰ ਸੁਲਝਾਉਣ ਅਤੇ ਮਾਫੀਆ ਗਰੁੱਪਾਂ ਵੱਲੋਂ ਕੀਤੀ ਜਾਂਦੀ ਲੁੱਟ ਨੂੰ ਖ਼ਤਮ ਕਰਨ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਮੇਅਰ ਦੇ ਕਾਰਜਕਾਲ ਨੂੰ ਵਧਾਉਣ ਦੀ ਹਿਮਾਇਤ ਕਰਦਿਆਂ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਨਾਲ ਵੀ ਮੁਲਾਕਾਤ ਕਰਨਗੇ। ਨਿਗਮ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਪਾਰਕਿੰਗ ਦੇ ਨਵੇਂ ਨਿਯਮਾਂ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਦੀ ਯੋਜਨਾ ਵੀ ਪੇਸ਼ ਕੀਤੀ ਗਈ, ਜਿਸ ਤਹਿਤ ਚਾਰ ਪਹੀਆ ਵਾਹਨਾਂ ਲਈ 500 ਰੁਪਏ ਅਤੇ ਦੋ ਪਹੀਆ ਵਾਹਨਾਂ ਲਈ 250 ਰੁਪਏ ਮਹੀਨਾਵਾਰ ਪਾਸ ਦੀ ਸਹੂਲਤ ਦਿੱਤੀ ਜਾਵੇਗੀ। ਮੀਟਿੰਗ ਦੌਰਾਨ ਪਾਣੀ ਦੀਆਂ ਪੁਰਾਣੀਆਂ ਪਾਈਪਾਂ ਨੂੰ ਬਦਲਣ ਅਤੇ 6 ਕਮਿਊਨਿਟੀ ਸੈਂਟਰਾਂ ਦੇ ਨਵੀਨੀਕਰਨ 'ਤੇ ਵੀ ਸਹਿਮਤੀ ਬਣੀ। ਦੂਜੇ ਪਾਸੇ, ਸਿਆਸੀ ਮਾਹੌਲ ਵੀ ਗਰਮ ਰਿਹਾ; ਜਿੱਥੇ ਕਾਂਗਰਸੀ ਕੌਂਸਲਰ ਸਚਿਨ ਗਾਲਵ ਨੇ ਦਲ-ਬਦਲੀ ਵਿਰੋਧੀ ਕਾਨੂੰਨ ਲਾਗੂ ਕਰਨ ਦੀ ਮੰਗ ਕੀਤੀ, ਉੱਥੇ ਹੀ 'ਆਪ' ਕੌਂਸਲਰ ਯੋਗੇਸ਼ ਢੀਂਗਰਾ ਨੇ 24 ਘੰਟੇ ਪਾਣੀ ਦੀ ਸਪਲਾਈ ਦੇ ਪ੍ਰੋਜੈਕਟ ਨੂੰ ਰੱਦ ਕਰਨ ਦੀ ਮੰਗ ਉਠਾਈ।

# ਪੰਜਾਬ ਦੇ ਮੁੱਦਿਆਂ 'ਤੇ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ: ਖਹਿਰਾ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਵਿੱਚੋਂ ਬਾਹਰ ਕੱਢੇ ਜਾਣ ਬਾਰੇ ਕਿਹਾ ਕਿ ਉਹ ਵਿਧਾਨ ਸਭਾ ਵਿੱਚ ਪੰਜਾਬ ਅਤੇ ਪੰਜਾਬ ਦੇ ਮੁੱਦਿਆਂ ਬਾਰੇ ਗੱਲਬਾਤ ਰੱਖਣਾ ਚਾਹੁੰਦੇ ਸਨ ਕਿ ਕਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਪਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਵੀ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਉੱਤੇ ਡਾਕਾ ਮਾਰਿਆ ਜਾ ਰਿਹਾ ਹੈ ਪਰ ਸੂਬਾ ਸਰਕਾਰ ਉਸ ਬਾਰੇ ਕੁਝ ਵੀ ਬੋਲਣ ਵਿੱਚ ਤਿਆਰ ਨਹੀਂ।

# ਲਾਪਤਾ ਪਾਵਨ ਸਰੂਪ ਮਾਮਲਾ: ਐਡਵੋਕੇਟ ਧਾਮੀ ਵੱਲੋਂ ਮੁੱਖ ਮੰਤਰੀ ਮਾਨ ਦੇ ਦੋਸ਼ਾਂ ਦਾ ਤਿੱਖਾ ਜਵਾਬ

**ਅੰਮ੍ਰਿਤਸਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਇਸ ਮਾਮਲੇ ਵਿੱਚ 16 ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਪਹਿਲਾਂ ਹੀ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮਾਮਲਾ ਸਰੂਪਾਂ ਦੇ ਲਾਪਤਾ ਹੋਣ ਦਾ ਨਹੀਂ ਬਲਕਿ ਪ੍ਰਬੰਧਕੀ 'ਹੇਰਾਫੇਰੀ' ਦਾ ਸੀ। ਉਨ੍ਹਾਂ ਅਦਾਲਤੀ ਦਸਤਾਵੇਜ਼ਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਖ਼ੁਦ ਸਰਕਾਰ ਪਹਿਲਾਂ ਅਦਾਲਤ ਵਿੱਚ ਇਹ ਮੰਨ ਚੁੱਕੀ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ, ਪਰ ਹੁਣ ਅਚਾਨਕ ਪੁਲੀਸ ਕੇਸ ਦਰਜ ਕਰਨਾ ਸਰਕਾਰ ਦੀ ਗਲਤ ਮਨਸ਼ਾ ਨੂੰ ਜ਼ਾਹਿਰ ਕਰਦਾ ਹੈ। ਧਾਮੀ ਨੇ ਸਰਕਾਰ 'ਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਕਰਮਚਾਰੀ ਨੂੰ ਬਚਾ ਨਹੀਂ ਰਹੀ, ਕਿਉਂਕਿ ਬਰਖ਼ਾਸਤ ਕੀਤੇ ਗਏ ਵਿਅਕਤੀਆਂ ਨਾਲ ਹੁਣ ਸੰਸਥਾ ਦਾ ਕੋਈ ਲੈਣ-ਦੇਣ ਨਹੀਂ ਹੈ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ 22 ਹਜ਼ਾਰ ਕਰਮਚਾਰੀਆਂ ਵਾਲੀ ਵੱਡੀ ਸੰਸਥਾ ਦੇ ਪ੍ਰਬੰਧ ਵਿੱਚ ਕੋਈ ਖ਼ਾਮੀ ਆਉਂਦੀ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਸਿੱਖ ਸੰਸਥਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਪ੍ਰਬੰਧਕੀ ਕਾਰਜਾਂ ਅਤੇ ਅਨੁਸ਼ਾਸਨੀ ਕਾਰਵਾਈਆਂ ਲਈ ਕਿਸੇ ਬਾਹਰੀ ਦਖ਼ਲ ਦੀ ਮੁਹਤਾਜ ਨਹੀਂ ਹੈ ਅਤੇ ਸਰਕਾਰ ਵੱਲੋਂ ਕੀਤੀ ਗਈ ਪੁਲੀਸ ਕਾਰਵਾਈ ਸਿਰਫ਼ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ।

# ਕੇਂਦਰ ਦੀ ਮਗਨਰੇਗਾ ਸਕੀਮ ਵਿਚ ਲਿਆਂਦੇ ਬਦਲਾਅ ਖ਼ਿਲਾਫ਼ ਮਤਾ ਪ੍ਰਵਾਨ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੀ ਮਗਨਰੇਗਾ ਸਕੀਮ ਵਿਚ ਲਿਆਂਦੇ ਬਦਲਾਅ ਖਿਲਾਫ ਮਤਾ ਪ੍ਰਵਾਨ ਕੀਤਾ। ਇਸ ਮੌਕੇ ਭਾਜਪਾ ਦੇ ਦੋਵੇਂ ਵਿਧਾਇਕ ਗੈਰਹਾਜ਼ਰ ਰਹੇ। ਮੁੱਖ ਮੰਤਰੀ ਨੇ ਇਸ ਮੌਕੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਇਸ ਨਵੇਂ ਕਾਨੂੰਨ ਖ਼ਿਲਾਫ਼ ਹਰ ਪੱਧਰ 'ਤੇ ਲੜਾਈ ਕਰੇਗੀ ਤਾਂ ਕਿ ਗਰੀਬਾਂ ਦੀ ਰੋਜ਼ੀ ਰੋਟੀ ਨੂੰ ਸੁਰੱਖਿਅਤ ਕੀਤਾ ਜਾ ਸਕੇ।

ਅੱਜ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਦੇ ਨਾਲ ਸ਼ੁਰੂ ਹੋਇਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਗੁਰੂ ਸਾਹਿਬ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੱਲ ਕੀਤੀ। ਉਨ੍ਹਾਂ ਸਾਹਿਬਜ਼ਾਦਿਆਂ ਦੇ ਸਿਦਕ ਨੂੰ ਸਿਜਦਾ ਕੀਤਾ।ਆਪ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਵੱਲੋਂ ਸਦਨ 'ਚ ਚਾਰ ਸਾਹਿਬਜ਼ਾਦਿਆਂ ਨੂੰ ਅਕੀਦਤ ਭੇਟ ਕੀਤੀ ਗਈ।

ਸਦਨ 'ਚ ਮੁੱਖ ਮੰਤਰੀ ਭਗਵੰਤ ਮਾਨ ਦਾ ਭਾਸ਼ਣ ਸ਼ੁਰੂ ਹੋਣ ਮੌਕੇ ਸਦਨ 'ਚ ਹੰਗਾਮਾ ਵੀ ਹੋਇਆ । ਸੁਖਪਾਲ ਖਹਿਰਾ ਨੇ ਸਮਾਂ ਨਾ ਦਿੱਤੇ ਜਾਣ 'ਤੇ ਵਿਰੋਧ ਕੀਤਾ । ਹੰਗਾਮੇ ਕਾਰਨ ਸਦਨ ਦੀ ਕਾਰਵਾਈ 'ਚ ਕਰੀਬ 20 ਮਿੰਟ ਵਿਘਨ ਪਿਆ ਰਿਹਾ । ਸਪੀਕਰ ਦੇ ਹੁਕਮਾਂ ਤੇ ਖਹਿਰਾ ਨੂੰ ਸਦਨ ਚੋ ਬਾਹਰ ਕੱਢ ਦਿੱਤਾ ਗਿਆ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਸੂਬਿਆਂ ਦੇ ਹੱਕ ਖੋਹਣ ਦੇ ਰਾਹ ਪਈ ਹੈ ਅਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮਗਨਰੇਗਾ 'ਚ ਕੀਤੇ ਬਦਲਾਅ ਦੀ ਗੱਲ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ ਕਿ ਕਿਸੇ ਸਕੀਮ ਦਾ ਨਾਮ ਧਰਮ ਦੇ ਨਾਮ ਤੇ ਰੱਖਿਆ ਗਿਆ ਹੋਵੇ । ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਰਕਾਰੀ ਮਤੇ 'ਤੇ ਬੋਲਦਿਆਂ ਕਿਹਾ ਕਿ ਸਦਨ 'ਚ ਇਕੱਲੇ ਮਤੇ ਪਾਸ ਕਰਨ ਨਾਲ ਗੱਲ ਨਹੀਂ ਬਣੇਗੀ , ਦਿੱਲੀ 'ਚ ਪ੍ਰਧਾਨ ਮੰਤਰੀ ਦੇ ਦਫ਼ਤਰ ਤੇ ਘਰ ਅੱਗੇ ਧਰਨਾ ਦੇਣਾ ਪਵੇਗਾ। ਇਸ ਤੋਂ ਪਹਿਲਾਂ ਮਗਨਰੇਗਾ ਦੀ ਥਾਂ ਲਿਆਂਦੇ ਜੀ ਰਾਮ ਜੀ ਕਾਨੂੰਨ ਖ਼ਿਲਾਫ਼ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਮਗਨਰੇਗਾ ਕਾਮਿਆਂ ਦੀਆਂ ਦਰਖਾਸਤਾਂ ਲੈ ਕੇ ਪਹੁੰਚੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵੱਖ-ਵੱਖ ਵਿਧਾਇਕਾਂ ਨੇ ਕਿਹਾ ਕਿ ਜੀ ਰਾਮ ਜੀ ਕਾਨੂੰਨ ਲਿਆ ਕੇ ਮਜ਼ਦੂਰਾਂ ਅਤੇ ਪਛੜੇ ਵਰਗ ਦੇ ਲੋਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਨਾਂ ਦਾ ਰੁਜ਼ਗਾਰ ਖੋਹ ਰਹੀ ਹੈ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਪ੍ਰਧਾਨ ਮੁਕੇਸ਼ ਮਲੌਦ ਗ੍ਰਿਫ਼ਤਾਰ



**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਪੰਜਾਬ ਪੁਲੀਸ ਦੇ ਸਪੈਸ਼ਲ ਸਿਕਿਉਰਟੀ ਬਰਾਂਚ ਵੱਲੋਂ ਨਿਜ਼ਾਮੂਦੀਨ ਰੇਲਵੇ ਸਟੇਸ਼ਨ, ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲੀਸ ਦਾ ਕਾਰਵਾਈ ਦੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਸਮੇਤ ਵੱਖ-ਵੱਖ ਜਥੇਬੰਦੀਆਂ ਨੇ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇੱਕ ਪਾਸੇ ਮਗਨਰੇਗਾ ਦੇ ਮਸਲੇ ਨੂੰ ਲੈ ਕੇ ਵਿਸ਼ੇਸ਼ ਇਜਲਾਸ ਕਰਕੇ ਮਜ਼ਦੂਰਾਂ ਦੇ ਪੱਖੀ ਹੋਣ ਦਾ ਡਰਾਮਾ ਕਰ ਰਹੀ ਹੈ ਅਤੇ ਮਗਰਮੱਛੀ ਹੰਝੂ ਵਹਾ ਰਹੀ ਹੈ ਅਤੇ ਦੂਜੇ ਪਾਸੇ ਮਜ਼ਦੂਰ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਇਸ ਤੋਂ ਪੰਜਾਬ ਸਰਕਾਰ ਦਾ ਦਲਿਤ ਅਤੇ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ।

# ਸੈਕਟਰ 76 -80 ਮੋਹਾਲੀ ਦੇ ਅਲਾਟੀਆ ਨੂੰ ਸਰਕਾਰ ਵੱਲੋਂ ਵੱਡੀ ਰਾਹਤ ਇਨਹਾਂਸਮੈਂਟ ਰਕਮ 3164 ਤੋਂ ਘਟਾ ਕੇ 2325 ਕੀਤੀ; ਅਲਾਟੀਆਂ ਨੇ ਕੀਤਾ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ

**ਮੁਹਾਲੀ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਸੈਕਟਰ 76-80 ਮੋਹਾਲੀ ਦੇ ਅਲਾਟੀਆਂ ਨੂੰ ਵੱਡੀ ਰਾਹਤ ਦਿੰਦੇ ਹੋਏ,3164 ਰੁਪਏ ਤੋਂ ਘਟਾ ਕੇ ਇਨਹਾਂਸਮੈਂਟ ਨੂੰ ਹੁਣ 2325 ਪ੍ਰਤੀ ਮੀਟਰ ਕਰ ਦਿੱਤਾ ਗਿਆ ਹੈ ਅਤੇ ਹੁਣ ਇਹ ਲੋਕਾਂ ਨੂੰ 2325 ਪ੍ਰਤੀ ਵਰਗ ਮੀਟਰ ਦੇਣੀ ਪਵੇਗੀ। ਗਮਾਡਾ ਨੇ ਸੈਕਟਰ 76 - 80 ਦੇ ਵਸਨੀਕਾਂ ਨੂੰ 2007-08 ਅਤੇ ਫਿਰ 2010 ਦੇ ਵਿੱਚ ਅਤੇ 2012 ਦੇ ਵਿੱਚ ਤਿੰਨ ਵਾਰ ਕੱਢਿਆ ਗਿਆ। ਇਸ ਤੋਂ ਬਾਅਦ ਕਿਉਂਕਿ ਗਮਾਡਾ ਦੇ ਕੋਲ ਜਮੀਨ ਅਕਵਾਇਰ ਨਹੀਂ ਕੀਤੀ ਹੋਈ ਸੀ ਅਤੇ ਕਿਸਾਨਾ ਨੇ ਦੀ ਅਦਾਲਤੀ ਚਾਰਜ ਦੇ ਚਲਦਿਆਂ ਉਹਨਾਂ ਨੇ 202 ਦੇ ਵਿੱਚ ਮੋਹਾਲੀ ਦੇ ਇਹਨਾਂ ਇਲਾਕੀਆਂ ਨੂੰ ਸਿੱਧਾ ਹੀ ਨੋਟਿਸ ਕੱਢ ਦਿੱਤਾ ਅਤੇ ਉਸ ਮੌਕੇ ਤੇ ਅਕਾਲੀ ਅਤੇ ਕਾਂਗਰਸੀਆਂ ਨੇ 7680 ਅਲਾਟੀਆਂ ਦੀ ਫਾਈਲ ਨੂੰ ਦਬਾ ਕੇ ਰੱਖਿਆ, ਜਿਸ ਕਾਰਨ ਲੋਕਾਂ ਨੂੰ ਦੋ ਤੋਂ ਤਿੰਨ ਗੁਣਾ ਵਿਆਜ ਭਰਨ ਭਰਨ ਦੇ ਰਾਹ ਤੇ ਚੱਲਣ ਲਈ ਮਜਬੂਰ ਕੀਤਾ ਗਿਆ। ਪੰਜਾਬ ਕੈਬਨਟ ਵੱਲੋਂ ਲਏ ਗਏ ਇਸ ਅਹਿਮ ਫੈਸਲੇ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਮੋਹਾਲੀ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮੇਂ ਸਿਰ ਹੱਲ ਕਰਨ ਦੇ ਲਈ ਹਮੇਸ਼ਾ ਵਚਨਬੱਧ ਹਨ ਅਤੇ ਉਹਨਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਪ੍ਰੰਤੂ 76- 80 ਸੈਕਟਰ ਦੇ ਅਲਾਟੀਆਂ ਨੂੰ ਪਿਛਲੇ ਆਪਣੇ ਪਲਾਟ ਨੂੰ ਲੈ ਕੇ ਵੱਡੀ ਰਕਮ ਵਿਆਜ ਦੇ ਰੂਪ ਵਿੱਚ ਭਰਨੀ ਪੈਂਦੀ ਸੀ, ਜਿਸ ਸਬੰਧੀ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ ਪ੍ਰੰਤੂ ਜਦੋਂ ਉਹਨਾਂ ਨੇ ਇਹ ਇਸ ਦਾ ਧਿਆਨ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ ਤਾਂ ਇਸ ਮਸਲੇ ਦਾ ਤੁਰੰਤ ਹੱਲ ਹੋਇਆ ਅਤੇ ਅੱਜ ਕੈਬਨਟ ਨੇ ਇਸ ਨੂੰ ਪਾਸ ਕਰਕੇ 76- 80 ਅਲਾਟੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਇਸ ਦੇ ਲਈ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਮੇਸ਼ਾ ਧੰਨਵਾਦੀ ਰਹਿਣਗੇ।ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਇਸ ਇਨਹਾਂਸਮੈਂਟ ਦੀ ਰਕਮ ਨੂੰ ਹੋਰ ਘਟਾਉਣ ਦੇ ਲਈ ਵੀ ਮੁੱਖ ਮੰਤਰੀ ਨਾਲ ਗੱਲ ਕਰਨਗੇ।ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਸ ਤੋਂ ਇਲਾਵਾ ਵੀ ਪੰਜਾਬ ਕੈਬਨਟ ਵੱਲੋਂ ਅੱਜ ਮੋਹਾਲੀ ਜ਼ਿਲ੍ਹੇ ਸਮੇਤ ਪੰਜਾਬ ਭਰ ਦੇ ਲਈ ਵੱਡੇ ਅਤੇ ਅਹਿਮ ਫੈਸਲੇ ਲਏ ਗਏ ਹਨ ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ, ਇਸ ਮੌਕੇ ਤੇ ਐਂਟੀ ਇਨਹਾਂਸਮੈਂਟ ਕਮੇਟੀ ਦੇ ਕਨਵੀਨਰਾਂ ਕਨਵੀਨਰ ਸੁਖਦੇਵ ਸਿੰਘ ਪਟਵਾਰੀ ਕੌਂਸਲਰ, ਰਾਜੀਵ ਵਸਿਸਟ, ਸੁਖਚੈਨ ਸਿੰਘ, ਚਰਨਜੀਤ ਕੌਰ, ਜਰਨੈਲ ਸਿੰਘ ਅਤੇ ਮੇਜਰ ਸਿੰਘ ਨੇ ਪੰਜਾਬ ਸਰਕਾਰ ਅਤੇ ਖਾਸ ਕਰਕੇ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ ਕੀਤਾ। ਇਸ ਸਬੰਧੀ ਗੱਲ ਕਰਦੇ ਹੋਏ ਕੌਂਸਲਰ ਸੁਖਦੇਵ ਸਿੰਘ ਪਟਵਾਰੀ ਨੇ ਕਿਹਾ ਕਿ 76-80 ਅਲਾਟੀ ਇਸ ਸਮੱਸਿਆ ਨਾਲ ਦੋ ਚਾਰ ਹੋ ਰਹੇ ਸਨ ਅਤੇ ਅੱਜ ਵਿਧਾਇਕ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਦੇ ਚੱਲਦਿਆਂ ਇਸ ਮਸਲੇ ਦਾ ਹੱਲ ਹੋ ਗਿਆ ਹੈ , ਸਥਾਨਕ ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਨੂੰ ਭਰੋਸਾ ਦਵਾਇਆ ਦਿੱਤਾ ਸੀ ਕਿ ਉਹ ਇਸ ਮਸਲੇ ਦਾ ਹੱਲ ਕਰਨਗੇ , ਵਿਧਾਇਕ ਕੁਲਵੰਤ ਸਿੰਘ ਨੇ ਐਂਟੀ ਇਨਹਾਂਸਮੈਂਟ ਕਮੇਟੀ ਦਾ ਗਠਨ ਕੀਤਾ ਅਤੇ ਇਸ ਜਿਸ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਨੂੰ ਲਗਾਇਆ ਗਿਆ ਅਤੇ ਇਸ ਕਮੇਟੀ ਦੇ ਵੱਲੋਂ ਮੁੱਖ ਮੰਤਰੀ ਪੰਜਾਬ ਮੁੱਖ ਸਕੱਤਰ ਸਕੱਤਰ ਪੰਜਾਬ ਸਕੱਤਰ ਹਾਊਸਿੰਗ ਅਤੇ ਸੀਏ ਗਮਾਡਾ ਤੋਂ ਇਲਾਵਾ ਵੱਖ-ਵੱਖ ਸੰਬੰਧਿਤ ਅਧਿਕਾਰੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਅਤੇ ਕਮੇਟੀ ਦੇ ਦੇ ਨਾਲ ਹੋਈਆਂ ਮੀਟਿੰਗਾਂ ਦੇ ਵਿੱਚ ਗਮਾਡਾ ਨੇ 849 ਪ੍ਰਤੀ ਵਰਗ ਮੀਟਰ ਦੇ ਹਿਸਾਬ ਦੇ ਨਾਲ ਇਨਹਾਂਸਮੈਂਟ ਘਟਾਉਣ ਦੀ ਪ੍ਰਪੋਜਲ ਸਰਕਾਰ ਨੂੰ ਭੇਜੀ ਸੀ ਜੋ ਕਿ ਅੱਜ ਕੈਬਨਟ ਨੇ ਪਾਸ ਕਰ ਦਿੱਤੀ।

# ਪੰਜਾਬ ਸਰਕਾਰ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਚਰਚਾ ਕਰਵਾਏ: ਸੁਨੀਲ ਜਾਖੜ



**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਉੱਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਸੂਬੇ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਤੇ ਚਰਚਾ ਕਰਾਉਣੀ ਚਾਹੀਦੀ ਹੈ। ਜੇ ਸੂਬੇ ਵਿੱਚ ਅਮਨ ਸ਼ਾਂਤੀ ਹੋਵੇਗੀ ਤਾਂ ਹੀ ਲੋਕ ਕੰਮ ਕਰਨਗੇ। ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਆਪਣੇ ਮੰਤਰੀਆਂ ਸੰਤਰੀਆਂ ਨੂੰ ਬਚਾਉਣ ਲਈ ਨਰੇਗਾ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਕਿਉਂ ਨਹੀਂ ਕਰਵਾ ਰਹੀ। ਇਸ ਬਾਰੇ ਮੁੱਖ ਮੰਤਰੀ ਨੂੰ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਹਰੇਕ ਮੰਚ ਉੱਤੇ ਪੰਜਾਬ ਦੇ ਭਰੇ ਖਜ਼ਾਨੇ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਗਰੀਬਾਂ ਨੂੰ ਹੁਣ 100 ਦੀ ਬਜਾਏ 125 ਦਿਨ ਰੁਜ਼ਗਾਰ ਮੁਹਈਆ ਕਰਵਾਕੇ ਗਰੀਬਾਂ ਦੇ ਸੱਚੇ ਹਮਦਰਦ ਹੋਣ ਦਾ ਸਬੂਤ ਦੇਵੇ।

# ਨਗਰ ਨਿਗਮ ਦੀ ਵਾਰਡ ਬੰਦੀ ਖਿਲਾਫ ਕਾਂਗਰਸ ਵੱਲੋਂ ਸੜਕਾਂ ਤੇ ਆਉਣ ਦੀ ਚੇਤਾਵਨੀ, ਟਾਊਨ ਪਲਾਨਰ ਨੂੰ ਦਿੱਤਾ ਮੰਗ ਪੱਤਰ

**ਬਠਿੰਡਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

-ਨਗਰ ਨਿਗਮ ਬਠਿੰਡਾ ਦੀ ਵਾਰਡਬੰਦੀ ਖਿਲਾਫ ਕਾਂਗਰਸ ਵੱਲੋਂ ਆਉਣ ਵਾਲੇ ਸਮੇਂ ਵਿੱਚ ਸੜਕਾਂ ਤੇ ਆਉਣ ਦੀ ਚੇਤਾਵਨੀ ਦੇ ਦਿੱਤੀ ਹੈ। ਅੱਜ ਜਿਲਾ ਪ੍ਰਧਾਨ ਰਾਜਨ ਗਰਗ ਦੀ ਅਗਵਾਈ ਵਿੱਚ ਸੀਨੀਅਰ ਕਾਰਜਕਾਰੀ ਮੇਅਰ ਅਸ਼ੋਕ ਕੁਮਾਰ, ਸਾਬਕਾ ਡਿਪਟੀ ਮੇਅਰ ਮਾਸਟਰ ਹਰਮੰਦਰ ਸਿੰਘ, ਟਹਿਲ ਸਿੰਘ ਸੰਧੂ , ਮੀਤ ਪ੍ਰਧਾਨ ਰੁਪਿੰਦਰ ਬਿੰਦਰਾ, ਅੰਮ੍ਰਿਤ ਕੌਰ ਗਿੱਲ ਅਤੇ ਕਿਰਨਜੀਤ ਸਿੰਘ ਗਹਿਰੀ ਸਮੇਤ ਸਮੁੱਚੀ ਲੀਡਰਸ਼ਿਪ ਵੱਲੋਂ ਟਾਊਨ ਪਲਾਨਰ ਨੂੰ ਮੰਗ ਪੱਤਰ ਦਿੰਦੇ ਹੋਏ ਇਤਰਾਜ ਅਤੇ ਸੁਝਾਅ ਦੇਣ ਲਈ ਪੰਜ ਦਿਨ ਵਰਕਿੰਗ ਡੇ ਦੇ ਵਧਾਉਣ ਦੀ ਮੰਗ ਕੀਤੀ ਗਈ ਅਤੇ ਚਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਪਾਰਟੀ ਵੱਲੋਂ ਨੋਟ ਕਰਵਾਏ ਗਏ ਇਤਰਾਜ ਅਤੇ ਸੁਝਾਅ ਤੇ ਗੌਰ ਨਾ ਕੀਤੀ ਅਤੇ ਕਾਂਗਰਸ ਨੂੰ ਵਾਰਡ ਬੰਦੀ ਦੇ ਫਾਈਨਲੀ ਰੂਪ ਲਈ ਵਿਸ਼ਵਾਸ ਵਿੱਚ ਨਾ ਲਿਆ ਤਾਂ ਬਠਿੰਡਾ ਬੰਦ ਕਰਕੇ ਨਗਰ ਨਿਗਮ ਦਫਤਰ ਦਾ ਘਰਾਓ ਕੀਤਾ ਜਾਵੇਗਾ ਤੇ ਸਾਰੀਆਂ ਸਿਆਸੀ ਧਿਰਾਂ ਨੂੰ ਸਰਕਾਰ ਵੱਲੋਂ ਵਾਰਡਬੰਦੀ ਮਨ ਮਰਜ਼ੀ ਨਾਲ ਕਰਕੇ ਸਿਆਸੀ ਸੋਚ ਤੇ ਡਾਕਾ ਮਾਰਨ ਦੀ ਰਣਨੀਤੀ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਰਾਜਨ ਗਰਗ ਨੇ ਕਿਹਾ ਕਿ ਸਰਕਾਰ ਵੱਲੋਂ 22 ਦਸੰਬਰ ਨੂੰ ਸੂਚਨਾ ਜਾਰੀ ਕੀਤੀ ਗਈ ਪ੍ਰੰਤੂ ਛੁੱਟੀਆਂ ਕਰਕੇ ਇਤਰਾਜ ਅਤੇ ਸੁਝਾਅ ਲਈ ਮਹਿਜ ਦੋ ਦਿਨ ਮਿਲੇ ਹਨ ਜਿਸ ਕਰਕੇ ਉਹ ਮੰਗ ਕਰਦੇ ਹਨ ਕਿਸੇ ਇਤਰਾਜ ਅਤੇ ਸੁਝਾਅ ਲਈ ਸਮਾਂ ਵਧਾਇਆ ਜਾਵੇ ਅਤੇ ਕਾਂਗਰਸ ਪਾਰਟੀ ਵੱਲੋਂ ਹੁਣ ਤੱਕ 4 ਦਸੰਬਰ ਅਤੇ 9 ਦਸੰਬਰ ਨੂੰ ਪਹਿਲਾਂ ਦਿੱਤੇ ਮੰਗ ਪੱਤਰ ਅਤੇ ਅੱਜ ਦਿੱਤਾ ਤੀਜਾ ਮੰਗ ਪੱਤਰ ਤਹਿਤ ਵਾਰਡਬੰਦੀ ਦਾ ਨਕਸ਼ਾ ਮੁਹਈਆ ਕਰਵਾਉਣ, ਅਨੁਸੂਚਿਤ ਜਾਤੀ ਅਤੇ ਬੈਕਵਰਡ ਕਲਾਸ ਦੇ ਵਾਰਡਾਂ ਦੀ ਰੂਪ ਰੇਖਾ ਦੱਸਣ ਵੋਟਾਂ ਦੀ ਗਿਣਤੀ ਦੱਸਣ ਸਮੇਤ ਵਾਰਡਾਂ ਦੀ ਪੂਰਨ ਰੂਪ ਰੇਖਾ ਦਾ ਅਸਲੀ ਨਕਸ਼ਾ ਮੁਹਈਆ ਕਰਵਾਉਣ ਦੀ ਮੰਗ ਕੀਤੀ ਹੈ ਉਸ ਤੇ ਗੌਰ ਫਰਮਾਇਆ ਜਾਵੇ। ਰਾਜਨ ਗਰਗ ਨੇ ਕਿਹਾ ਕਿ ਸਤਾਧਰੀ ਨੁਮਾਇੰਦਿਆਂ ਦੀ ਪ੍ਰਸ਼ਾਸਨ ਨਾਲ ਮਿਲ ਕੇ ਮਨ ਮਰਜ਼ੀ ਨਾਲ ਵਾਰਡਬੰਦੀ ਕਰਨ ਦੀ ਮਾੜੀ ਸੋਚ ਸਾਹਮਣੇ ਆਉਂਦੀ ਹੈ ਪਰ ਇਸ ਤਹਿਤ ਉਹ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਨਗੇ। ਰਾਜਨ ਗਰਗ ਨੇ ਕਿਹਾ ਕਿ ਵਾਰਡਬੰਦੀ ਵਿੱਚ ਆਪਣੀ ਮਨ ਮਰਜ਼ੀ ਨਾਲ ਦੋ ਵਿਅਕਤੀ ਕਾਂਗਰਸ ਦੇ ਨਾਮ ਸ਼ਾਮਿਲ ਕਰਨ ਦਾ ਵੀ ਹੈਰਾਨੀਜਨਕ ਸਾਹਮਣੇ ਆਉਂਦਾ ਹੈ ਜਦੋਂ ਕਿ ਕਾਂਗਰਸ ਦੀ ਲੀਡਰਸ਼ਿਪ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ । ਉਹਨਾਂ ਕਿਹਾ ਕਿ ਵਾਰਡਬੰਦੀ ਸਿਆਸੀ ਧਿਰਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਮੰਗ ਪੱਤਰਾਂ ਰਾਹੀਂ ਮੰਗ ਕੀਤੀਆਂ ਸਾਰੀਆਂ ਮੰਗਾਂ ਤੇ ਗੌਰ ਫਰਮਾ ਕੇ ਉਹਨਾਂ ਨੂੰ ਦੂਰ ਕਰਕੇ ਫਾਈਨਲੀ ਰੂਪ ਦਿੱਤਾ ਜਾਵੇ ਨਹੀਂ ਤਾਂ ਕਾਂਗਰਸ ਪਾਰਟੀ ਤਿੱਖੇ ਸੰਘਰਸ਼ ਲਈ ਮਜਬੂਰ ਹੋਵੇਗੀ। ਉਹਨਾਂ ਦੱਸਿਆ ਕਿ ਇਸ ਮਾਮਲੇ ਤੇ ਅਫਸਰਸ਼ਾਹੀ ਦਾ ਰੁੱਖ ਵੀ ਸ਼ੱਕੀ ਜਾਪਦਾ ਹੈ ਜਿਸ ਕਰਕੇ ਕਾਂਗਰਸ ਪਾਰਟੀ ਆਪਣੀ ਸਮੁੱਚੀ ਲੀਡਰਸ਼ਿਪ ਨਾਲ ਤਿੱਖੇ ਸੰਘਰਸ਼ ਲਈ ਤਿਆਰ ਬਰ ਤਿਆਰ ਹੈ।

# ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ ਵਿੱਚ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾਇਆ ਗਿਆ, ਉੱਥੇ ਪਹੁੰਚੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਟੇਕਿਆ ਮੱਥਾ

## ਨੈਤਿਕ ਦ੍ਰਿੜਤਾ, ਆਤਮਸਨਮਾਨ ਅਤੇ ਧਾਰਮਿਕ ਸੁਤੰਤਰਤਾ ਦੇ ਪ੍ਰਤੀਕ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਕੀਤਾ ਨਮਨ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸ ਦੇ ਸੱਭ ਤੋਂ ਦਿਆਲੂ ਅਤੇ ਪ੍ਰੇਰਣਾਦਾਇਕ ਅਧਿਆਵਾਂ ਵਿੱਚ ਦਰਜ ਸਾਹਿਬਜਾਦਿਆਂ ਦੇ ਅਦੁੱਤੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ ਪਹੁੰਚੇ। ਇਹ ਉਹੀ ਪਵਿੱਤਰ ਧਰਤੀ ਹੈ ਜਿੱਥੇ ਧਰਮ, ਸਚਾਈ ਅਤੇ ਆਤਮਸਨਮਾਨ ਦੀ ਰੱਖਿਆ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ-ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਹਿਤ ਸਿੰਘ ਜੀ ਨੇ ਛੋਟੀ ਉਮਰ ਵਿੱਚ ਹੀ ਸਰਵੋਚ ਬਲਿਦਾਨ ਦਿੱਤਾ। ਵੀਰ ਬਾਲ ਦਿਵਸ ਛੋਟੇ ਸਾਹਿਬਜਾਦਿਆਂ ਨੂੰ ਯਾਦ ਕਰਨ ਅਤੇ ਭਾਵੀ ਪੀੜੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਦੇਣ ਦਾ ਮਹਾਨ ਦਿਵਸ ਹੈ।

ਮੁੱਖ ਮੰਤਰੀ ਨੇ ਉਸ ਇਤਿਹਾਸਕ ਸਥਾਨ 'ਤੇ ਮੱਥਾ ਟੇਕਿਅ, ਜਿੱਥੇ ਜੁਲਮ ਦੇ ਸਾਹਮਣੇ ਝੁਕਣ ਤੋਂ ਇਨਕਾਰ ਕਰਨ 'ਤੇ ਸਾਹਿਬਜਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ ਸੀ। ਮੁੱਖ ਮੰਤਰੀ ਨੇ ਨਤਮਸਤਕ ਹੋ ਕੇ ਬਚਪਨ ਵਿੱਚ ਹੀ ਪ੍ਰਦਰਸ਼ਿਤ ਕੀਤੀ ਗਈ ਉਸ ਨੈਤਿਕ ਦ੍ਰਿੜਤਾ ਅਤੇ ਆਸਥਾ ਨੂੰ ਨਮਨ ਕੀਤਾ, ਜਿਸ ਨੇ ਸੰਪੂਰਣ ਮਨੁੱਖਤਾ ਨੂੰ ਹਿੰਮਤ ਅਤੇ ਸਚਾਈ ਦੇ ਮਾਰਗ 'ਤੇ ਅਡਿੰਗ ਰਹਿਣ ਦੀ ਪ੍ਰੇਰਣਾ ਦਿੱਤੀ।

ਧਰਮ, ਆਸਥਾ ਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦੇ ਹੋਏ ਮੁੱਖ ਮੰਤਰੀ ਖੁਦ ਗੁਰਦੁਆਰਾ ਪਰਿਸਰ ਵਿੱਚ ਸੇਵਾ ਵੀ ਕੀਤੀ।

ਗੁਰਦੁਆਰਾ ਪਰਿਸਰ ਵਿੱਚ ਮੌਜੂਦ ਸ਼ਰਧਾਲੂਆਂ ਦੇ ਵਿੱਚ ਇਹ ਲੰਮ੍ਹਾ ਯਾਦ ਕਰਾਉਂਦਾ ਰਿਹਾ ਕਿ ਬਹਾਦਰੀ ਸਿਰਫ ਯੁੱਧਭੂਮੀ ਵਿੱਚ ਨਹੀਂ, ਸਗੋ ਸਚਾਈ ਅਤੇ ਭਰੋਸੇ 'ਤੇ ਅੜ੍ਹੇ



ਰਹਿਣ ਵਿੱਚ ਵੀ ਹੁੰਦੀ ਹੈ। ਸਾਹਿਬਜਾਦਿਆਂ ਦੀ ਸ਼ਹਾਦਤ ਅੱਜ ਵੀ ਸਮਾਜ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਉਮਰ ਨਹੀਂ, ਸਗੋ ਸੰਕਲਪ ਹੀ ਇਤਿਹਾਸ ਰਚਦਾ ਹੈ।

ਵੀਰ ਬਾਲ ਦਿਵਸ ਮੌਕੇ 'ਤੇ ਮੁੱਖ ਮੰਤਰੀ ਦੀ ਇਹ ਸ਼ਰਧਾਂਜਲੀ ਉਸ ਸਮੂਹਿਕ ਚੇਤਨਾ ਨੂੰ ਮੁੜ ਜਾਗਰਿਤ ਕਰਦੀ ਹੈ, ਜੋ ਨਵੀਂ ਪੀੜੀ ਨੂੰ ਆਪਣੇ ਸਭਿਆਚਾਰਕ ਮੁੱਲਾਂ, ਨੌਤਿਕ ਹਿੰਮਤ ਅਤੇ ਮਨੁੱਖੀ ਗਰਿਮਾ ਨਾਲ ਜੋੜਨ ਦਾ ਕੰਮ ਕਰਦੀ ਹੈ।

**ਗੁਰਦੁਆਰਾ ਸ਼ਹੀਦ ਬਾਬਾ ਮੋਤੀਰਾਮ ਮੇਹਰਾ ਵਿੱਚ ਵੀ ਕੀਤੀ ਅਰਦਾਸ**

ਇਸੀ ਲੜ੍ਹੀ ਵਿੱਚ ਮੁੱਖ ਮੰਤਰੀ ਨੇ ਗੁਰਦੁਆਰਾ ਸ਼ਹੀਦ ਬਾਬਾ ਮੋਤੀਰਾਮ ਮੇਹਰਾ ਵਿੱਚ ਪਹੁੰਚੇ ਅਤੇ ਉੱਥੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ-ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ -ਨੂੰ ਸਰਹਿੰਦ ਦੇ ਨਵਾਬ ਵੱਲੋਂ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ ਸੀ। ਅਜਿਹੇ ਸਮੇਂ ਵਿੱਚ ਬਾਬਾ ਮੋਤੀਰਾਮ ਮੇਹਰਾ ਨੇ ਮਨੁੱਖਤਾ ਦੀ ਆਵਾਜ਼ ਨੂੰ ਆਪਣੇ ਦਿੱਲ ਵਿੱਚ ਸੱਭ ਤੋਂ ਉੱਪਰ ਰੱਖਿਆ। ਸਖਤ ਪ੍ਰਤੀਬੰਧਾਂ ਅਤੇ ਮੌਤ ਦੇ ਡਰ ਦੇ ਬਾਵਜੂਦ ਬਾਬਾ ਮੋਤੀਰਾਮ ਮੇਹਰਾ ਨੇ ਸਾਹਿਬਜਾਦਿਆਂ ਨੂੰ ਦੁੱਧ ਦੀ ਸੇਵਾ ਕੀਤੀ।

ਮੁੱਖ ਮੰਤਰੀ ਨੇ ਬਾਬਾ ਮੋਤੀਰਾਮ ਮੇਹਰਾ ਦੇ ਬਲਿਦਾਨ ਨੂੰ ਨਮਨ ਕਰਦੇ ਹੋਏ ਕਿਹਾ ਕਿ ਇਹ ਕੁਰਬਾਨੀ ਸਿਰਫ ਸਿੱਖ ਇਤਿਹਾਸ ਦਾ ਅਧਿਆਏ ਨਹੀਂ, ਸਗੋ ਮਨੁੱਖਤਾ ਲਈ ਇੱਕ ਸੰਦੇਸ਼ ਹੈ-ਕਿ ਸਚਾਈ ਅਤੇ ਦਇਆ ਦੀ ਰਾਹ 'ਤੇ ਚੱਲਣ ਵਾਲਾ ਵਿਅਕਤੀ ਕਦੀ ਪਰਾਜਿਤ ਨਹੀਂ ਹੁੰਦਾ। ਅੰਜ ਗੁਰਦੁਆਰਾ ਸ਼ਹੀਦ ਬਾਬਾ ਮੋਤੀਰਾਮ ਮੇਹਰਾ ਸ਼ਰਧਾ ਅਤੇ ਸਨਮਾਨ ਦਾ ਕੇਂਦਰ ਹੈ।

ਇੱਥੇ ਆਉਣ ਵਾਲਾ ਹਰ ਸ਼ਰਧਾਲੂ ਉਸ ਨਿਸਵਾਰਥ ਸੇਵਾ ਨੂੰ ਨਮਨ ਕਰਦਾ ਹੈ, ਜਿਸ ਨੇ ਇਹ ਸਿਖਾਇਆ ਕਿ ਸੱਚਾ ਧਰਮ ਦੂਜਿਆਂ ਦੇ ਦੁੱਖ ਵਿੱਚ ਸਹਿਭਾਗੀ ਹੋਣਾ ਹੈ। ਇਹ ਸਥਾਨ ਯਾਦ ਦਿਵਾਉਂਦਾ ਹੈ। ਕਿ ਹਿੰਮਤ ਤਲਵਾਰ ਨਾਲ ਨਹੀਂ, ਸਗੋ ਦਇਆ ਨਾਲ ਜਨਮ ਲੈਂਦੀ ਹੈ।

# ਮਨਰੇਗਾ ਕਾਨੂੰਨ ਵਿੱਚ ਤਬਦੀਲੀ ਮਜ਼ਦੂਰਾਂ ਤੇ ਰਾਜਾਂ ਦੇ ਅਧਿਕਾਰਾਂ 'ਤੇ ਇਕ ਹੋਰ ਡਾਕਾ : ਭੁਪਿੰਦਰ ਰਾਠੌਰ

**ਮਾਛੀਵਾੜਾ ਸਾਹਿਬ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਕਾਨੂੰਨ ਵਿਚ ਸੋਧ ਕਰਕੇ ਜਿੱਥੇ ਦੇਸ਼ ਦੇ ਕਰੋੜਾਂ ਮਜ਼ਦੂਰਾਂ ਦੇ ਹੱਕਾਂ ਉਪਰ ਡਾਕਾ ਮਾਰਿਆ ਹੈ ਉੱਥੇ ਰਾਜਾਂ ਖ਼ਾਸ ਕਰਕੇ ਪੰਚਾਇਤਾਂ ਦੇ ਅਧਿਕਾਰਾਂ ਉੱਪਰ ਵੀ ਹਮਲਾ ਕੀਤਾ ਹੈ। ਜਿਸ ਨੂੰ ਦੇਸ਼ ਦੇ ਲੋਕ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ।

ਇਸ ਸਬੰਧੀ ਜਾਰੀ ਕੀਤੇ ਬਿਆਨ ਵਿੱਚ ਆਪ ਆਗੂ ਭੁਪਿੰਦਰ ਸਿੰਘ ਰਾਠੌਰ ਸਰਪੰਚ ਨੇ ਕਿਹਾ ਇਸ ਕਦਮ ਨਾਲ ਭਾਜਪਾ ਸਰਕਾਰ ਸਰਕਾਰ ਪੇਂਡੂ ਖੇਤਰਾਂ ਦੀ ਆਰਥਿਕਤਾ ਨੂੰ ਸੱਟ ਮਾਰਨਾ ਚਾਹੁੰਦੀ ਹੈ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਨਾਮ ਬਦਲ ਕੇ ਵਿਕਸਤ ਭਾਰਤ ਰੋਜ਼ਗਾਰ ਗਰੰਟੀ ਸਕੀਮ 2025 ਕਰਕੇ ਇਸ ਸਕੀਮ ਦੇ ਮੂਲ ਉਦੇਸ਼ ਪੇਂਡੂ ਖੇਤਰਾਂ ਵਿੱਚ 100 ਦਿਨ ਰੋਜ਼ਗਾਰ ਦੀ ਗਰੰਟੀ ਨੂੰ ਵੀ ਬਦਲਣਾ ਚਾਹੁੰਦੀ ਹੈ ਕਿਉਕਿ ਪਹਿਲੇ ਕਾਨੂੰਨ ਤਹਿਤ ਲੋਕ ਰੋਜ਼ਗਾਰ ਦੀ ਮੰਗ ਆਪ ਕਰ ਸਕਦੇ ਸਨ ,ਪਰ ਹੁਣ ਸਰਕਾਰ ਤੈਅ ਕਰੇਗੀ ਕਿ ਲੋਕਾਂ ਨੂੰ ਕੰਮ ਦੇਣਾ ਹੈ ਜਾਂ ਨਹੀਂ ਅਤੇ ਇਸ ਤੋ ਇਲਾਵਾ ਪੰਚਾਇਤਾਂ ਨੂੰ ਵੀ ਇਸ ਯੋਜਨਾ ਵਿੱਚੋ ਬਾਹਰ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮਜ਼ਦੂਰਾਂ ਤੋ 8 ਘੰਟੇ ਦੀ ਬਜਾਏ 12 ਘੰਟੇ ਕੰਮ ਲਿਆ ਜਾਵੇਗਾ।ਇਹੀ ਨਹੀਂ ਪਹਿਲੇ ਕਾਨੂੰਨ ਤਹਿਤ ਜਿੱਥੇ 95 ਪ੍ਰਤੀਸ਼ਤ ਰਾਸ਼ੀ ਕੇਂਦਰ ਸਰਕਾਰ ਵੱਲੋਂ ਅਤੇ 5 ਪ੍ਰਤੀਸ਼ਤ ਰਾਸ਼ੀ ਰਾਜ ਸਰਕਾਰ ਵਲੋਂ ਦਿੱਤੀ ਜਾਂਦੀ ਸੀ ਪਰ ਹੁਣ ਨਵੇ ਕਾਨੂੰਨ ਮੁਤਾਬਿਕ ਕੇਂਦਰ ਸਰਕਾਰ ਸਿਰਫ 60 ਪ੍ਰਤੀਸ਼ਤ ਰਾਸ਼ੀ ਦੇਵੇਗਾ ਤੇ ਬਾਕੀ 40 ਫ਼ੀਸਦੀ ਰਕਮ ਰਾਜ ਸਰਕਾਰਾਂ ਨੂੰ ਅਦਾ ਕਰਨੀ ਹੋਵੇਗੀ ਜਿਸ ਕਾਰਨ ਰਾਜਾਂ ਉੱਪਰ ਵਾਧੂ ਆਰਥਿਕ ਬੋਝ ਪਵੇਗਾ।

ਭੁਪਿੰਦਰ ਸਿੰਘ ਰਾਠੌਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਹਿਲਾਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਪਾਸ ਕਰਨ ਦੀ ਕੋਸ਼ਿਸ਼ ਕੀਤੀ ਅਤੇ ਹੁਣ ਮਜ਼ਦੂਰ ਵਰਗ ਦੇ ਹੱਕਾਂ ਉੱਪਰ ਡਾਕਾ ਮਾਰਿਆ ਜਾ ਰਿਹਾ ਹੈ,ਜਿਸ ਨੂੰ ਪੰਜਾਬ ਦਾ ਮਜ਼ਦੂਰ ਵਰਗ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕਰੇਗਾ ।ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਇਸ ਮੁੱਦੇ ਉੱਤੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਆਵਾਜ ਬੁਲੰਦ ਕੀਤੀ ਜਾ ਰਹੀ ਹੈ ।

# ਪੰਜਾਬ ਸਰਕਾਰ ਸੂਬੇ ਨੂੰ , ਸਮੇਂ ਸਿਰ ਸਹੂਲਤਾਂ ਅਤੇ ਉਦਯੋਗ-ਪੱਖੀ ਸੁਧਾਰਾਂ ਲਈ ਵਚਨਬੱਧ: ਸੰਜੀਵ ਅਰੋੜਾ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਅੱਜ ਐਮ.ਐਸ.ਐਮ.ਈ. (ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ) ਸੈਕਟਰ 'ਤੇ ਕੇਂਦ੍ਰਿਤ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੂਬੇ ਭਰ ਦੇ ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ (ਐਮ.ਐਸ.ਐਮ.ਈ.) ਲਈ ਸਹਾਇਕ, ਪਾਰਦਰਸ਼ੀ ਅਤੇ ਸੁਖਾਵਾਂ ਵਾਤਾਵਰਣ ਸਿਰਜਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

ਇਸ ਦੌਰਾਨ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਐਮਐਸਐਮਈ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਉਪਾਵਾਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਉੱਦਮ ਲਈ ਮਜ਼ਬੂਤ ਨੀਤੀ ਜ਼ਰੀਏ ਸਹਾਇਤਾ, ਸਰਲ ਅਤੇ ਸਮਾਂਬੱਧ ਰੈਗੂਲੇਟਰੀ ਪ੍ਰਕਿਰਿਆਵਾਂ ਅਤੇ ਇਨਵੈਸਟ ਪੰਜਾਬ ਰਾਹੀਂ ਪ੍ਰੋਜੈਕਟਾਂ ਨੂੰ ਤੁਰੰਤ ਮਨਜ਼ੂਰੀਆਂ ਅਤੇ ਸੁਚਾਰੂ ਢੰਗ ਨਾਲ ਇਨ੍ਹਾਂ ਦੇ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਸਹਾਇਤਾ ਦੇਣਾ ਸ਼ਾਮਲ ਹੈ। ਉਨ੍ਹਾਂ ਅੱਗੇ ਦੱਸਿਆ ਕਿ ਐਮਐਸਐਮਈ ਪੰਜਾਬ ਦੀ ਉਦਯੋਗਿਕ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਜੋ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ, ਨਵੀਨਤਾ ਅਤੇ ਸੰਤੁਲਿਤ ਖੇਤਰੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਉਦਯੋਗ ਤੇ ਵਣਜ ਨੇ ਕਿਹਾ ਕਿ ਸਰਕਾਰ ਉਦਯੋਗਾਂ ਦੇ ਭਾਈਵਾਲਾਂ ਨਾਲ



ਉਨ੍ਹਾਂ ਦੀਆਂ ਲੋੜਾਂ ਅਤੇ ਚੁਣੌਤੀਆਂ ਬਾਰੇ ਜਾਨਣ ਲਈ ਲਗਾਤਾਰ ਸੰਪਰਕ ਵਿੱਚ ਹਨ ਅਤੇ ਉੱਦਮਾਂ ਨੂੰ ਪ੍ਰਕਿਰਿਆਤਮਕ ਰੁਕਾਵਟਾਂ ਦੀ ਬਜਾਏ ਵਿਕਾਸ ਅਤੇ ਉਤਪਾਦਕਤਾ 'ਤੇ ਧਿਆਨ ਕੇਂਦਰਿਤ ਕਰਨ ਲਈ ਵਚਨਬੱਧ ਹੈ।

ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਲਗਾਤਾਰ ਸੰਪਰਕ, ਸਮੇਂ ਸਿਰ ਸਹੂਲਤਾਂ ਅਤੇ ਉਦਯੋਗ-ਪੱਖੀ ਸੁਧਾਰਾਂ ਰਾਹੀਂ ਐਮਐਸਐਮਈਜ਼ ਨਾਲ ਮਿਲ ਕੇ ਕੰਮ ਕਰਨ ਦੇ ਸੂਬਾ ਸਰਕਾਰ ਦੇ ਸੰਕਲਪ ਨੂੰ ਦੁਹਰਾਇਆ, ਜੋ ਪੰਜਾਬ ਨੂੰ ਉੱਦਮ ਅਤੇ ਨਿਵੇਸ਼ ਲਈ ਇੱਕ ਪਸੰਦੀਦਾ ਸਥਾਨ ਬਣਿਆ ਰਹਿਣਾ ਯਕੀਨੀ ਬਣਾਉਂਦੇ ਹਨ।

ਇਸ ਦੌਰਾਨ ਭਾਈਵਾਲ ਕੰਪਨੀਆਂ ਦੇ ਪ੍ਰਤੀਨਿਧੀਆਂ ਨੇ ਸੂਬਾ ਸਰਕਾਰ ਨਾਲ ਜੁੜਨ ਉਪਰੰਤ ਆਪਣੇ ਸਕਾਰਾਤਮਕ ਅਨੁਭਵ ਸਾਂਝੇ ਕੀਤੇ ਅਤੇ ਹੁਣ ਤੱਕ ਦਿੱਤੀਆਂ ਸੁਵਿਧਾਵਾਂ ਬਾਰੇ ਦੱਸਿਆ। ਉਨ੍ਹਾਂ ਨੇ ਪੰਜਾਬ ਵਿੱਚ ਆਪਣੇ ਭਵਿੱਖੀ ਨਿਵੇਸ਼ਾਂ ਅਤੇ ਵਿਸਥਾਰਤ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਨ੍ਹਾਂ ਕੰਪਨੀਆਂ ਨੇ ਆਟੋ ਕੰਪੋਨੈਂਟਸ, ਲੌਜਿਸਟਿਕਸ ਅਤੇ ਵੇਅਰਹਾਊਸਿੰਗ, ਕੋਲਡ ਚੇਨ ਤੇ ਖੇਤੀਬਾੜੀ-ਬੁਨਿਆਦੀ ਢਾਂਚਾ ਅਤੇ ਨਵਿਆਉਣਯੋਗ ਊਰਜਾ ਨਿਰਮਾਣ ਵਰਗੇ ਮੁੱਖ ਖੇਤਰਾਂ ਵਿੱਚ 400 ਕਰੋੜ ਰੁਪਏ ਤੋਂ ਵੱਧ ਦੇ ਪ੍ਰਸਤਾਵਿਤ ਨਿਵੇਸ਼ ਬਾਰੇ ਦੱਸਿਆ। ਇਨ੍ਹਾਂ ਨਿਵੇਸ਼ਾਂ ਤੋਂ ਪੰਜਾਬ ਦੇ ਐਮਐਸਐਮਈ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਇਤਾ ਮਿਲੇਗੀ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

**ਕੰਪਨੀ-ਵਾਰ ਨਿਵੇਸ਼ ਪ੍ਰਸਤਾਵ:**

ਜੈ ਪਾਰਵਤੀ ਫੋਰਜ (ਆਟੋ ਕੰਪੋਨੈਂਟਸ), ਐਸਏਐਸ ਨਗਰ – ?300 ਕਰੋੜ ਰੁਪਏ
ਕੋਵਾ ਫਾਸਟਨਰਜ਼ ਪ੍ਰਾਈਵੇਟ ਲਿਮਟਿਡ (ਆਟੋ ਕੰਪੋਨੈਂਟਸ / ਫਾਸਟਨਰ), ਲੁਧਿਆਣਾ – ?50 ਕਰੋੜ ਰੁਪਏ
ਲੂਥਰਾ ਕੋਲਡ ਸਟੋਰੇਜ (ਕੋਲਡ ਚੇਨ / ਐਗਰੀ-ਲੌਜਿਸਟਿਕਸ), ਲੁਧਿਆਣਾ – ?10-12 ਕਰੋੜ ਰੁਪਏ
ਮੁਹਾਲੀ ਲੌਜਿਸਟਿਕਸ (ਵੇਅਰਹਾਊਸਿੰਗ ਅਤੇ ਲੌਜਿਸਟਿਕਸ), ਐਸਏਐਸ ਨਗਰ – ?10 ਕਰੋੜ ਰੁਪਏ
ਰੋਸ਼ਨੀ ਰੀਨਿਊਏਬਲਜ਼ ਐਲ.ਐਲ.ਪੀ. (ਰੀਨਿਊਏਬਲਜ਼ ਐਨਰਜੀ- ਸੋਲਰ ਮੈਨੂਫੈਕਚਰਿੰਗ), ਫ਼ਤਿਹਗੜ੍ਹ ਸਾਹਿਬ – 100 ਕਰੋੜ ਰੁਪਏ (ਪੜਾਅ 9) ਅਤੇ ਅਗਲੇ ਪੜਾਵਾਂ ਵਿੱਚ 300 ਕਰੋੜ ਰੁਪਏ

ਦੱਸਣਯੋਗ ਹੈ ਕਿ ਇਸ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਪ੍ਰਤੀਨਿਧੀਆਂ ਵਿੱਚ ਲੂਥਰਾ ਕੋਲਡ ਸਟੋਰੇਜ ਦੇ ਸ੍ਰੀ ਰਾਘਵ ਲੂਥਰਾ ਅਤੇ ਸ੍ਰੀ ਡੇਨਿਸ ਲੂਥਰਾ, ਕੋਵਾ ਫਾਸਟਨਰਜ਼ ਦੇ ਸ੍ਰੀ ਰਿਸ਼ੀ ਗੁਪਤਾ, ਜੈ ਪਾਰਵਤੀ ਫੋਰਜ ਦੇ ਸ੍ਰੀ ਐਸ.ਐਸ. ਚੌਹਾਨ, ਮੋਹਾਲੀ ਲੌਜਿਸਟਿਕਸ ਦੇ ਸ੍ਰੀ ਹਰਵੀਰ ਸਿੰਘ ਅਤੇ ਰੋਸ਼ਨੀ ਰੀਨਿਊਏਬਲਜ਼ ਐਲ.ਐਲ.ਪੀ. ਦੇ ਡਾਇਰੈਕਟਰ ਸ੍ਰੀ ਜਸਪਾਲ ਸਿੰਘ ਸ਼ਾਮਲ ਸਨ।

# ਐਮਬੀਏ ਅਤੇ ਐਮਸੀਏ ਵਿਦਿਆਰਥੀਆਂ ਲਈ ਸਫਲ ਪਲੇਸਮੈਂਟ ਡਰਾਈਵ ਦਾ ਆਯੋਜਨ




**ਲੁਧਿਆਣਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਫਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਆਪਣੇ ਕੈਂਪਸ ਵਿਖੇ ਐਮਬੀਏ ਅਤੇ ਐਮਸੀਏ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਪਲੇਸਮੈਂਟ ਡਰਾਈਵ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪਲੇਸਮੈਂਟ ਡਰਾਈਵ ਦੌਰਾਨ ਨਾਮਵਰ ਕੰਪਨੀਆਂ ਦੀ ਉਤਸ਼ਾਹਜਨਕ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਨਾਲ ਮੌਜੂਦਾ ਅਤੇ ਪਾਸ ਆਊਟ ਬੈਚਾਂ ਦੇ ਵਿਦਿਆਰਥੀਆਂ ਨੂੰ ਸ਼ਾਨਦਾਰ ਕਰੀਅਰ ਮੌਕੇ ਪ੍ਰਾਪਤ ਹੋਏ।

ਇਸ ਡਰਾਈਵ ਵਿੱਚ ਨੋਵੇਮ ਕੰਟਰੋਲਸ, ਟੇਕੌਂਡ ਅਤੇ ਥਿੰਕਨੈਕਸਟ ਟੈਕਨਾਲੋਜੀਜ਼ ਵਰਗੀਆਂ ਪ੍ਰਸਿੱਧ ਕੰਪਨੀਆਂ ਨੇ ਕੈਂਪਸ ਦਾ ਦੌਰਾ ਕਰਕੇ ਪ੍ਰਤਿਭਾਸ਼ਾਲੀ ਅਤੇ ਹੁਨਰਮੰਦ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀ ਭਰਤੀ ਪ੍ਰਕਿਰਿਆ ਵਿੱਚ ਭਾਗ ਲਿਆ।

ਪਲੇਸਮੈਂਟ ਡਰਾਈਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਾਰਪੋਰੇਟ ਭਰਤੀ ਕਰਤਿਆਂ ਨਾਲ ਸਿੱਧੇ ਤੌਰ 'ਤੇ ਰਾਬਤਾ ਕਾਇਮ ਕਰਨ ਲਈ ਇੱਕ ਮੰਚ ਪ੍ਰਦਾਨ ਕਰਨਾ ਅਤੇ ਅਕਾਦਮਿਕ ਸਿੱਖਿਆ ਤੇ ਉਦਯੋਗ ਦੀਆਂ ਲੋੜਾਂ ਦਰਮਿਆਨ ਪਾੜੇ ਨੂੰ ਪੂਰਾ ਕਰਨਾ ਸੀ।

ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਇਸ ਭਰਤੀ ਪ੍ਰਕਿਰਿਆ ਵਿੱਚ ਭਾਗ ਲਿਆ, ਜਿਸ ਵਿੱਚ ਯੋਗਤਾ ਟੈਸਟ, ਤਕਨੀਕੀ ਇੰਟਰਵਿਊ ਅਤੇ ਨਿੱਜੀ ਇੰਟਰਵਿਊ ਸ਼ਾਮਲ ਸਨ।

ਕਈ ਵਿਦਿਆਰਥੀਆਂ ਨੂੰ ਮੌਕੇ 'ਤੇ ਹੀ ਨੌਕਰੀ ਦੀ ਪੇਸ਼ਕਸ਼ ਪ੍ਰਾਪਤ ਹੋਈ, ਜਦਕਿ ਹੋਰ ਵਿਦਿਆਰਥੀਆਂ ਨੇ ਚੋਣ ਦੇ ਅਗਲੇ ਦੌਰ ਲਈ ਯੋਗਤਾ ਹਾਸਲ ਕੀਤੀ।

ਇਸ ਮੌਕੇ 'ਤੇ ਕਾਲਜ ਡਾਇਰੈਕਟਰ ਅਤੇ ਮੈਨੇਜਮੈਂਟ ਨੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੰਸਥਾ 'ਤੇ ਵਿਸ਼ਵਾਸ ਜਤਾਉਣ ਲਈ ਸਾਰੀਆਂ ਭਾਗੀਦਾਰ ਕੰਪਨੀਆਂ ਦਾ ਧੰਨਵਾਦ ਕੀਤਾ।

ਪਲੇਸਮੈਂਟ ਡਰਾਈਵ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਈ, ਜਿਸ ਨਾਲ ਸੰਸਥਾ ਦੀ ਅਕਾਦਮਿਕ ਉੱਤਮਤਾ, ਉਦਯੋਗ-ਕੇਂਦਰਿਤ ਸਿੱਖਿਆ ਅਤੇ ਵਿਦਿਆਰਥੀਆਂ ਦੇ ਉਜਲੇ ਭਵਿੱਖ ਪ੍ਰਤੀ ਵਚਨਬੱਧਤਾ ਹੋਰ ਮਜ਼ਬੂਤ ਹੋਈ।

# 25 ਸਾਲਾਂ ਬਾਅਦ ਅਜੀਤ ਰੋਡ ਨਿਵਾਸੀਆਂ ਨੂੰ ਮਿਲੀ ਵੱਡੀ ਸੌਗਾਤ, 70 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਮਿਊਨਿਟੀ ਸੈਂਟਰ ਦਾ ਮੇਅਰ ਨੇ ਕੀਤਾ ਉਦਘਾਟਨ

**ਬਠਿੰਡਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੀਤ ਰੋਡ ਖੇਤਰ ਦੇ ਨਿਵਾਸੀਆਂ ਲਈ ਇੱਕ ਬਹੁਤ ਹੀ ਖਾਸ ਅਤੇ ਇਤਿਹਾਸਕ ਦਿਨ ਸਾਬਤ ਹੋਇਆ, ਕਿਉਂਕਿ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਆਖਰਕਾਰ ਪੂਰੀ ਹੋ ਗਈ। ਅੱਜ, ਬਠਿੰਡਾ ਨਗਰ ਨਿਗਮ ਦੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਅਜੀਤ ਰੋਡ ਦੀ ਗਲੀ ਨੰਬਰ 9-ਬੀ ਵਿੱਚ ਇੱਕ ਕਮਿਊਨਿਟੀ ਸੈਂਟਰ ਦੇ ਨਿਰਮਾਣ ਦਾ ਰਸਮੀ ਉਦਘਾਟਨ ਕੀਤਾ। ਇਸ ਕਮਿਊਨਿਟੀ ਸੈਂਟਰ ਦੀ ਉਸਾਰੀ 'ਤੇ ਲਗਭਗ 70 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ 'ਤੇ, ਸ਼੍ਰੀ ਡਿੰਪੀ ਬਾਘਲਾ ਦੀ ਅਗਵਾਈ ਵਿੱਚ ਸੈਂਕੜੇ ਇਲਾਕਾ ਨਿਵਾਸੀਆਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਸਮਾਗਮ ਦੌਰਾਨ ਨਗਰ ਨਿਗਮ ਦੇ ਜੇਈ ਸ਼੍ਰੀ ਰਾਜੇਸ਼ ਕੁਮਾਰ ਵੀ ਮੌਜੂਦ ਸਨ।



ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਜੀਤ ਰੋਡ ਦੇ ਨਿਵਾਸੀ ਪਿਛਲੇ 25 ਸਾਲਾਂ ਤੋਂ ਕਮਿਊਨਿਟੀ ਸੈਂਟਰ ਦੀ ਉਸਾਰੀ ਦੀ ਮੰਗ ਕਰ ਰਹੇ ਸਨ, ਪਰ ਉਨ੍ਹਾਂ ਦੀ ਮੰਗ ਅਧੂਰੀ ਹੀ ਰਹੀ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ, ਇਲਾਕਾ ਨਿਵਾਸੀਆਂ ਨੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਕਮਿਊਨਿਟੀ ਸੈਂਟਰ ਦੀ ਮੰਗ ਕੀਤੀ, ਜਿਸ ਨੂੰ ਨਗਰ ਨਿਗਮ ਨੇ ਗੰਭੀਰਤਾ ਨਾਲ ਅਤੇ ਅੱਜ ਕਮਿਊਨਿਟੀ ਸੈਂਟਰ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ।

ਮੇਅਰ ਨੇ ਕਿਹਾ ਕਿ ਕਮਿਊਨਿਟੀ ਸੈਂਟਰ ਲਗਭਗ ਛੇ ਤੋਂ ਸੱਤ ਮਹੀਨਿਆਂ ਵਿੱਚ ਪੂਰੀ ਤਰ੍ਹਾਂ ਤਿਆਰ ਹੋ ਜਾਵੇਗਾ। ਇਸ ਦੇ ਪੂਰਾ ਹੋਣ ਤੋਂ ਬਾਅਦ, ਇਸ ਖੇਤਰ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਪਰਿਵਾਰਕ ਸਮਾਗਮਾਂ ਲਈ ਇੱਕ ਢੁਕਵਾਂ ਸਥਾਨ ਹੋਵੇਗਾ।

ਮੇਅਰ ਸ਼੍ਰੀ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਬਠਿੰਡਾ ਨੂੰ ਇੱਕ ਮਾਡਲ ਸ਼ਹਿਰ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਸਬੰਧ ਵਿੱਚ, ਸ਼ਹਿਰ ਵਿੱਚ ਜਨਤਾ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਵੱਡੇ ਲੋਕ-ਪੱਖੀ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ।

ਇਲਾਕਾ ਨਿਵਾਸੀਆਂ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਉਹ ਪਿਛਲੇ 25 ਸਾਲਾਂ ਤੋਂ ਕਮਿਊਨਿਟੀ ਸੈਂਟਰ ਦੀ ਮੰਗ ਕਰ ਰਹੇ ਸਨ, ਪਰ ਕਿਸੇ ਵੀ ਜਨਤਕ ਪ੍ਰਤੀਨਿਧੀ ਨੇ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ।

# ਮੇਰਾ ਯੁਵਾ (ਐੱਮਵਾਈ) ਭਾਰਤ ਵੱਲੋਂ ਸੁਸ਼ਾਸਨ ਦਿਵਸ 'ਤੇ ਭਾਸ਼ਣ ਮੁਕਾਬਲਾ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਸ਼ਾਸਨ ਦਿਵਸ ਦੇ ਅਵਸਰ 'ਤੇ, ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਮੇਰਾ ਯੁਵਾ (ਐੱਮਵਾਈ) ਭਾਰਤ ਚੰਡੀਗੜ੍ਹ ਵੱਲੋਂ 26 ਦਸੰਬਰ 2025 ਨੂੰ ਬਾਇਓਟੈੱਕ ਕਾਨਫਰੰਸ ਹਾਲ, ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ 11, ਚੰਡੀਗੜ੍ਹ ਵਿਖੇ ਇੱਕ ਭਾਸ਼ਣ ਮੁਕਾਬਲਾ ਸਫ਼ਲਤਾਪੂਰਵਕ ਆਯੋਜਿਤ ਕੀਤਾ ਗਿਆ।




ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਵਿੱਚ ਸੁਸ਼ਾਸਨ ਦੇ ਸਿਧਾਂਤਾਂ ਬਾਰੇ ਜਾਗਰੂਕਤਾ ਵਧਾਉਣਾ ਅਤੇ ਰਾਸ਼ਟਰ ਨਿਰਮਾਣ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨਾ ਸੀ। ਮੁਕਾਬਲੇ ਦਾ ਵਿਸ਼ਾ ਸੀ- ÷ਰਾਸ਼ਟਰ ਨਿਰਮਾਣ ਵਿੱਚ ਭਾਈਵਾਲ ਵਜੋਂ ਸੁਸ਼ਾਸਨ ਅਤੇ ਨੌਜਵਾਨ।÷

ਕੁੱਲ 15 ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ, ਜਿਨ੍ਹਾਂ ਨੇ ਸ਼ਾਨਦਾਰ ਆਤਮਵਿਸ਼ਵਾਸ ਅਤੇ ਭਾਸ਼ਣ ਹੁਨਰ ਦਾ ਪ੍ਰਦਰਸ਼ਨ ਕੀਤਾ। ਪ੍ਰਤੀਭਾਗੀਆਂ ਨੇ ਪਾਰਦਰਸ਼ਤਾ, ਜਵਾਬਦੇਹੀ, ਨਾਗਰਿਕ ਭਾਗੀਦਾਰੀ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਜਿਹੇ ਮੁੱਖ ਪਹਿਲੂਆਂ ਨੂੰ ਉਜਾਗਰ ਕੀਤਾ। ਇਸ ਤੋਂ ਇਲਾਵਾ, ਲਗਭਗ 20 ਨੌਜਵਾਨਾਂ ਨੇ ਪ੍ਰੋਗਰਾਮ ਵਿੱਚ ਦਰਸ਼ਕਾਂ ਵਜੋਂ ਸ਼ਿਰਕਤ ਕੀਤੀ।

ਧਿਆਨ ਨਾਲ ਮੁੱਲਾਂਕਣ ਤੋਂ ਬਾਅਦ, ਨਤੀਜੇ ਐਲਾਨੇ ਗਏ। ਨਕੁਲ ਨੇ ਪਹਿਲਾ ਸਥਾਨ, ਕਨਵ ਖੁਰਾਨਾ ਨੇ ਦੂਸਰਾ ਸਥਾਨ ਅਤੇ ਆਯੁਸ਼ੀ ਰਾਵਤ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਦੇ ਸਤਿਕਾਰਯੋਗ ਨਿਰਣਾਇਕ ਮੰਡਲ ਵਿੱਚ ਡਾ. ਮੋਨਿਕਾ ਮੁੰਜਾਲ, ਚੇਅਰਪਰਸਨ, ਸੈਂਟਰ ਫੌਰ ਸੋਸ਼ਲ ਵਰਕ, ਪੰਜਾਬ ਯੂਨੀਵਰਸਿਟੀ, ਅਤੇ ਡਾ. ਨਿਸ਼ਾ ਸਿੰਗਲਾ, ਅਸਿਸਟੈਂਟ ਪ੍ਰੋਫੈਸਰ, ਦੇਵ ਸਮਾਜ ਕਾਲਜ ਸ਼ਾਮਲ ਰਹੇ। ਨਿਰਣਾਇਕਾਂ ਨੇ ਸਾਰੇ ਪ੍ਰਤੀਭਾਗੀਆਂ ਦੇ ਉੱਤਮ ਅਭਿਵਿਅਕਤੀ ਕੌਸ਼ਲ, ਵਿਸ਼ਾ-ਵਸਤੂ ਦੀ ਸਪਸ਼ਟਤਾ ਅਤੇ ਪ੍ਰਭਾਵਸ਼ਾਲੀ ਪ੍ਰਸਤੁਤੀ ਦੀ ਸ਼ਲਾਘਾ ਕੀਤੀ।

ਇਸ ਸਮਾਗਮ ਵਿੱਚ ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ, ਮੇਰਾ ਯੁਵਾ (ਐੱਮਵਾਈ) ਭਾਰਤ ਚੰਡੀਗੜ੍ਹ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਸੁਚਾਰੂ ਸੰਚਾਲਨ ਵਿੱਚ ਮੇਰਾ ਯੁਵਾ (ਐੱਮਵਾਈ) ਭਾਰਤ ਵਲੰਟੀਅਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਆਯੋਜਨ ਟੀਮ ਵਿੱਚ ਸ਼੍ਰੀ ਤਰੁਣ, ਸ਼੍ਰੀ ਆਕਾਸ਼, ਸ਼੍ਰੀ ਭਾਰਤ, ਮਿਸ ਪ੍ਰਾਚੀ ਅਤੇ ਸ਼੍ਰੀ ਨਿਰਮਲ ਸ਼ਾਮਲ ਰਹੇ।

ਕੁੱਲ ਮਿਲਾ ਕੇ ਇਹ ਭਾਸ਼ਣ ਮੁਕਾਬਲਾ ਨੌਜਵਾਨਾਂ ਨੂੰ ਸੁਸ਼ਾਸਨ ਦੇ ਆਦਰਸ਼ਾਂ ਨਾਲ ਜੋੜਨ ਵਾਲੀ ਪ੍ਰੇਰਣਾਦਾਈ ਪਹਿਲ ਸਿੱਧ ਹੋਈ ਅਤੇ ਇਸ ਨਾਲ ਰਾਸ਼ਟਰ ਨਿਰਮਾਣ ਦੀ ਯਾਤਰਾ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਇੱਕ ਵਾਰ ਫਿਰ ਮਜ਼ਬੂਤ ਹੋ ਕੇ ਸਾਹਮਣੇ ਆਈ।

# ਚੰਡੀਗੜ੍ਹ ਸ਼ਹਿਰ ਦੇ ਵਿਭਿੰਨ ਸਥਾਨਾਂ 'ਤੇ ਕੰਬਲ ਵੰਡਣ ਦੀ ਮੁਹਿੰਮ ਆਯੋਜਿਤ



**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਤਮਾਨ ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ, ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂ.ਟੀ., ਬ੍ਰਾਂਚ ਚੰਡੀਗੜ੍ਹ ਨੇ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਡਿਪਟੀ ਕਮਿਸ਼ਨਰ-ਅਤੇ-ਚੇਅਰਮੈਨ, ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂ.ਟੀ., ਬ੍ਰਾਂਚ ਚੰਡੀਗੜ੍ਹ ਦੀ ਅਗਵਾਈ ਵਿੱਚ, ਸਮਾਜ ਦੇ ਪਿਛੜੇ ਵਰਗ ਨੂੰ ਰਾਹਤ ਪ੍ਰਦਾਨ ਕਰਨ ਲਈ ਚੰਡੀਗੜ੍ਹ ਸ਼ਹਿਰ ਦੇ ਵਿਭਿੰਨ ਸਥਾਨਾਂ 'ਤੇ ਕੰਬਲ ਵੰਡਣ ਦੀ ਮੁਹਿੰਮ ਆਯੋਜਿਤ ਕੀਤੀ। ਇਸ ਮੁਹਿੰਮ ਤਹਿਤ ਚਿਲਡਰਨ ਹੋਮ ਸਨੇਹਾਲਯ ਫੌਰ ਗਰਲਸ, ਓਲਡ ਏਜ ਹੋਮ ਸੈਕਟਰ - 15, ਪੀਜੀਆਈ ਅਤੇ ਜੀਐੱਮਐੱਸਐੱਚ, ਸੈਕਟਰ 16 ਅਤੇ ਕੁਸ਼ਟ ਆਸ਼ਰਮ ਵਿੱਚ ਕੰਬਲ ਵੰਡੇ ਗਏ।

ਇਹ ਵੰਡ ਯੂ.ਟੀ. ਰੈੱਡ ਕਰਾਸ ਦੀ ਟੀਮ ਦੁਆਰਾ ਸੁਸ਼੍ਰੀ ਪੂਨਮ ਮਲਿਕ, ਨੋਡਲ ਅਫ਼ਸਰ, ਰੈੱਡ ਕਰਾਸ ਦੀ ਅਗਵਾਈ ਵਿੱਚ ਕੀਤੀ ਗਈ। ਇਸ ਪਹਿਲ ਵਿੱਚ ਮੈਸਰਜ਼ ਬੇਬੋ ਟੈਕਨੋਲੋਜੀ (M/s Bebo Technology), ਆਈ.ਟੀ. ਪਾਰਕ, ਸ਼੍ਰੀ ਐੱਸਸੀ ਅਗਰਵਾਲ, ਪ੍ਰਧਾਨ, ਚੰਡੀਗੜ੍ਹ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ, ਅਤੇ ਸ਼੍ਰੀ ਪੀਕੇ ਸ਼ਰਮਾ, ਐੱਮਡੀ ਜਨਤਾ ਮਾਡਲ ਸਕੂਲ, ਨਵਾਂ ਗਾਓਂ ਦਾ ਸਹਿਯੋਗ ਸ਼ਲਾਘਾਯੋਗ ਰਿਹਾ। ਰੈੱਡ ਕਰਾਸ ਸੋਸਾਇਟੀ, ਚੰਡੀਗੜ੍ਹ ਨੇ ਸ਼ਹਿਰ ਦੇ ਨਾਗਰਿਕਾਂ ਅਤੇ ਵਿਭਿੰਨ ਸੰਗਠਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਵੀ ਲੋੜਵੰਦ ਅਤੇ ਗ਼ਰੀਬ ਨਾਗਰਿਕਾਂ ਦੀ ਭਲਾਈ ਹਿਤ ਉਦਾਰਤਾਪੂਰਵਕ ਯੋਗਦਾਨ ਦਿੰਦੇ ਰਹਿਣ।

# ਮਿਹਨਤ ਦੇ ਬਲਬੁੱਤੇ ਹੀ ਜ਼ਿੰਦਗੀ ਦੀਆਂ ਵੱਡੀਆਂ ਪੁਲਾਘਾਂ ਪੁੱਟੀਆਂ ਜਾ ਸਕਦੀਆਂ ਨੇ : ਪਦਮ ਸ਼੍ਰੀ ਸੁਨੀਤਾ ਰਾਣੀ



**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

: ਸਥਾਨਕ ਸਰਕਾਰੀ ਪੀ.ਐੱਮ. ਸ਼੍ਰੀ ਗਰਲਜ਼ ਸੀਨੀਅਰ ਸਕੈਂਡਰੀ ਸਕੂਲ ਵਿਖੇ 19 ਤੋਂ 25 ਦਸੰਬਰ 2025 ਤੱਕ ਸੱਤ ਰੋਜ਼ਾ ਐਨ ਐਸ ਐਸ ਵਿਸ਼ੇਸ਼ ਕੈਂਪ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੰਗਰੂਰ ਅਰੁਣ ਕੁਮਾਰ ਦੇ ਹੁਕਮਾਂ ਮੁਤਾਬਕ ਪ੍ਰਿੰਸੀਪਲ ਸੁਮੀਤਾ ਦੀ ਅਗਵਾਈ ਹੇਠ ਲੱਗੇ ਕੈਂਪ ਵਿੱਚ 110 ਵਲੰਟੀਅਰਾਂ ਅਤੇ 14 ਨਾਨ-ਵਲੰਟੀਅਰਾਂ ਨੇ ਹਿੱਸਾ ਲਿਆ। ਵਿਦਿਆਰਥਣਾਂ ਵਿੱਚ ਸਮਾਜਿਕ ਜ਼ਿੰਮੇਵਾਰੀ, ਅਨੁਸ਼ਾਸਨ, ਲੀਡਰਸ਼ਿਪ, ਸਿਹਤ ਜਾਗਰੂਕਤਾ, ਨੈਤਿਕ ਕਦਰਾਂ-ਕੀਮਤਾਂ ਅਤੇ ਦੇਸ਼ ਭਗਤੀ ਦੀ ਭਾਵਨਾ ਵਿਕਸਿਤ ਕਰਨ ਦੇ ਮਕਸਦ ਨਾਲ ਪ੍ਰੋਗਰਾਮ ਚਲਦੇ ਰਹੇ। ਪ੍ਰੋਗਰਾਮ ਅਫ਼ਸਰ ਅਤੇ ਕੈਂਪ ਕਮਾਂਡੈਂਟ ਯਾਦਵਿੰਦਰ ਸਿੰਘ ਸਿੱਧੂ ਅਤੇ ਮੈਡਮ ਸੁਮਿਤਾ ਸ਼ਰਮਾ ਨੇ ਜਾਣਕਾਰੀ ਦਿੱਤੀ ਕਿ ਕੈਂਪ ਦੌਰਾਨ ਸਫ਼ਾਈ ਅਭਿਆਨ, ਸਮਾਜਿਕ ਸੇਵਾ ਕਾਰਜ, ਜਾਗਰੂਕਤਾ ਲੈਕਚਰ, ਪ੍ਰੇਰਣਾਦਾਇਕ ਭਾਸ਼ਣ ਅਤੇ ਸੱਭਿਆਚਾਰਕ ਕਾਰਜਕ੍ਰਮ ਲਗਾਤਾਰ ਚਲਦੇ ਰਹੇ। ਵੱਖ-ਵੱਖ ਦਿਨਾਂ ਦੌਰਾਨ ਪ੍ਰਸਿੱਧ ਸ਼ਖ਼ਸੀਅਤਾਂ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ, ਕੈਂਸਰ ਸ਼ਪੈਸਲਿਸਟ ਡਾ. ਪ੍ਰਿਆ, ਗੀਤਕਾਰ ਕੁਲਦੀਪ ਕੰਡਿਆਰਾ, ਲਾਇਬਰੇਰੀਅਨ ਕਮਲ ਕੁਮਾਰ, ਅਧਿਆਪਕ ਰੁਪਿੰਦਰ ਸ਼ਰਮਾ, ਨਿਰਮਲ ਬਰੇਟਾ, ਨਵਨੀਤ ਬਾਂਸਲ, ਰੰਗਕਰਮੀ ਪਰਗਟ ਸਮਰਾਓ, ਡਾ. ਕਰਨੈਲ ਵੈਰਾਗੀ, ਲੈਕਚਰਾਰ ਤਾਰਾ ਸਿੰਘ, ਸ਼ੇਰਬਿੰਦਰ ਸਿੰਘ ਟ੍ਰੈਫਿਕ ਇੰਚਾਰਜ, ਡਾ. ਲਵਲੀਨ ਵੜਿੰਗ, ਸੁਨੀਲ ਕੁਮਾਰ, ਏ ਐਸ ਆਈ ਕਮਲਦੀਪ ਸਿੰਘ ਆਦਿ ਸ਼ਖ਼ਸ਼ੀਅਤਾਂ ਨੇ ਆਪਣੇ ਤਜ਼ਰਬੇ ਸ਼ਾਂਝੇ ਕੀਤੇ। ਕੈਂਪ ਦੇ ਸਮਾਪਤੀ ਸਮਾਰੋਹ ਵਿੱਚ ਐਸ.ਐਸ.ਪੀ. ਕਮਾਂਡੋ-1 ਪਟਿਆਲਾ, ਪਦਮ ਸ਼੍ਰੀ ਅਤੇ ਅਰਜੁਨ ਅਵਾਰਡੀ ਸੁਨੀਤਾ ਰਾਣੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਦੀਪ ਜਗਾ ਕੇ ਹੋਈ। ਕੈਂਪਰਾਂ ਵੱਲੋਂ ਸ਼ਬਦ ਗਾਇਨ, ਜ਼ਫ਼ਰਨਾਮਾ, ਦੇਸ਼ ਭਗਤੀ ਗੀਤ ਅਤੇ ਕਵੀਸ਼ਰੀ ਵਰਗੀਆਂ ਪੇਸ਼ਕਾਰੀਆਂ 'ਸ਼ਫ਼ਰ ਏ ਸ਼ਹਾਦਤ' ਨੂੰ ਸਮਰਪਿਤ ਕੀਤੀਆਂ ਗਈਆਂ। ਮੁੱਖ ਮਹਿਮਾਨ ਨੇ ਆਪਣੀ ਤਕਰੀਰ ਵਿੱਚ ਜੀਵਨ ਯਾਤਰਾ ਦੇ ਸੰਘਰਸ਼ ਦੇ ਅਨੁਭਵ ਸਾਂਝੇ ਕੀਤੇ ਅਤੇ ਕੈਂਪਾਂ ਦੀ ਮਹੱਤਤਾ ਉੱਤੇ ਰੌਸ਼ਨੀ ਪਾਈ। ਵਿਦਿਆਰਥਣਾਂ ਨੂੰ ਸਮਰਪਣ, ਮਿਹਨਤ ਅਤੇ ਸੇਵਾ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਨਾਮ ਵੰਡ ਸਮਾਰੋਹ ਦੌਰਾਨ ਸਮੂਹ ਵਲੰਟੀਅਰਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਦੀ ਬੈਸਟ ਵਲੰਟੀਅਰ ਸੋਨੀ ਕੌਰ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ

। ਕੈਂਪ ਦੌਰਾਨ ਐਕਰਿੰਗ ਦਾ ਕੰਮ ਵਲੰਟੀਅਰਾਂ ਲਿਆਨਾ ਤੇ ਲਵਪ੍ਰੀਤ ਨੇ ਸੰਭਾਲਿਆ। ਵੱਖ-ਵੱਖ ਗਰੁੱਪਾਂ ਅਲਫਾ, ਬਰੇਵੋ, ਟੈਂਗੋ ਚਾਰਲੀ, ਸਿਗਮਾਂ, ਗਰੀਮਾਂ, ਥੀਟਾ, ਸਾਰਥੀ, ਤੇਜ਼, ਫਤਹਿ ਅਤੇ ਘਾਤਕ ਦੇ ਲੀਡਰਾਂ ਅਤੇ ਮੈਸ ਕਮੇਟੀ ਮੈਂਬਰਾਂ ਬਹੁਤੀ ਕੌਰ, ਸੋਨੀ ਕੌਰ, ਜਸ਼ਨਦੀਪ ਕੌਰ ਆਦਿ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਸਕੂਲ ਦੇ ਬਾਕਸਿੰਗ ਰਿੰਗ ਵਿੱਚ ਖਿਡਾਰੀਆਂ ਦੀ ਗੇਮ ਦਾ ਜਾਇਜ਼ਾ ਵੀ ਲਿਆ। ਇਸ ਸਮਾਰੋਹ ਵਿੱਚ ਜ਼ਿਲ੍ਹਾ ਆਰਗੇਨਾਇਜ਼ਿੰਗ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ, ਐਸ ਐਮ ਸੀ ਮੈਂਬਰ ਕੇਹਰ ਸਿੰਘ, ਸਵੀਰ ਖਾਨ, ਭਾਰਤੀ ਏਅਰਟੈਲ ਫਾਉਂਡੇਸ਼ਨ ਦੇ ਮੈਂਟਰ ਗੁਰਪਾਲ ਸਿੰਘ, ਲੈਕਚਰਾਰ ਤਾਰਾ ਸਿੰਘ ਅਤੇ ਕੰਪਿਊਟਰ ਫੈਕਲਟੀ ਸੁਖਵਿੰਦਰ ਸਿੰਘ ਸੁੱਖੀ, ਗੱਜਣ ਸਿੰਘ, ਅਸ਼ੋਕ ਕੁਮਾਰ, ਪ੍ਰਿੰਸੀਪਲ ਨਰਸੀ ਸਿੰਘ ਚੌਹਾਨ ਨੇ ਵੀ ਸੰਬੋਧਨ ਕੀਤਾ। ਕੈਂਪ ਨੂੰ ਸਫਲ ਬਣਾਉਣ ਵਿੱਚ ਮੈਡਮ ਰਵਨੀਨ ਕੌਰ, ਗੁਰਮੇਲ ਸਿੰਘ, ਪ੍ਰੋਮਿਲਾ, ਉਮਾ ਸ਼ਰਮਾ, ਬੇਬੀ ਰਾਣੀ, ਦਰਸ਼ਨ ਮਨਚੰਦਾ, ਗੁਰਮੀਤ ਕੌਰ, ਰੇਨੂੰ ਬਾਲਾ, ਰਾਜਿੰਦਰ ਕੌਰ, ਨਮਿਤਾ ਬਾਲਾ, ਰਵਿੰਦਰ ਸ਼ਾਰਧਾ, ਰਾਕੇਸ਼ ਰਾਣੀ, ਮਮਤਾ ਰਾਣੀ ਆਦਿ ਅਧਿਆਪਕਾਂ ਨੇ ਸਾਥ ਦਿੱਤਾ।

# ਉੱਤਰਾਖੰਡ ਦੇ ਰਾਜਪਾਲ ਵੱਲੋਂ ਵੀਰ ਬਾਲ ਦਿਵਸ 2025 ਨੂੰ ਸਮਰਪਿਤ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਦੀ ਸਾਹਿਤਕ ਚਿੱਤਰਕਾਰੀ ਰਚਨਾ ਲਾਂਚ

**ਚੰਡੀਗੜ੍ਹ/ਦੇਹਰਾਦੂਨ, 27 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਦੇ ਰਾਜਪਾਲ, ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਨੇ ਅੱਜ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਪਵਿੱਤਰ ਯਾਦ ਵਿੱਚ ਲੋਕ ਭਵਨ, ਦੇਹਰਾਦੂਨ ਵਿਖੇ ਕਰਵਾਏ ਵੀਰ ਬਾਲ ਦਿਵਸ ਸਮਾਰੋਹ ਦੌਰਾਨ ਵੀਰ ਬਾਲ ਦਿਵਸ ਨੂੰ ਸਮਰਪਿਤ ਸਾਹਿਤਕ ਚਿੱਤਰਕਾਰੀ ਬਰੋਸ਼ਰ ਲਾਂਚ ਕੀਤਾ। ਇਹ ਬਰੋਸ਼ਰ ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਵੱਲੋਂ ਤਿੰਨ ਗੁਰਧਾਮਾਂ ਦੀ ਪਵਿੱਤਰਤਾ ਅਤੇ ਇਤਿਹਾਸਕ ਮਹੱਤਤਾ ਨੂੰ ਦਰਸਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਬਰੋਸ਼ਰ ਵਿੱਚ ਦਰਸਾਏ ਗਏ ਤਿੰਨ ਗੁਰਧਾਮਾਂ ਵਿੱਚ ਗੁਰਦੁਆਰਾ ਠੰਡਾ ਬੁਰਜ, ਜਿੱਥੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦੀ ਸ਼ਹਾਦਤ ਤੋਂ ਪਹਿਲਾਂ 1705 ਵਿੱਚ ਅਤਿ ਦੀ ਠੰਡ ਵਿੱਚ ਰੱਖਿਆ ਗਿਆ ਸੀ, ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਜ਼ਿੰਦਾ ਦੀਵਾਰ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ



ਗੁਰਦੁਆਰਾ ਜੋਤੀ ਸਰੂਪ, ਜਿੱਥੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦਾ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਸਸਕਾਰ ਕੀਤਾ ਗਿਆ ਸੀ। ਇਹ ਤਿੰਨੋ ਗੁਰਧਾਮ ਫ਼ਤਿਹਗੜ੍ਹ ਸਾਹਿਬ, ਪੰਜਾਬ ਵਿਖੇ ਸਸ਼ੋਭਿਤ ਹਨ।

ਇਸ ਸਮਾਗਮ ਦੌਰਾਨ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੂੰ ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਅਧਿਆਤਮਿਕ ਯਾਤਰਾ ਸਿਰਲੇਖ ਵਾਲੀ ਧਾਰਮਿਕ ਵਿਰਾਸਤੀ ਕਿਤਾਬ ਭੇਟ ਕੀਤੀ ਗਈ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਇੱਕ ਦਸਤਾਵੇਜ਼ੀ ਫਿਲਮ ਦਿਖਾਈ ਗਈ ਜਿਸ ਵਿੱਚ ਨੌਵੇਂ ਸਿੱਖ ਗੁਰੂ ਸਾਹਿਬ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ ਦੇ ਸਫ਼ਰ ਨੂੰ ਦਰਸਾਇਆ ਗਿਆ।

ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਉਤਰਾਖੰਡ ਦੇ ਵਿਭਿੰਨ ਭਾਈਚਾਰਿਆਂ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ ਸਬੰਧਤ ਇਤਿਹਾਸਕ ਅਤੇ ਧਾਰਮਿਕ ਵਿਰਾਸਤ ਨਾਲ ਰੂ-ਬ-ਰੂ ਕਰਨ ਸਬੰਧੀ ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਦੀ ਇਸ ਨੇਕ ਅਤੇ ਦੂਰਦਰਸ਼ੀ ਪਹਿਲ ਦੀ ਸ਼ਲਾਘਾ ਕੀਤੀ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ

**ਤਰਨ ਤਾਰਨ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਵਿਭਾਗਾਂ ਵੱਲੋਂ ਸਮੂਹਿਤ ਤੌਰ 'ਤੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਭਾਈ ਗੁਰਪ੍ਰੀਤ ਸਿੰਘ ਕੈਰੋਂ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਛੋਟੇ ਸਾਹਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਬਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ, ਤਰਨ ਤਾਰਨ ਸ੍ਰੀ ਤੇਜਬੀਰ ਸਿੰਘ ਭੰਗੂ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੇ ਜ਼ੁਲਮ ਅਤੇ ਅੱਤਿਆਚਾਰ ਦੀਆਂ ਜੜ੍ਹਾਂ ਉਖੇੜ ਦਿੱਤੀਆਂ।

## ਅਜੋਕਾ ਯੁੱਗ

ਅਜੋਕਾ ਯੁੱਗ ਉਦਾਸ ਅਤੇ ਮਾਯੂਸ ਹੋਣ ਦਾ ਯੁੱਗ ਨਹੀਂ। ਚੰਗਾ ਬਣਨ ਦੀਆਂ, ਮਾਨਵ ਜਾਤੀ ਦੀ ਸੇਵਾ ਕਰਨ ਦੀਆਂ, ਜਿਤਨੀਆਂ ਸੰਭਾਵਨਾਵਾਂ ਅਜੋਕੇ ਯੁੱਗ ਵਿਚ ਹਨ, ਉਤਨੀਆਂ ਪਹਿਲੇ ਕਿਸੇ ਯੁੱਗ ਵਿਚ ਪ੍ਰਾਪਤ ਨਹੀਂ ਸਨ। ਨਿਰਸੰਦੇਹ ਮਨੁੱਖ ਵਿਚ ਜਿਤਨੀ ਗਿਰਾਵਟ ਅਜੋਕੇ ਯੁੱਗ ਵਿਚ ਦਿਖਾਈ ਦੇ ਰਹੀ ਹੈ, ਉਤਨੀ ਪਹਿਲਾਂ ਕਿਸੇ ਯੁੱਗ ਵਿਚ ਨਹੀਂ ਵੇਖੀ ਗਈ ਪਰ ਵੇਖਣਾ ਤਾਂ ਇਹ ਹੈ ਕਿ ਤੁਸੀਂ ਪਹਾੜ ਨੂੰ ਚੜ੍ਹਨ ਦੀ ਦ੍ਰਿਸ਼ਟੀ ਨਾਲ ਵੇਖਦੇ ਹੋ ਕਿ ਡਿੱਗਣ ਦੇ ਡਰ ਨਾਲ , ਤੁਸੀਂ ਸਮੁੰਦਰ ਨੂੰ ਤੈਰਨ ਦੀ ਸੰਭਾਵਨਾ ਨਾਲ ਵੇਖਦੇ ਹੋ ਜਾਂ ਡੁੱਬ ਜਾਣ ਦੀ ਚਿੰਤਾ ਨਾਲ, ਤੁਸੀਂ ਇਮਤਿਹਾਨ ਵਿਚ ਪਾਸ ਹੋਣ ਦੀ ਆਸ ਨਾਲ ਬੈਠਦੇ ਹੋ ਜਾਂ ਫੇਲ ਹੋਣ ਦੇ ਸੰਸੇ ਨਾਲ । ਤੁਹਾਡੇ ਵਿਚ ਉਤਸ਼ਾਹ ਅਤੇ ਹੌਸਲਾ ਤੁਹਾਡੇ ਯਤਨਾਂ ਨਾਲ ਹੀ ਜਾਗੇਗਾ। ਖ਼ੁਸ਼ਹਾਲੀ ਵਾਂਗ ਉਤਸ਼ਾਹ ਵੀ ਮਨ ਦੀ ਇਕ ਅਵਸਥਾ ਹੁੰਦੀ ਹੈ। ਕੋਈ ਵੀ ਸਮੱਸਿਆ ਉਸਾਰੂ ਸੋਚ ਸਾਹਮਣੇ , ਲੰਮੇ ਅਰਸੇ ਤਕ ਨਹੀਂ ਟਿਕ ਸਕਦੀ। ਸਭ ਤੋਂ ਵੱਡੀ ਲੋੜ ਆਪਣੀ ਸੋਚ ਨੂੰ, ਆਪਣੇ ਦ੍ਰਿਸ਼ਟੀਕੋਣ ਨੂੰ, ਆਪਣੇ ਆਪ ਬਾਰੇ ਆਪਣੀ ਰਾਇ ਨੂੰ, ਬਦਲਣ ਦੀ ਹੁੰਦੀ ਹੈ। ਦੁਨੀਆ ਉਸਾਰੂ ਸੋਚ ਲਈ ਤੜਪ ਰਹੀ ਹੈ। ਜਿਹੋ-ਜਿਹੀਆਂ ਮਨੁੱਖ ਦੀਆਂ ਸੋਚਾਂ ਹੁੰਦੀਆਂ ਹਨ, ਜਿਹੋ ਜਿਹੇ ਉਨ੍ਹਾਂ ਦੇ ਯਤਨ ਹੁੰਦੇ ਹਨ, ਉਹੋ-ਜਿਹੇ ਮਨੁੱਖ ਹੋ ਨਿਬੜਦੇ ਹਨ।

• ਨਰਿੰਦਰ ਸਿੰਘ ਕਪੂਰ



# ਖੁੱਲ੍ਹੇ ਵਾਤਾਵਰਨ ਵਾਲੇ ਸਕੂਲ

ਸੁਖਰਾਜ ਚਹਿਲ ਧਨੌਲਾ

ਜਨਮ ਤੋਂ ਬਾਅਦ ਨੰਨ੍ਹੇ-ਮੁੰਨ੍ਹੇ ਬੱਚਿਆਂ ਨੂੰ ਜਦੋਂ ਤਕ ਤਾਂ ਘਰ ਵਿਚ ਹੀ ਰੱਖਿਆ ਜਾਂਦਾ ਹੈ ਉਦੋਂ ਤਕ ਤਾਂ ਉਹ ਬਹੁਤ ਖ਼ੁਸ਼ ਰਹਿੰਦੇ ਹਨ। ਹਰ ਪਲ ਦਾ ਆਨੰਦ ਮਾਣਦੇ ਹੋਏ ਖੇਡਣ, ਕੁੱਦਣ ਦੇ ਨਾਲ-ਨਾਲ ਜੋ ਦੇਖ ਲੈਂਦੇ ਹਨ ਉਸ ਨੂੰ ਹਾਸਲ ਕਰਕੇ ਆਪਣੇ ਭੋਲੇਪਨ ਵਾਲੇ ਬਚਪਨ ਨੂੰ ਖ਼ੁਸ਼ੀ ਭਰੇ ਢੰਗ ਨਾਲ ਬਤੀਤ ਕਰਦੇ ਹਨ। ਪਰ ਜਦੋਂ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਸਕੂਲ ਵਿਚ ਦਾਖ਼ਲ ਕਰਵਾਉਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨ ਵਾਸਤੇ ਪਹਿਲਾਂ ਇਕ ਪਲੇਅ ਵੇਅ ਸਕੂਲ ਜਾਂ ਸਰਕਾਰੀ ਤੌਰ ’ਤੇ ਬਣੇ ਕੇਂਦਰਾਂ ਦੀ ਭਾਲ ਕੀਤੀ ਜਾਂਦੀ ਹੈ, ਜਿੱਥੇ ਬੱਚਿਆਂ ਨੂੰ ਸਕੂਲ ਵਿਚ ਖੜ੍ਹਨ, ਬੈਠਣ ਅਤੇ ਥੋੜ੍ਹੀ-ਥੋੜ੍ਹੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਜਦੋਂ ਬੱਚੇ ਇੱਥੇ ਦਾਖ਼ਲ ਕਰਵਾਏ ਜਾਂਦੇ ਹਨ ਤਾਂ ਉਹ ਇੱਥੇ ਆਉਣ ਤੋਂ ਕੰਨੀ ਕਤਰਾਉਂਦੇ ਹਨ ਜਦੋਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਉਹ ਨਾਲ ਦੀ ਨਾਲ ਰੋਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਬੱਚੇ ਆਪਣੇ ਸਕੂਲ ਅੰਦਰ ਵੀ ਘਰ ਵਰਗੇ ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਾਲਾ ਮਹੌਲ ਲੱਭਦੇ ਹਨ। ਜੇਕਰ ਦੇਖਿਆ ਜਾਵੇ ਤਾਂ ਬਹੁਤ ਥਾਵਾਂ ’ਤੇ ਅਜਿਹੇ ਸਕੂਲ ਜਿੱਥੇ ਬੱਚਿਆਂ ਨੂੰ ਸਿਰਫ਼ ਸਕੂਲ ’ਚ ਬੈਠਣ ਲਈ ਤਿਆਰ ਕਰਨ ਦੇ ਮਕਸਦ ਨਾਲ ਤਿਆਰ ਕੀਤਾ ਜਾਂਦਾ ਹੈ। ਉੱਥੇ ਸਿਰਫ਼ ਇਕ ਜਾਂ ਦੋ ਹੁੰਦੇ ਜਾਂ ਇਸ ਤੋਂ ਵਧ ਕਮਰੇ ਤਿਆਰ ਕਰਕੇ ਹੀ ਇਕ ਤਰ੍ਹਾਂ ਦਾ ਪਲੇਅ ਵੇਅ ਸਕੂਲ ਬਣਾਇਆ ਜਾਂਦਾ ਹੈ। ਜਿੱਥੇ ਆਲਾ-ਦੁਆਲਾ ਬੰਦ ਹੁੰਦਾ ਹੈ। ਅਜਿਹੀ ਥਾਂ ਉੱਪਰ ਆ ਕੇ ਬੱਚਾ ਆਪਣੇ ਆਪ ਲਈ ਘੁਟਣ ਮਹਿਸੂਸ ਕਰਦਾ ਹੈ ਕਿਉਂਕਿ ਇੱਥੋਂ ਦਾ ਵਾਤਾਵਰਨ ਉਸ ਦੇ ਪਸੰਦ ਨਹੀਂ ਆਉਂਦਾ ਜਿਸ ਕਰਕੇ ਹਰੇਕ ਬੱਚਾ ਇੱਥੇ ਆਉਣ ਤੋਂ ਡਰਦਾ ਤੇ ਘਬਰਾਉਂਦਾ ਹੈ। ਅਜਿਹੇ ਮਾਹੌਲ ਵਿਚ ਰਹਿਣਾ ਬੱਚੇ ਲਈ ਬਹੁਤ ਔਖਾ ਹੁੰਦਾ ਹੈ। ਉਸ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਰੁਕਾਵਟ ਆਉਣੀ ਸੁਭਾਵਿਕ ਹੈ ਕਿਉਂਕਿ ਉਸ ਨੂੰ ਖੇਡਣ ਕੁੱਦਣ ਤੋਂ ਵਰਜਿਆ ਜਾਂਦਾ ਹੈ। ਹਰੇਕ ਬੱਚਾ ਜਦੋਂ ਖੇਡਦਾ, ਕੁੱਦਦਾ ਹੈ ਤਾਂ ਉਸ ਨੂੰ ਦੇਖ ਦੇ ਇਹ ਲੱਗਦਾ ਹੈ ਕਿ ਜਿਵੇਂ ਉਸ ਨੂੰ ਸਾਰੇ ਜਹਾਨ ਦੀਆਂ ਖ਼ੁਸ਼ੀਆਂ ਪ੍ਰਾਪਤ ਹੋ ਗਈਆਂ ਹੋਣ। ਜੇਕਰ ਸੀਮਤ ਜਿਹੀ ਜਗ੍ਹਾ ’ਤੇ ਬੱਚੇ ਨੂੰ ਰੱਖਿਆ ਜਾਂਦਾ ਹੈ ਤਾਂ ਉਹ ਅਜਿਹਾ ਮਹਿਸੂਸ ਕਰਦਾ ਹੈ ਜਿਵੇਂ ਕੋਈ ਚੰਗਾ ਭਲਾ ਇਨਸਾਨ ਜੇਲ੍ਹ ਵਿਚ ਕੈਦ ਕੱਟ ਰਿਹਾ ਹੋਵੇ ਕਿਉਂਕਿ ਬੱਚੇ ਨੂੰ ਇਕ ਤਰ੍ਹਾਂ ਦਾ ਮਾਨਸਿਕ ਤਣਾਅ ਮਹਿਸੂਸ ਹੋਣ ਲੱਗ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਦੇਖਿਆ ਜਾਵੇ ਬੱਚਿਆਂ ਨੂੰ ਇਹ ਕਿਹਾ ਜਾਵੇ ਕਿ ‘ਚਲੋ ਪਾਰਕ ਆਦਿ ’ਚ ਚੱਲ ਕੇ ਆਈਏ’ ਤਾਂ ਉਹ ਬੜੀ ਖ਼ੁਸ਼ੀ ਅਤੇ ਉਤਸਾਹ ਨਾਲ ਤਿਆਰ ਹੋਣਗੇ ਕਿਉਂਕਿ ਉੱਥੇ ਉਨ੍ਹਾਂ ਨੂੰ ਖੇਡਣ ਅਤੇ ਝੂਲਿਆਂ ਵਿਚ ਝੂਟੇ ਲੈਣ, ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਿਚ ਜਾਣ ਦਾ ਮੌਕਾ ਮਿਲਣਾ ਹੁੰਦਾ ਹੈ। ਇਸੇ ਕਰਕੇ ਉਸ ਦੀ ਰੁਚੀ ਇਸ ਪਾਸੇ ਵੱਲ ਵਧੇਰੇ ਹੁੰਦੀ ਹੈ ਕਿਉਂਕਿ ਬੱਚਿਆਂ ਦਾ ਕੁਦਰਤ ਨਾਲ ਬੜਾ ਗੂੜ੍ਹਾ ਰਿਸ਼ਤੇ ਹੁੰਦਾ ਹੈ। ਉਹ ਹਮੇਸ਼ਾ ਹੀ ਪਾਰਕ ਵਰਗੇ ਵਾਤਾਵਰਨ ਵਿਚ ਜਾਣ ਲਈ ਤਿਆਰ ਰਹਿੰਦੇ ਹਨ। ਜੇਕਰ ਅਜਿਹਾ ਮਾਹੌਲ ਬੱਚੇ ਨੂੰ ਆਪਣੇ ਸਕੂਲ ਅੰਦਰ ਵੀ ਮਿਲੇ ਤਾਂ ਉਹ ਕਦੇ ਵੀ ਸਕੂਲ ਜਾਣ ਤੋਂ ਨਾ ਘਬਰਾਏਗਾ ਤੇ ਤਣਾਅ ਨਾ ਮਹਿਸੂਸ ਕਰੇਗਾ।

ਬੱਚੇ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਰੱਖਿਆ ਜਾਵੇਗਾ ਤਾਂ ਉਸ ਵਿਚ ਨਿੱਡਰ ਅਤੇ ਚੰਗੀ ਲੀਡਰਸ਼ਿਪ ਵਾਲੇ ਗੁਣ ਪੈਦਾ ਹੋਣਗੇ ਨਹੀਂ ਤਾਂ ਉਹ ਜਦੋਂ ਅੱਗੇ ਪੜ੍ਹਾਈ ਲਈ ਸਕੂਲ ਵਿਚ ਜਾਵੇਗਾ ਤਾਂ ਇੱਥੇ ਉਹ ਘਬਰਾਹਟ ਮਹਿਸੂਸ ਕਰਦਾ ਹੋਇਆ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰੇਗਾ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਅਜਿਹੇ ਮਾਹੌਲ ਵਿੱਚੋਂ ਆਏ ਬੱਚੇ ਬਿਮਾਰ ਵੀ ਰਹਿਣ ਲੱਗ ਜਾਂਦੇ ਹਨ। ਬੱਚੇ ਸਕੂਲ ਜਾਣ ਤੋਂ ਡਰਦੇ ਘਰ ਰਹਿਣ ਲਈ ਹਰ ਰੋਜ਼ ਕੋਈ ਨਾ ਕੋਈ ਬਹਾਨਾ ਲਗਾਉਂਦੇ ਹਨ ਤਾਂ ਕਿ ਸਕੂਲ ਜਾਣ ਤੋਂ ਬਚਿਆ ਜਾ ਸਕੇ।

ਇਸ ਲਈ ਬੱਚਿਆਂ ਦੀ ਮਾਸੂਮੀਅਤ ਦਾ ਅਤੇ ਉਸ ਦੇ ਭਵਿੱਖ ਦਾ ਧਿਆਨ ਰੱਖਦੇ ਹੋਏ ਅਜਿਹੇ ਸਕੂਲ ਚੁਣੇ ਜਾਣ ਜਿੱਥੇ ਉਨ੍ਹਾਂ ਦੀ ਨੀਹ ਚੰਗੀ ਤਰੀਕੇ ਨਾਲ ਸਥਾਪਤ ਹੋਵੇ। ਇਹ ਦੇਖਣਾ ਵੀ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਬੱਚੇ ਨੂੰ ਭੇਜ ਰਹੇ ਹਾਂ ਉੱਥੇ ਉਹ ਜਾਣਾ ਪਸੰਦ ਕਰਦਾ ਹੈ ਜਾਂ ਨਹੀਂ। ਖੁੱਲ੍ਹੇ ਵਾਤਾਵਰਨ ਅਤੇ ਵਧੀਆ ਖੇਡਾਂ ਲਈ ਪ੍ਰਬੰਧ ਕੀਤੇ ਹੋਣੇ ਚਾਹੀਦੇ ਹਨ ਤਾਂ ਬੱਚਿਆਂ ਅੰਦਰਲਾ ਡਰ/ਭੈਅ ਖ਼ਤਮ ਕੀਤਾ ਜਾ ਸਕੇ ਅਤੇ ਉਹ ਬੱਚਿਆਂ ਲਈ ਖਿੱਚ ਦਾ ਕੇਂਦਰ ਬਣਨ ਤਾਂ ਕਿ ਬੱਚੇ ਆਪਣੇ ਆਪ ਖ਼ੁਸ਼ੀ-ਖ਼ੁਸ਼ੀ ਸਕੂਲ ਜਾਣ ਤੇ ਆਪਣੀ ਜ਼ਿੰਦਗੀ ਵਿਚ ਤਰੱਕੀਆਂ ਕਰਨ।

ਮੋਬਾਈਲ : 97810-48055

### ਮਕਸਦ

*ਕਈ ਵਾਰ ਦੇਖਣ ’ਚ ਆਉਂਦਾ ਹੈ ਕਿ ਤੰਗ ਜਿਹੀ ਜਗ੍ਹਾ ’ਤੇ ਖੁੱਲ੍ਹੇ ਸਕੂਲਾਂ ’ਚ ਜਦੋਂ ਬੱਚੇ ਆਉਂਦੇ ਹਨ ਤਾਂ ਉੱਥੇ ਉਨ੍ਹਾਂ ਨੂੰ ਇਕ ਥਾਂ ’ਤੇ ਬਿਠਾਉਣ ਦੇ ਮਕਸਦ ਨਾਲ ਟੀਵੀ ਜਾਂ ਹੋਰ ਵੀਡਿਓ ਗੇਮਾਂ ਚਲਾ ਕੇ ਜਾਂ ਫਿਰ ਕੁਝ ਛੋਟੇ-ਛੋਟੇ ਖਿਡੌਣੇ ਦੇ ਕੇ ਇਕ ਜਗ੍ਹਾ ਉੱਪਰ ਜਾਂ ਕਮਰੇ ਵਿਚ ਰੱਖਣ ਨੂੰ ਪਹਿਲ ਦਿੱਤੀ ਜਾਂਦੀ ਹੈ। ਜੋ ਇਕ ਛੋਟੇ ਬੱਚੇ ਲਈ ਬੇਹੱਦ ਖ਼ਤਰਨਾਕ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਦੇ ਦਿਮਾਗ਼ ਦਾ ਦਾਇਰਾ ਸੀਮਤ ਜਿਹਾ ਹੋ ਕੇ ਰਹਿ ਜਾਂਦਾ ਹੈ ਜਿਸ ਦਾ ਉਸ ਦੇ ਮਾਨਸਿਕ ਵਿਕਾਸ ’ਤੇ ਗਹਿਰਾ ਪ੍ਰਭਾਵ ਪੈਂਦਾ ਹੈ।*



# ਮਨਫ਼ੀ ਹੋ ਰਿਹਾ ਰਿਸ਼ਤਿਆਂ ਵਿਚਲਾ ਨਿੱਘ



ਡਾ. ਵਰਿੰਦਰਜੀਤ ਕੌਰ
98722-54081

ਕੋਈ ਵੇਲਾ ਹੁੰਦਾ ਸੀ, ਜਦੋਂ ਆਪਣਿਆਂ ਅਤੇ ਪਰਾਇਆਂ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ ਸੀ। ਲੋਕ ਪੜ੍ਹੇ-ਲਿਖੇ ਘੱਟ ਪਰ ਨੇਕ ਹੁੰਦੇ ਸਨ। ਮਨੁੱਖੀ ਕਦਰਾਂ-ਕੀਮਤਾਂ ਦੀ ਉਨ੍ਹਾਂ ਨੂੰ ਜਾਚ ਸੀ। ਉਨ੍ਹਾਂ ਵੇਲਿਆਂ ’ਚ ਕੋਈ ਹੇਰ-ਫੇਰ ਨਹੀਂ ਸੀ ਅਤੇ ਮਨੁੱਖ ਦੂਜਿਆਂ ਦੇ ਨੇੜੇ ਹੋਣਾ ਆਪਣਾ ਹੱਕ ਸਮਝਦਾ ਸੀ। ਕਿਸੇ ਦੇ ਵੀ ਬੂਹੇ ’ਤੇ ਵੇਲੇ-ਕੁਵੇਲੇ ਦਸਤਕ ਦੇਣ ਲੱਗਿਆਂ ਸੋਚਣਾ ਨਹੀਂ ਸੀ ਪੈਂਦਾ। ਲੋਕ ਰੱਬ ਉੱਪਰ ਭਰੋਸਾ ਕਰਦੇ ਸਨ, ਪੈਸੇ ਦੀ ਬਜਾਏ ਰਿਸ਼ਤੇ ਕਮਾਉਣ ਵਿਚ ਯਕੀਨ ਰੱਖਦੇ ਸਨ। ਇਸੇ ਕਾਰਨ ਉਨ੍ਹਾਂ ਵੇਲਿਆਂ ’ਚ ਪਰਿਵਾਰਾਂ ਵਿਚ ਬਰਕਤਾਂ ਹੁੰਦੀਆਂ ਸਨ।

ਪਰ ਅਜੋਕੇ ਯੁੱਗ ਵਿਚ ਸਾਡੇ ਰਿਸ਼ਤਿਆਂ ਦੀ ਨੁਹਾਰ ਬਦਲ ਗਈ ਹੈ। ਅੱਜ ਰਿਸ਼ਤੇ ਹੰਢਣਸਾਰ ਨਹੀਂ ਰਹੇ, ਕਿਉਂਕਿ ਰਿਸ਼ਤੇ ਹੰਢਾਉਣ ਦਾ ਸਾਡੇ ਕੋਲ ਸਮਾਂ ਨਹੀਂ ਰਿਹਾ। ਸਾਦੇ ਅਤੇ ਸਧਾਰਨ ਲੋਕਾਂ ਦੀ ਸਾਡੀ ਜ਼ਿੰਦਗੀ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਰਹੀ। ਰਿਸ਼ਤਿਆਂ ’ਚੋਂ ਪਿਆਰ ਅਤੇ ਸਤਿਕਾਰ ਦੀ ਜਗ੍ਹਾ ਸ਼ਿਕਵੇ, ਸ਼ਿਕਾਇਤਾਂ ਤੇ ਨਫ਼ਰਤ ਲੈ ਰਹੇ ਹਨ। ਸਾਡੀ ਸੋਚ ਛੋਟੀ ਹੋ ਗਈ ਹੈ ਅਤੇ ਇਸ ਛੋਟੀ ਸੋਚ ਕਰਕੇ ਹੀ ਵੱਡੇ-ਵੱਡੇ ਰਿਸ਼ਤੇ ਕਮਜ਼ੋਰ ਹੋ ਰਹੇ ਹਨ। ਮਨੁੱਖ ਰਿਸ਼ਤੇ ਕਮਾਉਣ ਦੀ ਬਜਾਏ ਪੈਸਾ ਕਮਾਉਣ ਵਿਚ ਲੱਗਿਆ ਹੋਇਆ ਹੈ। ਇਸ ਪੈਸੇ ਦੀ ਦੌੜ ਵਿਚ ਹਉਮੈ ਉਸ ਦੇ ਕਿਰਦਾਰ ਉੱਪਰ ਹਾਵੀ ਹੁੰਦੀ ਜਾ ਰਹੀ ਹੈ। ਵੱਡੇ-ਵੱਡੇ ਮਕਾਨਾਂ ਵਿਚ ਰਹਿਣ ਵਾਲੇ ਲੋਕਾਂ ਲਈ ਘਰਾਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਡਿਗਰੀਆਂ ਹਾਸਿਲ ਕਰ ਕੇ ਅਸੀਂ ਨੈਤਿਕ ਕਦਰਾਂ-ਕੀਮਤਾਂ ਭੁਲਦੇ ਜਾ ਰਹੇ ਹਾਂ। ਸੋਚਣ ਵਾਲੀ ਗੱਲ ਹੈ ਕਿ ਅੱਜ ਕਿੰਨੇ ਕੁ ਲੋਕ ਅਜਿਹੇ ਹਨ, ਜਿਨ੍ਹਾਂ ਨਾਲ ਅਸੀਂ ਬਿਨਾਂ ਸੰਕੋਚ ਗੱਲਬਾਤ ਕਰ ਸਕਦੇ ਹਾਂ, ਜਾਂ ਜਿਨ੍ਹਾਂ ਦੇ ਘਰਾਂ ਵਿਚ ਅਸੀਂ ਬਿਨਾਂ ਦੱਸਿਆ ਵੇਲੇ-ਕੁਵੇਲੇ ਜਾ ਸਕਦੇ ਹਾਂ। ਅੱਜ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਮਨੁੱਖ ਆਪਣੇ-ਆਪ ਨੂੰ ਖ਼ੁਸ਼ ਤੇ ਰੱਜਿਆ ਹੋਇਆ ਮਹਿਸੂਸ ਕਿਉਂ ਨਹੀਂ ਕਰ ਰਿਹਾ? ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਕਿਉਂ ਹੁੰਦੀਆਂ ਜਾ ਰਹੀਆਂ ਹਨ? ਅੱਜ ਦਾ ਮਨੁੱਖ ਰਿਸ਼ਤਿਆਂ ਦਾ ਨਿੱਘ ਕਿਉਂ ਨਹੀਂ ਮਾਣ ਰਿਹਾ?

ਰਿਸ਼ਤੇ ਮੂਲ ਰੂਪ ਵਿਚ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਹੜੇ ਸਾਨੂੰ ਪਰਮਾਤਮਾ ਵੱਲੋਂ ਵਰਦਾਨ ਦੇ ਰੂਪ ’ਚ ਮਿਲਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਅਸੀਂ ਚਾਹ ਕੇ ਵੀ ਬਦਲ ਨਹੀਂ ਸਕਦੇ। ਜਿਵੇਂ ਸਾਡਾ ਆਪਣੇ ਮਾਂ-ਬਾਪ, ਭੈਣ-ਭਰਾਵਾਂ ਅਤੇ ਬੱਚਿਆਂ ਨਾਲ ਰਿਸ਼ਤਾ। ਇਨ੍ਹਾਂ ਰਿਸ਼ਤਿਆਂ ਨੂੰ ਮਿਲਾ ਕੇ ਸਾਡਾ ਪਰਿਵਾਰ ਬਣਦਾ ਹੈ। ਪਰਿਵਾਰ, ਜੋ ਹਰ ਦੁੱਖ-ਸੁੱਖ ਵਿਚ ਸਾਡੇ ਨਾਲ ਰਹਿੰਦਾ ਹੈ ਅਤੇ ਜਿੱਥੇ ਅਸੀਂ ਸਮਝੌਤੇ ਕਰਨ ਅਤੇ ਦੂਜਿਆਂ ਦਾ ਧਿਆਨ ਰੱਖਣ ਦਾ ਪਹਿਲਾ ਤੇ ਪੱਕਾ ਸਬਕ ਸਿੱਖਦੇ ਹਾਂ। ਪਰਿਵਾਰ ਸਿਰਫ਼ ਇਕ ਮਹਿਸੂਸ ਕਰਨ ਵਾਲਾ ਸੰਕਲਪ ਹੈ। ਸੋ ਪਰਿਵਾਰਕ ਰਿਸ਼ਤਿਆਂ ਲਈ ਸਾਨੂੰ ਆਪਣੇ-ਆਪ ਨਾਲ ਜਾਂ ਰੱਬ ਨਾਲ ਕੋਈ ਗਿਲ਼ਾ-ਸ਼ਿਕਵਾ ਨਹੀਂ ਹੋਣਾ ਚਾਹੀਦਾ। ਜੇਕਰ ਅਸੀਂ ਅਜਿਹਾ ਕਰਦੇ ਹਾਂ ਤਾਂ ਅਸੀਂ ਕੁਦਰਤ ਦੇ ਉਲਟ ਹੋਣ ਦਾ ਸਬੂਤ ਦੇ ਰਹੇ ਹਾਂ। ਜਿੰਨਾ ਜ਼ਿਆਦਾ ਅਸੀਂ ਕੁਦਰਤ ਦੇ ਉਲਟ ਜਾਵਾਂਗੇ, ਉਨ੍ਹਾਂ ਹੀ ਅਸੀਂ ਪਰਮਾਤਮਾ ਤੋਂ ਦੂਰ ਹੁੰਦੇ ਜਾਵਾਂਗੇ। ਇਸ ਦੇ ਉਲਟ ਦੂਜੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਸਿਰਜਣਾ ਕਿਸੇ ਹੱਦ ਤਕ ਸਾਡੇ ਆਪਣੇ ਹੱਥ ਵਿਚ ਹੁੰਦਾ ਹੈ। ਜਿਵੇਂ ਦੋਸਤ ਬਣਾਉਣਾ ਅਤੇ ਆਪਣਾ ਜੀਵਨ ਸਾਥੀ ਚੁਣਨਾ ਸਾਡੇ ਆਪਣੇ ਉੱਪਰ ਨਿਰਭਰ ਕਰਦਾ ਹੈ। ਚੰਗੇ ਦੋਸਤ ਅਤੇ ਚੰਗਾ ਜੀਵਨ ਸਾਥੀ ਸਾਡੀ ਜ਼ਿੰਦਗੀ ’ਚ ਰਸ ਘੋਲ਼ ਦਿੰਦੇ ਹਨ। ਇਨ੍ਹਾਂ ਦੇ ਹੋਣ ਦਾ ਅਹਿਸਾਸ ਸਾਨੂੰ ਅੰਦਰੂਨੀ ਤਲੱਖਸ ਬਖ਼ਸ਼ਦਾ ਹੈ। ਦੋਵਾਂ ਤਰ੍ਹਾਂ ਦੇ ਰਿਸ਼ਤੇ ਪਿਆਰ, ਮੋਹ, ਸਹਿਜ ਅਤੇ ਸਹਿਯੋਗ ਨਾਲ ਬਣਦੇ ਹਨ। ਜਿੰਨੀ ਜ਼ਿਆਦਾ ਇਨ੍ਹਾਂ ਰਿਸ਼ਤਿਆਂ ਵਿਚ ਸਹਿਜਤਾ ਹੋਵੇਗੀ ਓਨੀ ਹੀ ਇਨ੍ਹਾਂ ਰਿਸ਼ਤਿਆਂ ਦੀ ਉਮਰ ਲੰਬੀ ਤੇ ਮਾਣਯੋਗ ਹੋਵੇਗੀ। ਸੋ ਲੋੜ ਹੈ ਕਿ ਇਨ੍ਹਾਂ ਰਿਸ਼ਤਿਆਂ ਨੂੰ ਬਣਦਾ ਪਿਆਰ ਤੇ ਸਤਿਕਾਰ ਦਿੱਤਾ ਜਾਵੇ ਅਤੇ ਆਪਣੇ ਵੱਲੋਂ ਪੂਰੀ ਇਮਾਨਦਾਰੀ ਨਾਲ ਨਿਭਾਇਆ ਜਾਵੇ।



ਇਹ ਜ਼ਿੰਦਗੀ ਸਾਨੂੰ ਪਰਮਾਤਮਾ ਵੱਲੋਂ ਦਿੱਤਾ ਗਿਆ ਅਨਮੋਲ ਤੋਹਫ਼ਾ ਹੈ। ਇਸ ਤੋਹਫ਼ੇ ਵਿਚ ਸਾਨੂੰ ਚੰਗੇ-ਮਾੜੇ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ। ਪਰ ਅਫ਼ਸੋਸ, ਅਸੀਂ ਸਾਰੀ ਉਮਰ ਜ਼ਿੰਦਗੀ ਨਾਲ ਲੜਦੇ ਰਹਿੰਦੇ ਹਾਂ, ਪਰਮਾਤਮਾ ਨਾਲ ਗਿਲ਼ੇ-ਸ਼ਿਕਵੇ ਕਰਦੇ ਹਾਂ, ਪੈਸੇ ਪਿੱਛੇ ਭੱਜਦੇ ਹਾਂ ਅਤੇ ਕਈ ਵਾਰ ਕੁਝ ਗ਼ਲਤਫਹਿਮੀਆਂ ਅਤੇ ਆਪਣੀ ਹਉਮੈ ਕਰਕੇ ਬੇਸ਼ੁਮਾਰ ਕੀਮਤੀ ਰਿਸ਼ਤੇ ਵੀ ਤੋੜ ਦਿੰਦੇ ਹਾਂ। ਆਖ਼ਿਰ ਇਹ ਸਭ ਕੁਝ ਅਸੀਂ ਕਿਸ ਵਾਸਤੇ ਕਰ ਰਹੇ ਹਾਂ? ਕੀ ਸਾਡੀ ਜ਼ਿੰਦਗੀ ਦਾ ਮਕਸਦ ਐਨਾ ਛੋਟਾ ਰਹਿ ਗਿਆ ਹੈ? ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਅਤੇ ਰਿਸ਼ਤਿਆਂ ਨੂੰ ਸਲੀਕੇ ਨਾਲ ਨਿਭਾਉਣ ਲਈ ਸਾਨੂੰ ਕੁਝ ਛੋਟੀਆਂ ਪਰ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਜਿਵੇਂ ਸਭ ਤੋਂ ਪਹਿਲਾਂ ਪਰਮਾਤਮਾ ਉੱਪਰ ਭਰੋਸਾ ਕਰਨਾ ਪਵੇਗਾ। ਮੰਨਣਾ ਪਵੇਗਾ ਕਿ ਜਿਸ ਪਰਮਾਤਮਾ ਨੇ ਇਸ ਦੁਨੀਆ ਵਿਚ ਭੇਜਿਆ ਹੈ ਉਸ ਨੂੰ ਸਾਡਾ ਫ਼ਿਕਰ ਹੈ। ਦੂਜਾ, ਸਾਨੂੰ ਆਪਣੇ ਅੰਦਰ ਦੂਜਿਆਂ ਨੂੰ ਮਾਫ਼ ਕਰਨ ਦੀ ਭਾਵਨਾ ਅਤੇ ਹਿੰਮਤ ਜਗਾਉਣੀ ਪਵੇਗੀ। ਤੀਜਾ, ਉਨ੍ਹਾਂ ਰਿਸ਼ਤਿਆਂ ਅਤੇ ਸਥਿਤੀਆਂ ’ਚੋਂ ਖ਼ੁਸ਼ੀ ਲੱਭਣੀ ਪਵੇਗੀ ਜੋ ਸਾਡੇ ਕੋਲ ਹਨ।

ਸਮੇਂ ਦੀ ਮੰਗ ਹੈ ਕਿ ਅਸੀਂ ਖ਼ੁਦ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣੀਏ ਕਿਉਂਕਿ ਜਿਸ ਸਮਾਜ ਵਿਚ ਮਾਪੇ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹੋਣਗੇ, ਉਸ ਸਮਾਜ ਦੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਲੈਕਚਰ ਸੁਣਨ ਦੀ ਜ਼ਰੂਰਤ ਨਹੀਂ ਪਵੇਗੀ। ਆਪਣੇ-ਆਪ ਨੂੰ ਝੂਠ, ਬੇਇਮਾਨੀ, ਦਿਖਾਵੇ, ਸ਼ਿਕਾਇਤਾਂ ਅਤੇ ਨਫ਼ਰਤ ਤੋਂ ਦੂਰ ਰੱਖ ਕੇ ਸੱਚ, ਇਮਾਨਦਾਰੀ, ਸਬਰ ਅਤੇ ਖ਼ਿਮਾ ਦਾ ਪੱਲਾ ਫੜੀਏ। ਨੇਕ ਬੰਦਿਆਂ ਦੀ ਸੰਗਤ ਕਰੀਏ । ਬੱਚਿਆਂ ਦੀਆਂ ਵਸਤਾਂ ਪ੍ਰਤੀ ਖ਼ਾਹਿਸ਼ਾਂ ਘਟਾ ਕੇ ਉਨ੍ਹਾਂ ’ਚ ਉਸਾਰੂ ਕਦਰਾਂ-ਕੀਮਤਾਂ ਉਪਜਾਈਏ। ਬੱਚਿਆਂ ਲਈ ਪੈਸਾ ਜੋੜਨ ਦੀ ਬਜਾਏ ਉਨ੍ਹਾਂ ਨੂੰ ਐਨੇ ਲਾਇਕ ਤੇ ਕਾਬਿਲ ਬਣਾਈਏ ਕਿ ਉਹ ਆਪਣੀਆਂ ਜ਼ਰੂਰਤਾਂ ਆਪ ਪੂਰੀਆਂ ਕਰ ਸਕਣ। ਪੈਸਾ ਕਮਾਉਣ ਦੀ ਬਜਾਏ ਨੇਕ, ਸੁਚੇਤ ਤੇ ਸ਼ਕਤੀਸ਼ਾਲੀ ਰਿਸ਼ਤੇ ਸਿਰਜੀਏ ਤੇ ਬੱਚਿਆਂ ਨੂੰ ਵੀ ਰਿਸ਼ਤਿਆਂ ਦੀ ਅਹਿਮੀਅਤ ਸਮਝਾਈਏ। ਜਿੱਥੇ ਰਿਸ਼ਤੇ ਪਿਆਰ ਅਤੇ ਅਪਣੱਤ ਵਾਲੇ ਹੋਣਗੇ, ਉੱਥੇ ਦੁੱਖ ਸੁੱਖਾਂ ਵਿਚ ਬਦਲ ਜਾਣਗੇ ਅਤੇ ਉੱਥੇ ਸਾਡਾ ਰਿਸ਼ਤਾ ਪਰਮਾਤਮਾ ਨਾਲ ਵੀ ਸੁਖਾਵਾਂ ਹੋਵੇਗਾ। ਇਨ੍ਹਾਂ ਨਿੱਕੇ-ਨਿੱਕੇ ਯਤਨਾਂ ਸਦਕਾ ਅਸੀਂ ਇਕ ਚੰਗੇ ਅਤੇ ਉਸਾਰੂ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਦੇ ਸਕਦੇ ਹਾਂ।

# ਕੁਦਰਤ ਦੀ ਅਨਮੁੱਲੀ ਦਾਤ ਗੁੜ

ਸਤਨਾਮ ਸਿੰਘ ਮੱਟੂ



ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ (ਵੇਲਣਿਆਂ) ਨੂੰ ਦੇਖ ਕੇ ਇਹ ਗੀਤ ਜ਼ਰੂਰ ਯਾਦ ਆ ਜਾਂਦਾ ਹੈ ਜੋ ਸ਼ਾਇਦ ਇਸ ਤਰ੍ਹਾਂ ਸੀ :

ਚਿੱਤ ਕਰਦਾ ਘਲਾੜੀ ਵਾਲਾ ਹਾਣੀਆ
ਵੇ ਤੱਤਾ ਤੱਤਾ ਗੁੜ ਖਾਣ ਨੂੰ...

ਇਹ ਗੀਤ ਨੂੰ ਸੁਣਦਿਆਂ ਹੀ ਮੂੰਹ ਵਿਚ ਪਾਣੀ ਆ ਜਾਂਦਾ ਹੈ। ਜੇ ਕਿਤੇ ਚੱਕ ਵਿਚ ਤੱਤਾ ਤੱਤਾ ਗੁੜ ਸਾਹਮਣੇ ਪਿਆ ਦੇਖ ਕੇ ਖਾਣ ਨੂੰ ਦਿਲ ਲਲਚਾ ਜਾਂਦਾ ਹੈ। ਲੱਖ ਰੋਕਾਂ ਵੀ ਪੰਜਾਬੀਆਂ ਨੂੰ ਮਿੱਠਾ ਖਾਣ ਤੋਂ ਨਹੀਂ ਰੋਕ ਸਕਦੀਆਂ, ਪਰ ਜਦੋਂ ਮਿੱਠਾ ਗੁੜ ਹੋਵੇ ਅਤੇ ਉਹ ਵੀ ਗਰਮ ਗਰਮ ਫਿਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਗੁੜ ਪੰਜਾਬੀ ਸੱਭਿਆਚਾਰ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਹੈ। ਇਹ ਸਾਨੂੰ ਕੁਦਰਤ ਦੀ ਬਖਸ਼ੀ ਨਿਆਮਤ ਹੈ। ਚੀਨੀ ਕਲਚਰ ਤੋਂ ਪਹਿਲਾਂ ਪਿੰਡਾਂ ਵਿਚ ਮਿੱਠੇ ਵਜੋਂ ਗੁੜ ਜਾਂ ਸ਼ੱਕਰ ਦੀ ਸਰਦਾਰੀ ਸੀ। ਗੁੜ ਦੀ ਚਾਹ, ਗੁੜ ਦੇ ਚੌਲ, ਗੁੜ ਜਾਂ ਗੰਨੇ ਦੇ ਰਸ ਦੀ ਖੀਰ ਆਮ ਘਰਾਂ ਵਿਚ ਬਣਾ ਕੇ ਬੜੇ ਚਾਵਾਂ ਮਲਾਰਾਂ ਨਾਲ ਖਾਏ ਜਾਂਦੇ ਸਨ। ਗੁੜ ਜਾਂ ਸ਼ੱਕਰ ਨਾਲ ਬਣੀ ਚਾਹ ਨੂੰ ਕੱਚੇ ਮਿੱਠੇ ਦੀ ਚਾਹ ਕਿਹਾ ਜਾਂਦਾ ਸੀ ਅਤੇ ਚੀਨੀ ਜਾਂ ਖੰਡ ਨੂੰ ਪੱਕਾ ਮਿੱਠਾ। ਘਰ ਆਏ ਪ੍ਰਾਹੁਣੇ ਨੂੰ ਸਤਿਕਾਰ ਵਜੋਂ ਪੱਕੇ ਮਿੱਠੇ ਦੀ ਚਾਹ ਦਿੱਤੀ ਜਾਂਦੀ ਸੀ। ਜਿਵੇਂ ਹੀ ਸਮੇਂ ਨੇ ਕਰਵੱਟ ਲਈ ਤਾਂ ਲੋਕਾਂ ’ਚ ਚੀਨੀ ਦਾ ਚਾਹ ਦਾ ਰਿਵਾਜ ਪ੍ਰਫੁੱਲਤ ਹੋ ਗਿਆ। ਪੰਜਾਬੀ ਦੇਸੀ ਲੋਕਾਂ ਨੇ ਗੁੜ ਬਣਾਉਣਾ ਬੰਦ ਕਰ ਦਿੱਤਾ ਤੇ ਗੰਨਾ ਖੰਡ ਮਿੱਲਾਂ ਵੱਲ ਜਾਣ ਲੱਗ ਪਿਆ ਪਰ ਮਿੱਠੇ ਚੋਂ ਗੁੜ ਦੀ ਸਰਦਾਰੀ ਕਾਇਮ ਰਹੀ। ਬੇਸ਼ੱਕ ਲੋਕਲ ਗੁੜ ਬਣਾਉਣ ਦੇ ਕਾਰੀਗਰ ਘੱਟ ਗਏ ਪਰ ਯੂਪੀ ਬਿਹਾਰ ਤੋਂ ਆ ਕੇ ਕਾਰੀਗਰ ਇਸ ਕੰਮ ਵਿਚ ਜੁਟ ਗਏ ਅਤੇ ਗੁੜ , ਸ਼ੱਕਰ ਮੁੜ ਤੋਂ ਪੰਜਾਬੀਆਂ ਦੇ ਘਰਾਂ ਦਾ ਸ਼ਿੰਗਾਰ ਬਣਨ ਲੱਗ ਗਿਆ ਹੈ। ਲੋਕਾਂ ਦਾ ਚੀਨੀ ਵੱਲੋਂ ਰੁਝਾਨ ਘਟ ਕੇ ਗੁੜ ਸ਼ੱਕਰ ਵੱਲ ਹੋ ਗਿਆ ਹੈ।

ਅੱਜ ਤੁਹਾਡੇ ਨਾਲ ਗੁੜ ਬਣਾਉਣ ਦੀ ਪ੍ਰਕਿਰਿਆ ਸਾਂਝੀ ਕਰਨ ਲੱਗਾ ਹਾਂ। ਸਖ਼ਤ ਮੁਸ਼ੱਕਤ ਤੋਂ ਬਾਅਦ ਜੀਅ ਲਲਚਾਉਣ ਵਾਲਾ ਤੱਤਾ ਤੱਤਾ ਗੁੜ ਸਾਡੇ ਤਕ ਪਹੁੰਚਦਾ ਹੈ। ਦੁਸਹਿਰੇ ਤੋਂ ਬਾਅਦ ਗੰਨੇ ਵਿਚ ਪੂਰਾ ਰਸ ਭਰ ਜਾਂਦਾ ਹੈ। ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਘਲਾੜੀਆਂ ਦੀ ਰਿਪੇਅਰ ਕਰਕੇ ਗੁੜ ਬਣਾਉਣ ਦਾ ਕਾਰਜ ਅਰੰਭ ਕਰ ਦਿੱਤਾ ਜਾਂਦਾ ਹੈ। ਲਹਿਲਹਾਉਂਦੇ ਕਮਾਦ ਦੇ ਖੇਤ ਚੋਂ ਗੰਨੇ ਨੂੰ ਖਪਰੇ ਨਾਮੀ ਸੰਦ ਨਾਲ ਜੜ੍ਹ ਤੋਂ ਵੱਢ ਲਿਆ ਜਾਂਦਾ ਹੈ। ਪਿੰਡਾਂ ਦੇ ਬੇਜ਼ਮੀਨੇ ਲੋਕ ਇਨ੍ਹਾਂ ਕੱਟੇ ਹੋਏ ਗੰਨਿਆਂ ਤੋਂ ਦਾਤੀਆਂ ਨਾਲ ਸੁੱਕੇ ਪੱਤ ਛਿੱਲ ਕੇ ਅਤੇ ਉੱਪਰੋਂ ਕੱਚਾ ਗੰਨਾ ਅਤੇ ਹਰੇ ਪੱਤੇ ਵੱਢ ਕੇ ਢੇਰ ਲਗਾ ਦਿੰਦੇ ਹਨ। ਇਸ ਸੁੱਕੇ ਪੱਤਿਆਂ ਨੂੰ ਆਮ ਬੋਲੀ ’ਚ ਖੋਰੀ ਕਿਹਾ ਜਾਂਦਾ ਹੈ ਅਤੇ ਹਰੇ ਪੱਤਿਆਂ ਨੂੰ ਆਗ। ਉਨ੍ਹਾਂ ਵੱਢੇ ਅਤੇ ਸੰਵਾਰੇ 20-20, 25-25 ਗੰਨਿਆਂ ਨੂੰ ਬੰਨ੍ਹ ਲਿਆ ਜਾਂਦਾ ਹੈ। ਜਿਸ ਨੂੰ ਭਰੇ ਕਿਹਾ ਜਾਂਦਾ ਹੈ।

ਛਿੱਲੇ ਗੰਨਿਆਂ ਦੇ ਵੱਢੇ ਪੱਤਿਆਂ ਭਾਵ ਆਗਾਂ ਨੂੰ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਮਿਠਾਸ ਹੋਣ ਕਾਰਨ ਪਸ਼ੂ ਇਸ ਦੇ ਟੋਕੇ ਨੂੰ ਬਹੁਤ ਚਾਅ ਨਾਲ ਖਾਂਦੇ ਹਨ। ਗੰਨਿਆਂ ਦੇ ਬੰਨ੍ਹੇ ਪੂਲੇ ਜਾਂ ਭਰਿਆਂ ਨੂੰ ਗੱਡੇ ਜਾਂ ਟਰੈਕਟਰ-ਟਰਾਲੀ ’ਤੇ ਲੱਦ ਕੇ ਘਲਾੜੀ ਤਕ ਢੋਇਆ ਜਾਂਦਾ ਹੈ। ਕਈ ਜਗ੍ਹਾ ਘਲਾੜੀ ਨੂੰ ਵੇਲਣਾ ਵੀ ਕਹਿੰਦੇ ਹਨ।

ਇਸ ਤੋਂ ਬਾਅਦ ਗੰਨਿਆਂ ਨੂੰ ਇਕੱਲਾ ਇਕੱਲਾ ਕਰ ਕੇ ਘਲਾੜੀ ਵਿਚ ਪੀੜਿਆ ਜਾਂ ਨਪੀੜਿਆ ਜਾਂਦਾ ਹੈ। ਇਸ ਵਿੱਚੋਂ ਨਿੱਕਲੇ ਤਰਲ ਪਦਾਰਥ ਨੂੰ ਰਸ ਜਾਂ ਰਹੁ ਕਿਹਾ ਜਾਂਦਾ ਹੈ ਅਤੇ ਰਸ ਕੱਢਣ ਤੋਂ ਬਾਅਦ ਬਚੇ ਸਖ਼ਤ ਪਦਾਰਥ ਨੂੰ ਪੱਛੀ ਕਹਿੰਦੇ ਹਨ। ਇਸ ਨੂੰ ਸੁਕਾ ਕੇ ਗੁੜ ਪਕਾਉਣ ਲਈ ਬਾਲਣ ਵਜੋਂ ਵਰਤ ਲਿਆ ਜਾਂਦਾ ਹੈ। ਰਸ ਨੂੰ ਪੀਣ ਦਾ ਆਪਣਾ ਵੱਖਰਾ ਹੀ ਸਵਾਦ ਹੈ। ਅੱਜ ਕੱਲ੍ਹ ਗੰਨੇ ਦਾ ਰਸ ਬਾਜ਼ਾਰਾਂ ਵਿਚ ਵੀ ਰੇਹੜੀਆਂ ਤੇ ਆਮ ਵਿਕਦਾ ਹੈ। ਇਸ ਨੂੰ ਹੋਰ ਸਵਾਦ ਬਣਾਉਣ ਲਈ ਇਸ ਵਿਚ ਪੁਦੀਨਾ, ਅਦਰਕ, ਨਿੰਬੂ, ਕਾਲਾ ਨਮਕ ਪਾਇਆ ਜਾਂਦਾ ਹੈ, ਜੋ ਸਿਹਤ ਲਈ ਅਨਮੁੱਲੀ ਦਾਤ ਹੈ।

ਗੰਨੇ ਦੇ ਰਸ ਤੋਂ ਬਹੁਤ ਹੀ ਮਜ਼ੇਦਾਰ ਖੀਰ ਬਣਾਈ ਜਾ ਸਕਦੀ ਹੈ, ਜਿਸ ਦੇ ਸਵਾਦ ਦਾ ਮੁਕਾਬਲਾ ਹੋਰ ਦੁੱਧ ਤੋਂ ਬਣੀ ਖੀਰ ਵੀ ਨਹੀਂ ਕਰ ਸਕਦੀ। ਗੰਨੇ ’ਚੋਂ ਕੱਢੇ ਰਸ ਨੂੰ ਗੁੜ ਬਣਾਉਣ ਲਈ ਕੜਾਹੇ ਵਿਚ ਪਾ ਕੇ ਭੱਠੀ ਉੱਪਰ ਲੋੜ ਮੁਤਾਬਿਕ ਗਰਮ ਕੀਤਾ ਜਾਂਦਾ ਹੈ। ਇਸ ਗਰਮ ਰਸ ਨੂੰ ਲਾਹਣ ਕਿਹਾ ਜਾਂਦਾ ਹੈ। ਰਸ ਨੂੰ ਉਸ ਸਮੇਂ ਤਕ ਮੱਠੇ ਮੱਠੇ ਸੇਕ ਤੇ ਗਰਮ ਕੀਤਾ ਜਾਂਦਾ ਹੈ, ਜਦੋਂ ਤਕ ਉਹ ਕੜ੍ਹਕੇ ਲਾਲ ਜਾਂ ਭੂਰੇ ਰੰਗ ਵਿਚ ਨਾ ਬਦਲ ਕੇ ਗਰੀਸ ਵਰਗਾ ਸੰਘਣਾ ਨਾ ਹੋ ਜਾਵੇ। ਗਰਮ ਕਰਦੇ ਸਮੇਂ ਲਾਹਣ ਉੱਪਰੋਂ ਮੈਲ ਉਤਾਰਦੇ ਰਹਿਣਾ ਪੈਂਦਾ ਹੈ ਤਾਂ ਕਿ ਗੁੜ ਦਾ ਰੰਗ ਗੂੜ੍ਹੇ ਦੀ ਬਜਾਇ ਹਲਕਾ ਭੂਰਾ ਹੋ ਜਾਵੇ। ਇਸ ਤਿਆਰ ਹੋਏ ਗੁੜ ਨੂੰ ਲੱਕੜ ਦੇ ਚੱਕ ਵਿਚ ਪਾ ਕੇ ਠੰਡਾ ਕੀਤਾ ਜਾਂਦਾ ਹੈ ਅਤੇ ਲੋੜ ਮੁਤਾਬਿਕ ਵੱਡੀਆਂ ਜਾਂ ਛੋਟੀਆਂ ਭੇਲੀਆਂ ਬਣਾਈਆਂ ਜਾਂਦੀਆਂ ਹਨ। ਬੱਸ ਇਸ ਸਮੇਂ ਗਰਮ ਗਰਮ ਗੁੜ ਖਾਣ ਦਾ ਮਜ਼ਾ ਹੀ ਅਲੱਗ ਹੈ। ਆਲੂ, ਗਾਜਰ ਜਾਂ ਸ਼ੱਕਰਗੰਦੀ ਨੂੰ ਉੱਬਲਦੇ ਲਾਹਣ ਸੁੱਟ ਕੇ ਅਤੇ ਪਕਾ ਕੇ ਖਾਣ ਦਾ ਅਲੱਗ ਹੀ ਆਨੰਦ ਹੈ।

ਇਕ ਵਾਰ ਦੇ ਲਾਹਣ ਵਿੱਚੋਂ 25 ਤੋਂ 30 ਕਿਲੋ ਗੁੜ ਬਣਦਾ ਹੈ। ਜੇਕਰ ਸ਼ੱਕਰ ਬਣਾਉਣੀ ਹੋਵੇ ਤਾਂ ਲਾਹਣ ਨੂੰ ਗੁੜ ਨਾਲੋਂ ਜ਼ਿਆਦਾ ਦੇਰ ਤਕ ਪਕਾਉਣਾ ਪੈਂਦਾ ਹੈ। ਪਰ ਕਈ ਲੋਕ ਇਸ ਨੂੰ ਵਪਾਰਕ ਨਜ਼ਰੀਏ ਤੋਂ ਬਣਾਉਣ ਲਈ ਇਸ ਵਿਚ ਰਸਾਇਣਕ ਪਦਾਰਥ ਪਾ ਕੇ ਇਸ ਦੇ ਰੰਗ ਅਤੇ ਸਵਾਦ ਨੂੰ ਵਧੀਆ ਕਰਨ ਲਈ, ਇਨਸਾਨੀਅਤ ਦਾ ਘਾਣ ਕਰਦੇ ਹਨ।

ਅੱਜ ਕੱਲ੍ਹ ਵੀ ਲੋਕਾਂ ਵਿਚ ਸ਼ੱਕਰ ਜਾਂ ਗੁੜ ਦੀ ਚਾਹ ਪੀਣ ਦਾ ਰੁਝਾਨ ਕਾਫ਼ੀ ਵਧ ਗਿਆ ਹੈ। ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ ’ਤੇ ਲੋਕ ਸ਼ੱਕਰ, ਗੁੜ ਖ਼ਰੀਦ ਦੇ ਆਮ ਦੇਖੇ ਜਾ ਸਕਦੇ ਹਨ। ਚੀਨੀ ਦੀ ਚਾਹ ਹੁਣ ਚੰਗੀ ਨਹੀਂ ਲੱਗਦੀ ਕਹਿ ਕੇ ਜਾਂ ਸ਼ੂਗਰ ਦੇ ਰੋਗੀ ਸ਼ੱਕਰ, ਗੁੜ ਦੀ ਚਾਹ ਨੂੰ ਤਰਜੀਹ ਦੇਣ ਲੱਗ ਪਏ ਹਨ। ਚਾਹੇ ਕੁੱਝ ਵੀ ਹੋਵੇ ਤੱਤੇ ਤੱਤੇ ਗੁੜ ਦਾ ਮੁਕਾਬਲਾ ਦੁਨੀਆ ਦੀ ਕੋਈ ਵੀ ਮਠਿਆਈ ਨਹੀਂ ਕਰ ਸਕਦੀ। ਜਿਸ ਨੇ ਵੀ ਤੱਤੇ ਤੱਤੇ ਗੁੜ ਦਾ ਸੁਆਦ ਚੱਖ ਲਿਆ ਉਹ ਇਸ ਜਨਮ ’ਚ ਤਾਂ ਇਸ ਦੇ ਸੁਆਦ ਨੂੰ ਨਹੀਂ ਭੁੱਲ ਸਕਦਾ।

ਮੋਬਾਈਲ : 97797-08257

### ਸ਼ੱਕਰ ਜਾਂ ਗੁੜ

*ਰੋਟੀ ਤੋਂ ਪਿੱਛੋਂ ਸ਼ੱਕਰ ਜਾਂ ਗੁੜ ਖਾਣ ਦਾ ਅਲੱਗ ਹੀ ਮਜ਼ਾ ਹੈ। ਵੈਦ ਹਕੀਮ ਤੇ ਡਾਕਟਰ ਵੀ ਰੋਟੀ ਪਿੱਛੋਂ ਗੁੜ ਖਾਣ ਦੀ ਸਲਾਹ ਦਿੰਦੇ ਹਨ, ਗੁੜ ਖਾਣ ਨਾਲ ਸ਼ੂਗਰ ਹੋਣ ਦੀ ਸੰਭਾਵਨਾ ਨਹੀਂ ਕਿਉਂਕਿ ਗੁੜ ਬਣਾਉਣ ਲਈ ਕਿਸੇ ਰਸਾਇਣਕ ਪਦਾਰਥ ਦੀ ਵਰਤੋਂ ਨਹੀਂ ਹੁੰਦੀ, ਜਦਕਿ ਚੀਨੀ ਬਣਾਉਣ ਲਈ ਸਲਫਰ ਰਸਾਇਣਕ ਪਦਾਰਥ ਵਰਤਿਆ ਜਾਂਦਾ ਹੈ। ਕਈ ਵਾਰ ਲੋਕ ਵਿਸ਼ੇਸ਼ ਤੌਰ ’ਤੇ ਖਾਣ ਲਈ ਗੁੜ ਦੀ ਟਿੱਕੀ ਬਣਵਾ ਲੈਂਦੇ ਹਨ, ਆਪਣੀ ਹੈਸੀਅਤ ਤੇ ਲੋੜ ਅਨੁਸਾਰ ਇਸ ’ਚ ਕਾਜੂ, ਬਦਾਮ, ਦਾਖਾਂ ਆਦਿ ਸੁੱਕੇ ਮੇਵੇ ਪਾ ਕੇ ਹੋਰ ਸਵਾਦਲਾ ਬਣਾ ਲੈਂਦੇ ਹਨ।*



# ਕਿਵੇਂ ਕਰੀਏ ਵਾਲਾਂ ਲਈ ਮੁਲਤਾਨੀ ਮਿੱਟੀ ਦੀ ਵਰਤੋਂ

ਮੁਲਤਾਨੀ ਮਿੱਟੀ ਇਕ ਤਰ੍ਹਾਂ ਦੀ ਮਿੱਟੀ ਹੁੰਦੀ ਹੈ ਜਿਸ ਦੀ ਵਰਤੋਂ ਔਰਤਾਂ ਵਾਲਾਂ ਨੂੰ ਧੋਣ ਅਤੇ ਫੇਸ ਪੈਕ



ਲਗਾਉਣ ਆਦਿ ਲਈ ਕਰਦੀਆਂ ਹਨ। ਮੁਲਤਾਨੀ ਮਿੱਟੀ ’ਚ ਇੰਨੀ ਜ਼ਿਆਦਾ ਸ਼ਕਤੀ ਹੁੰਦੀ ਹੈ ਕਿ ਉਹ ਬਿਨ੍ਹਾਂ ਨੁਕਸਾਨ ਪਹੁਚਾਏ ਸਕਿਨ ਅਤੇ ਵਾਲਾਂ ਨੂੰ ਖ਼ੂਬਸੂਰਤ ਬਣਾ ਸਕਦੀ ਹੈ। ਮੁਲਤਾਨੀ ਮਿੱਟੀ ਦੀ ਵਰਤੋਂ ਕਈ ਸਦੀਆਂ ਤੋਂ ਕੀਤੀ ਜਾ ਰਹੀ ਹੈ। ਮੁਲਤਾਨੀ ਮਿੱਟੀ ਖ਼ੂਬਸੂਰਤੀ ਦਾ ਖਜ਼ਾਨਾ ਹੁੰਦੀ ਹੈ। ਇਹ ਇਕ ਕੁਦਰਤੀ ਕੰਡੀਸ਼ਨਰ ਵੀ ਹੈ। ਮੁਲਤਾਨੀ ਮਿੱਟੀ ਵਾਲਾਂ ਲਈ ਬਹੁਤ ਵਧੀਆ ਮੰਨੀ ਜਾਂਦੀ ਹੈ। ਇਸ ਨੂੰ ਵਾਲਾਂ ’ਤੇ ਲਗਾਉਣ ਨਾਲ ਵਾਲਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਇਸ ਦੀ ਲਗਾਤਾਰ ਵਰਤੋਂ ਕਰਨ ਨਾਲ ਵਾਲ ਖ਼ੂਬਸੂਰਤ ਅਤੇ ਚਮਕਦਾਰ ਹੁੰਦੇ ਹਨ। ਆਓ ਜਾਣਦੇ ਹਾਂ ਮੁਲਤਾਨੀ ਮਿੱਟੀ ਦੇ ਕੁਝ ਵਧੀਆ ਨੁਸਖੇ ਜੋਂ ਸਿਰਫ ਵਾਲਾਂ ਲਈ ਵਰਤੇ ਜਾਂਦੇ ਹਨ।1) ਦੋ-ਮੂੰਹੇ ਵਾਲ :- ਆਪਣੇ ਵਾਲਾਂ ’ਤੇ ਰਾਤ ਨੂੰ ਤੇਲ ਲਗਾਓ। ਸਵੇਰੇ ਮੁਲਤਾਨੀ ਮਿੱਟੀ ’ਚ ਦਹੀਂ ਮਿਲਾ ਕੇ ਇਕ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਵਾਲਾਂ ਦੀਆਂ ਜੜ੍ਹਾਂ ਤੋਂ ਲੈ ਕੇ ਵਾਲਾਂ ਦੇ ਅਖੀਰ ਤੱਕ ਲਗਾਓ। ਜਦੋਂ ਮੁਲਤਾਨੀ ਮਿੱਟੀ ਸੁੱਕ ਜਾਵੇ ਤਾਂ ਵਾਲਾਂ ਨੂੰ ਠੰਡੇ ਪਾਣੀ ਨਾਲ ਧੋ ਲਵੋ। ਇਸ ਹੇਅਰ ਪੈਕ ਨੂੰ ਹਫਤੇ ’ਚ ਇਕ ਵਾਰੀ ਜ਼ਰੂਰ ਲਗਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਦੋ-ਮੂੰਹੇ ਵਾਲ ਠੀਕ ਹੁੰਦੇ ਹਨ।

2) ਰੁੱਖੇ ਵਾਲ :- ਜੇਕਰ ਕਿਸੇ ਦੇ ਰੁੱਖੇ ਵਾਲ ਹਨ ਤਾਂ ਮੁਲਤਾਨੀ ਮਿੱਟੀ ’ਚ ਅੱਧਾ ਕੱਪ ਦਹੀਂ, ਅੱਧਾ ਕੱਪ ਨਿੰਬੂ ਅਤੇ 2 ਚਿਮਚੇ ਸ਼ਹਿਦ ਦੇ ਮਿਲਾ ਕੇ ਲਗਾ ਕੇ 20 ਮਿੰਟਾਂ ਤੱਕ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ਨਰਮ ਹੋ ਜਾਂਦੇ ਹਨ।

3) ਤੇਲੀਏ ਵਾਲ :- ਮੁਲਤਾਨੀ ਮਿੱਟੀ ਨੂੰ ਵਾਲਾਂ ’ਚ ਲਗਾਉਣ ਲਈ 4 ਘੰਟੇ ਪਹਿਲਾਂ ਪਾਣੀ ’ਚ ਭਿਓ ਕੇ ਰੱਖੋ। ਇਸ ਪੇਸਟ ਨੂੰ ਲਗਾਉਣ ਤੋਂ ਪਹਿਲਾਂ ਗੀਠਾ ਪਾਊਡਰ ਇਸ ’ਚ ਮਿਲਾਓ। ਫਿਰ ਇਸ ਪੇਸਟ ਨੂੰ 5-10 ਮਿੰਟਾਂ ਲਈ ਵਾਲਾਂ ’ਤੇ ਲਗਿਆ ਰਹਿਣ ਤੋਂ ਬਾਅਦ ਠੰਡੇ ਪਾਣੀ ਨਾਲ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ’ਚ ਤੇਲੀਏ ਵਾਲ ਠੀਕ ਹੁੰਦੇ ਹਨ।

4) ਸਿੱਧੇ ਵਾਲ :- ਜੇਕਰ ਤੁਹਾਨੂੰ ਵਾਲ ਕੁਦਰਤੀ ਰੂਪ ਨਾਲ ਸਿੱਧੇ ਕਰਨੇ ਹੋਣ ਤਾਂ ਇਕ ਕੱਪ ਮੁਲਤਾਨੀ ਮਿੱਟੀ ’ਚ 5 ਚਿਮਚੇ ਆਟਾ ਅਤੇ 1 ਅੰਡਾ ਫੈਂਟ ਕੇ ਮਿਲਾਓ। ਇਸ ਪੈਕ ਨੂੰ ਪੂਰੇ ਵਾਲਾਂ ’ਚ ਲਗਾਓ ਅਤੇ ਕੰਘੀ ਦੀ ਵਰਤੋਂ ਕਰਕੇ ਵਾਲਾਂ ਨੂੰ ਸਿੱਧਾ ਕਰੋ। ਜਦੋਂ ਪੈਕ ਚੰਗੀ ਤਰ੍ਹਾਂ ਸੁੱਕ ਜਾਵੇ ਤਾਂ ਬਾਅਦ ’ਚ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ਪੂਰੀ ਤਰ੍ਹਾਂ ਨਾਲ ਸਿੱਧੇ ਹੋ ਜਾਂਦੇ ਹਨ।

# ਸਰਦੀਆਂ ’ਚ ਉਪਯੋਗੀ ਹਨ ਟਮਾਟਰ

ਟਮਾਟਰ ਨੂੰ ਇਸ ਦੇ ਵਿਸ਼ੇਸ਼ ਗੁਣਾਂ ਕਾਰਨ ਸਰਦੀਆਂ ਦੇ ਮੌਸਮ ਦਾ ਉਪਯੋਗੀ ਫਲ ਮੰਨਿਆ ਜਾਂਦਾ ਹੈ। ਇਸ ਦੀ ਵਰਤੋਂ ਸਬਜ਼ੀ ਦੇ ਨਾਲ-ਨਾਲ ਫਲ ਦੇ ਰੂਪ ਵਿਚ ਵੀ ਬਰਾਬਰ ਹੁੰਦੀ ਹੈ। ਉਂਝ ਤਾਂ ਟਮਾਟਰ ਪੂਰਾ ਸਾਲ ਮਿਲਦੇ ਹਨ ਪਰ ਇਨ੍ਹਾਂ ਦੀ ਉਪਯੋਗਤਾ ਸਰਦੀਆਂ ਵਿਚ ਵਧ ਜਾਂਦੀ ਹੈ।



× ਭੋਜਨ ਵਿਚ ਟਮਾਟਰਾਂ ਦੇ ਜੂਸ, ਸੂਪ, ਸਲਾਦ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਪੱਕਿਆ ਹੋਇਆ ਲਾਲ ਟਮਾਟਰ ਭੋਜਨ ਪਚਾਉਣ ਵਾਲਾ, ਤਾਕਤ ਦੇਣ ਵਾਲਾ ਅਤੇ ਖ਼ੂਨ ਸਾਫ ਕਰਨ ਵਾਲਾ ਹੁੰਦਾ ਹੈ। ਇਸ ਵਿਚ ਵਿਟਾਮਿਨ ਏ, ਬੀ, ਸੀ ਤੇ ਲੋਹਾ ਭਰਪੂਰ ਮਾਤਰਾ ਵਿਚ ਹੁੰਦਾ ਹੈ।

× ਟਮਾਟਰ ਦੇ ਸੂਪ ਵਿਚ ਕਾਲੀ ਮਿਰਚ ਪਾ ਕੇ ਪੀਣ ਨਾਲ ਕਬਜ਼ ਦੂਰ ਹੁੰਦੀ ਹੈ। ਇਸ ਨਾਲ ਚਿਹਰੇ ’ਤੇ ਚਮਕ ਤੇ ਸਰੀਰ ਵਿਚ ਚੁਸਤੀ ਬਣੀ ਰਹਿੰਦੀ ਹੈ।

× ਇਸ ਦੀ ਵਰਤੋਂ ਨਾਲ ਸਰਦੀਆਂ ਦੇ ਮੌਸਮ ਵਿਚ ਹੋਣ ਵਾਲੀਆਂ ਚਮੜੀ ਸੰਬੰਧੀ ਸਮੱਸਿਆਵਾਂ ਜਿਵੇਂ ਕਿੱਲ, ਮੁਹਾਸੇ, ਛਾਈਆਂ, ਚਮੜੀ ਦਾ ਫਟਣਾ, ਖੁਜਲੀ ਆਦਿ ਨਹੀਂ ਹੁੰਦੀਆਂ।

× ਟਮਾਟਰਾਂ ਦਾ ਜੂਸ ਪੀਣ ਨਾਲ ਵਾਲ ਚਮਕਦਾਰ ਬਣਦੇ ਹਨ। ਇਸ ਦੇ ਟੁਕੜੇ ਗੱਲ੍ਹਾਂ ਤੇ ਅੱਖਾਂ ਹੇਠਾਂ ਰੱਖਣ ਨਾਲ ਛਾਈਆਂ ਤੇ ਅੱਖਾਂ ਦੇ ਕਾਲੇ ਘੇਰੇ ਦੂਰ ਹੁੰਦੇ ਹਨ।

ਸਾਵਧਾਨੀ

ਟਮਾਟਰਾਂ ਦੀ ਬਹੁਤ ਜ਼ਿਆਦਾ ਵਰਤੋਂ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪੱਥਰੀ ਦੇ ਰੋਗੀਆਂ ਨੂੰ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

# ਮਾਨਸਿਕ ਸਿਹਤ ਦੀ ਅਹਿਮੀਅਤ

ਮੁੱਢ-ਕਦੀਮ ਤੋਂ ਹੀ ਮਨੁੱਖ ਵਿਚਾਰਾਂ ਵਿੱਚ ਰਚਿਆ-ਵਸਿਆ ਜੀਵਨ ਗੁਜ਼ਾਰਦਾ ਆਇਆ ਹੈ। ਅਜੋਕੇ ਸੰਦਰਭ ਵਿੱਚ ਵੇਖੀਏ ਤਾਂ ਮਨੁੱਖ ਵਿੱਚ ਮਾਨਸਿਕ ਅਸੰਤੁਲਨ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਨਤੀਜੇ ਵਜੋਂ ਉਸ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਸਾਰਾ ਤਾਣਾ-ਬਾਣਾ ਕਈ ਮਾਨਸਿਕ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਬੇਸ਼ੱਕ ਆਧੁਨਿਕ ਦੌਰ ਵਿੱਚ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋ ਗਈ ਹੈ ਪਰ ਇਸ ਨਾਲ ਸਹਿਜਤਾ ਲੋਪ ਹੋ ਗਈ ਹੈ। ਅਸੀਂ ਅਕਸਰ ਮਨੁੱਖ ਦੀ ਸਰੀਰਕ ਅਤੇ ਸਮਾਜਿਕ ਸਿਹਤ ਬਾਰੇ ਵਿਚਾਰ-ਚਰਚਾ ਕਰਦੇ ਹਾਂ ਪਰ ਸਰੀਰ ਦੇ ਮੁਕਾਬਲੇ ਮਾਨਸਿਕ ਪੱਧਰ ਨੂੰ ਅਣਗੌਲਿਆਂ ਹੀ ਕਰਦੇ ਹਾਂ।



ਸੌਖੇ ਸ਼ਬਦਾਂ ’ਚ ਕਹੀਏ ਤਾਂ ਜਦੋਂ ਤੁਸੀਂ ਕੋਈ ਕਾਰਜ ਬਿਨਾਂ ਕਿਸੇ ਦਬਾਅ ਅਤੇ ਮਾਨਸਿਕ ਸੰਤੁਲਨ ਨਾਲ ਪੂਰੀ ਸਹਿਜਤਾ ਨਾਲ ਕਰਦੇ ਹੋ ਤਾਂ ਤੁਸੀਂ ਮਾਨਸਿਕ ਪੱਧਰ ਉੱਤੇ ਤੰਦਰੁਸਤ ਹੁੰਦੇ ਹੋ। ਕਈ ਵਾਰ ਵਿਅਕਤੀ ਸਾਰਾ-ਸਾਰਾ ਦਿਨ ਇਕੱਲਤਾ ਨੂੰ ਹੀ ਜਿਉਂਦੇ ਹਨ ਅਤੇ ਕਿਸੇ ਨਾਲ ਮਿਲਣਾ-ਜੁਲਣਾ ਵੀ ਪਸੰਦ ਨਹੀਂ ਕਰਦੇ। ਇਸ ਤੋਂ ਬਿਨਾਂ ਉਨ੍ਹਾਂ ਅੰਦਰ ਵਿਚਾਰ ਲਗਾਤਾਰ ਉਛਾਲੇ ਮਾਰਦੇ ਰਹਿੰਦੇ ਹਨ। ਇਹ ਸਭ ਲੱਛਣ ਡਿਪਰੈਸ਼ਨ ਜਾਂ ਉਦਾਸੀ ਰੋਗ ਦੇ ਸੂਚਕ ਹੋ ਸਕਦੇ ਹਨ। ਵੱਡੇ ਸ਼ਹਿਰਾਂ, ਜਿੱਥੇ ਇਨਸਾਨ ਕੋਲ ਆਪਣੀ ਗੱਲ ਕਹਿਣ ਤਕ ਦਾ ਸਮਾਂ ਨਹੀਂ ਹੈ, ਇਹ ਮਾਨਸਿਕ ਰੋਗ ਵਧੇਰੇ ਪੈਦਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਅੱਜ ਸਾਡੀ ਜੀਵਨ ਸ਼ੈਲੀ ਵਿੱਚ ਕਈ ਬਦਲਾਅ ਲਿਆਉਣ ਦੀ ਲੋੜ ਹੈ। ਕੁਦਰਤ ਨਾਲ ਨਜ਼ਦੀਕੀ ਬਣਾਉਣ ਅਤੇ ਅਗਾਂਹਵਧੂ ਸੋਚ ਦੇ ਧਾਰਨੀ ਬਣਨ ਨਾਲ ਅਸੀਂ ਸਹਿਜੇ ਹੀ ਮਾਨਸਿਕ ਤਣਾਅ ਦੂਰ ਕਰ ਸਕਦੇ ਹਾਂ। ਕਿਤਾਬਾਂ ਵੀ ਸਾਨੂੰ ਉਸਾਰੂ ਜੀਵਨ ਜਾਚ ਦੇਣ ਲਈ ਸਮਰੱਥ ਹਨ। ਸਾਨੂੰ ਕਦੇ ਵੀ ਖਾਲੀ ਨਹੀਂ ਰਹਿਣਾ ਚਾਹੀਦਾ ਸਗੋਂ ਕਿਰਤੀ ਬਣਨ ਦਾ ਯਤਨ ਕਰਨਾ ਚਾਹੀਦਾ ਹੈ। ਸਾਨੂੰ ਕਰਮ ਨੂੰ ਸਿਰਮੌਰ ਸਮਝਣਾ ਚਾਹੀਦਾ ਹੈ। ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸੰਗੀਤ ਮਨੁੱਖ ਦੇ ਮਾਨਸਿਕ ਤਣਾਅ ਨੂੰ ਦੂਰ ਕਰਨ ਦਾ ਕਾਰਗਰ ਸਾਧਨ ਹੈ। ਕੁਝ ਸਮਾਂ ਪਹਿਲਾਂ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਖੋਜ ਮੁਤਾਬਿਕ ਰਾਗ ਮਨੁੱਖੀ ਸਰੀਰ ਅੰਦਰ ‘ਫੀਲ ਗੁੱਡ ਹਾਰਮੋਨਜ਼’ ਦਾ ਸੰਚਾਰ ਕਰਦੇ ਹਨ। ਸੰਗੀਤ ਦੀਆਂ ਤਰੰਗਾਂ ਮਾਨਸਿਕ ਅਸਹਿਜਤਾ ਹੱਲ ਕਰਨ ਵਿੱਚ ਸਮਰੱਥ ਹਨ। ਸਵੇਰ ਦੀ ਸੈਰ ਤੰਦਰੁਸਤ ਮਾਨਸਿਕ ਸਿਹਤ ਦਾ ਰਾਜ਼ ਹੈ। ਸਰੀਰਕ, ਮਾਨਸਿਕ ਅਤੇ ਸਮਾਜਿਕ ਪੱਧਰ ’ਤੇ ਤੰਦਰੁਸਤ ਰਹਿਣ ਨਾਲ ਹੀ ਸੰਤੁਲਿਤ ਸਮਾਜ ਸਿਰਜਿਆ ਜਾ ਸਕਦਾ ਹੈ।

– ਮਨਿੰਦਰ ਸਿੰਘ ਸੈਣੀ

# ਇੰਨਰ ਵ੍ਹੀਲ ਕਲੱਬ ਨੇ ਸਾਂਝੀ ਰਸੋਈ 'ਚ ਪਾਇਆ 5100 ਰੁਪਏ ਦਾ ਯੋਗਦਾਨ




**ਹੁਸ਼ਿਆਰਪੁਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਇੰਨਰ ਵ੍ਹੀਲ ਕਲੱਬ ਹੁਸ਼ਿਆਰਪੁਰ ਦੁਆਰਾ 5100 ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ ਦਿੱਤੀ ਗਈ ਹੈ।

ਇਸ ਮੌਕੇ ਇੰਨਰ ਵ੍ਹੀਲ ਕਲੱਬ ਹੁਸ਼ਿਆਰਪੁਰ ਵੱਲੋਂ ਨੇਹਾ ਸਚਦੇਵਾ ਪ੍ਰਧਾਨ, ਲੈਂਪੀ ਆਹਲੂਵਾਲੀਆ ਸੱਕਤਰ, ਟੀਮਾਟਿਨੀ ਆਹਲੂਵਾਲੀਆ ਜ਼ਿਲ੍ਹਾ ਖ਼ਜ਼ਾਨਚੀ ਤੋਂ ਇਲਾਵਾ ਮੈਂਬਰ ਸਨੇਹ ਜੈਨ, ਸਧੂ ਸੂਦ, ਕੁਸਮ ਮਹੇਸ਼ਵਰੀ, ਨੀਰੂ ਮਹੇਸ਼ਵਰੀ, ਵੀਨਾ ਮਲਹੋਤਰਾ, ਅਨੀਦਾ ਸੂਦ ਅਤੇ ਰੈੱਡ ਕਰਾਸ ਮੈਂਬਰ ਰਾਜੀਵ ਬਜਾਜ , ਰਾਕੇਸ਼ ਕਪਿਲਾ ਅਤੇ ਜੁਆਇੰਟ ਸਕੱਤਰ ਆਦਿੱਤਿਆ ਰਾਣਾ ਵੀ ਮੌਜੂਦ ਸਨ।

ਇਸ ਮੌਕੇ ਮੰਗੇਸ਼ ਸੂਦ ਵੱਲੋਂ ਇਹ ਵੀ ਦੱਸਿਆ ਗਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ।

ਜਿਨ੍ਹਾਂ ਵੱਲੋਂ ਜਿੱਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ਼-ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਦਸਮ ਪਾਤਸ਼ਾਹ ਪਰਿਵਾਰ ਦੀ ਕੁਰਬਾਨੀ ਰਾਸ਼ਟਰ ਹਿੱਤ ਦੀ ਕੁਰਬਾਨੀ ਲਈ ਪ੍ਰੇਰਣਾਦਾਈ : ਮੁੱਖ ਮੰਤਰੀ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਕੁਰਬਾਨੀ ਨਾਲ ਜੁੜੀ ਕਹਾਣੀ ਜਿੰਨ੍ਹੀ ਵਾਰ ਪੜਾਂਗੇ, ਸੁਣਾਂਗੇ ਅਤੇ ਜਾਣਾਂਗੇ ਉਨ੍ਹੀ ਵਾਰ ਹੀ ਰਾਸ਼ਟਰ ਹਿੱਤ ਵਿੱਚ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਪ੍ਰੇਰਿਤ ਹੋਵਾਂਗੇ।

ਮੁੱਖ ਮੰਤਰੀ ਸ਼ੁਕਰਵਾਰ ਨੂੰ ਸਿਰਸਾ ਵਿੱਚ ਆਯੋਜਿਤ ਰਾਜ ਪੱਧਰੀ ਵੀਰ ਬਾਲ ਦਿਵਸ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ।

ਰਾਜ ਦੇ 3450 ਸਕੂਲਾਂ ਦੇ 6 ਲੱਖ ਵਿਦਿਆਰਥੀਆਂ ਨੇ ਹਿੰਦੀ, ਪੰਜਾਬੀ, ਅੰਗ੍ਰੇਜ਼ੀ ਤੇ ਸੰਸਕ੍ਰਿਤ ਵਿਸ਼ਿਆਂ 'ਤੇ ਆਯੋਜਿਤ ਲੇਖ ਮੁਕਾਬਲੇ ਵਿੱਚ ਹਿੱਸਾ ਲਿਆ। ਇੰਨ੍ਹਾਂ ਵਿੱਚ ਹਿੰਦੀ ਵਿੱਚ ਜੀਂਦ ਦੀ ਪ੍ਰਿਯੰਕਾ, ਪੰਜਾਬੀ ਵਿੱਚ ਕੈਥਲ ਦੀ ਚਰਣਜੀਤ ਕੌਰ, ਸੰਸਕ੍ਰਿਤ ਵਿੱਚ ਅੰਬਾਲਾ ਦੀ ਸਿਦਵੀ ਅਤੇ ਅੰਗ੍ਰੇਜ਼ੀ ਵਿੱਚ ਅੰਬਾਲਾ ਦੀ ਜਸਲੀਨ ਕੌਰ ਅਵੱਲ ਰਹੀ। ਮੁੱਖ ਮੰਤਰੀ ਨੇ ਇੰਨ੍ਹਾਂ ਵਿਦਿਆਰਥੀਆਂ ਨੂੰ 21-21 ਹਜਾਰ ਰੁਪਏ ਦੀ ਨਗਦ ਰਕਮ ਪ੍ਰਦਾਨ ਕਰ ਸਨਮਾਨਿਤ ਕੀਤਾ। ਇਸ ਤੋਂ ਇਲਾਵਾ, ਦੂਜੇ ਸਥਾਨ 'ਤੇ ਜੇਤੂਆਂ ਨੂੰ 11-11 ਹਜਾਰ ਰੁਪਏ ਅਤੇ ਤੀਜੇ ਸਥਾਨ ਦੇ ਜੇਤੂਆਂ ਨੂੰ 5100-5100 ਦੇ ਪੁਰਸਕਾਰ ਵੰਡੇ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਗੁਰੂ ਸਾਹਿਬਾਨ ਦੀ ਸਿਖਿਆਵਾਂ ਤੇ ਸਿਦਾਂਤਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਕਰ ਰਹੀ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਮੌਕੇ ਵਿੱਚ ਪੂਰੇ ਸੂਬੇ ਵਿੱਚ ਅਨੇਕ ਪ੍ਰੋਗਰਾਮ ਆਯੋਜਿਤ ਕੀਤੇ ਜਿਸ ਵਿੱਚ ਕੁਰਬਾਨੀ ਦੇ ਪ੍ਰਤੀ ਸ਼ਰਧਾ ਅਤੇ ਚੇਤਨਾ ਦਾ ਇੱਕ ਲਗਾਤਾਰ ਪ੍ਰਵਾਹ ਦੇਖਣ ਨੂੰ ਮਿਲਿਆ। ਉਨ੍ਹਾਂ ਦਾ ਤਿਆਗ ਇਹ ਸਿਖਾਉਂਦਾ ਹੈ ਕਿ ਅਨਿਆਂ ਕਿੰਨ੍ਹਾ ਵੀ ਬੇਰਹਿਮ ਕਿਉਂ ਨਾ ਹੋਵੇ, ਸਚਾਈ ਦੇ ਮਾਰਗ ਤੋਂ ਨਹੀਂ ਰੋਕ ਸਕਦਾ। ਉਨ੍ਹਾਂ ਦੀ ਕੁਰਬਾਨੀ ਭਾਰਤ ਦੇਸ਼ ਦੀ ਚੇਤਨਾ ਹੈ, ਜੋ ਯੁੱਗਾਂ-ਯੁੱਗਾਂ ਤੱਕ ਸਾਨੂੰ ਧਰਮ, ਹਿੰਮਤ ਅਤੇ ਆਤਮ-ਸਨਮਾਨ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੀਰ ਬਾਲ ਦਿਵਸ ਸਮਾਰੋਹ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਦੀ ਅਮਰ ਸ਼ਹਾਦਤ ਨੂੰ ਸਮਰਪਿਤ ਹੈ। ਸਿਰਸਾ ਦੀ ਇਸ ਇਤਿਹਾਸਕ ਧਰਤੀ 'ਤੇ ਸੱਭ ਦੇ ਵਿੱਚ ਆਕ ਕੇ ਉਨ੍ਹਾਂ ਦਾ ਦਿੱਲ ਸ਼ਰਧਾ ਅਤੇ ਮਾਣ ਨਾਲ ਭਰ ਉੱਠਿਆ ਹੈ। ਊਨ੍ਹਾਂ ਨੇ ਕਿਹਾ ਕਿ ਅੱਜ ਉਸ ਮਹਾਨ ਵਿਰਾਸਤ ਨੂੰ ਮਨਮ ਕਰ ਰਹੇ ਹਨ, ਜਿਸ ਨੇ ਭਾਰਤ ਦੀ ਅਸਮਿਤਾ ਨੂੰ ਬਚਾਇਆ। ਇਸ ਦੇ ਨਾਲ ਹੀ, ਮਨੁੱਖਤਾ ਨੂੰ ਧਰਮ ਅਤੇ ਸਚਾਈ ਲਈ ਸਰਵੋਚ ਬਲਿਦਾਨ ਕਰਨ ਦਾ ਮਾਰਗ ਵੀ ਦਿਖਾਇਆ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਤਿਹਾਸ ਵਿੱਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ, ਜਿੱਥੇ ਮਾਸੂਮ ਬੱਚਿਆਂ ਨੇ ਧਰਮ ਦੀ ਰੱਖਿਆ ਲਈ ਦੀਵਾਰਾਂ ਵਿੱਚ ਚਿੰਦਾ ਦਿਣਵਾਉਣਾ ਸਵੀਕਾਰ ਕਰ ਲਿਆ ਹੋਵੇ, ਪਰ ਝੁਕਣਾ ਸਵੀਕਾਰ ਨਹੀਂ ਕੀਤਾ ਹੋਵੇ। ਗੁਰੂ ਜੀ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੇ ਇੱਕ ਹਫਤੇ ਦੇ ਦੌਰਾਨ 20 ਤੋਂ 27 ਦਸੰਬਰ ਸਨ 1705 ਵਿੱਚ ਧਰਮ ਤੇ ਆਮ ਜਨਤਾ ਦੀ ਰੱਖਿਆ ਲਈ ਆਪਣੀ ਕੁਰਬਾਨੀ ਦਿੱਤੀ। ਇਹ ਹਫਤਾ ਇਤਿਹਾਸ ਦੇ ਪੰਨਿਆਂ 'ਤੇ ਸਦਾ ਦਰਜ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ 325 ਸਾਲ ਪਹਿਲਾਂ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਜਿਨ੍ਹਾਂ ਦੀ ਨਿਕੀਆਂ ਦੇਹਾਂ ਵਿੱਚ ਅਸੀਮ ਹਿੰਮਤ ਅਤੇ ਅੜਿੰਗ ਆਸਥਾ ਦਾ ਮਹਾਸਾਗਰ ਸਮਾਇਆ ਹੋਇਆ ਸੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਬਹਾਦਰੀ ਉਮਰ ਦੀ ਮੋਹਤਾਜ ਨਹੀਂ ਹੁੰਦੀ। ਮਾਤਾ ਗੁੱਜਰੀ ਜੀ ਨੇ ਜਿਸ ਤਰ੍ਹਾ ਜੇਲ੍ਹ ਦੀ ਠੰਢੇ ਬੁਰਜ ਵਿੱਚ ਰਹਿ ਕੇ ਵੀ ਆਪਣੇ ਪੋਤਿਆਂ ਨੂੰ ਧਰਮ 'ਤੇ ਅੜ੍ਹੇ ਰਹਿਣ ਦੀ ਸਿਖਿਆ ਦਿੱਤੀ, ਉਹ ਅੱਜ ਦੀ ਮਾਤਾਵਾਂ ਅਤੇ ਭੈਣਾਂ ਲਈ ਵੀ ਪ੍ਰੇਰਣਾਦਾਇਕ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਦੋਂ ਗੁਰੂ ਜੀ ਦਾ ਪੂਰਾ ਪਰਿਵਾਰ ਸ਼ਹਾਦਤ ਨੂੰ ਪ੍ਰਾਪਤ ਹੋ ਗਿਆ ਉਦੋਂ ਉਨ੍ਹਾਂ ਦੇ ਮੁੱਖ ਤੋਂ ਇਹ ਵਾਕ ਨਿਕਲੇ, ਸੂਰਾ ਸੌ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੇ ਕਬਹੂ ਨਾ ਛਾਡੈ ਖੇਤੁ। ਮਤਲਬ ਸ਼ੂਰਵੀਰ ਉਸ ਨੂੰ ਜਾਣਇਏ ਜੋ ਦੇਸ਼-ਧਰਮ ਲਈ ਲੜਨ ਅਤੇ ਲੜਾਈ ਵਿੱਚ ਅੰਗ-ਅੰਗ ਕੱਟ ਜਾਵੇ ਤਾਂ ਵੀ ਪਿੱਛੇ ਨਾ ਹਟਨ। ਉਨ੍ਹਾਂ ਨੇ ਕਿਹਾ ਕਿ ਵੀਰ ਸਾਹਿਬਜਾਦਿਆਂ ਦੀ ਸ਼ਹਾਦਤ ਸਦੀਆਂ ਤੱਕ ਨਵੀਂ ਪੀੜੀਆਂ ਨੂੰ ਦੇਸ਼ਭਗਤੀ ਦੀ ਪ੍ਰੇਰਣਾ ਦਿੰਦੀ ਰਹੇਗੀ। ਇਸੀ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਉਨ੍ਹਾਂ ਦੇ ਸ਼ਹੀਦੀ ਦਿਵਸ ਨੂੰ ਹਰ ਸਾਲ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਦੇਸ਼ ਤੇ ਧਰਮ ਲਈ ਕੁਰਬਾਨੀ ਦੇਣ ਦੀ ਦ੍ਰਿੜ ਭਾਵਨਾ ਵਿਰਾਸਤ ਵਿੱਚ ਮਿਲੀ ਸੀ। ਉਨ੍ਹਾਂ ਦੇ ਦਾਦਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਦੇਸ਼ ਤੇ ਧਰਮ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਸੀ। ਇਹ 350ਵਾਂ ਸ਼ਹੀਦੀ ਸਾਲ ਉਨ੍ਹਾਂ ਦੀ ਕੁਰਬਾਨੀ ਦਾ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ ਅਜਿਹੇ ਮਹਾਪੁਰਸ਼ ਸਨ ਜਿਨ੍ਹਾਂ ਨੇ ਧਰਮ ਨੂੰ ਸਿਰਫ ਪੂਜਾ-ਪਾਠ ਤੱਕ ਸੀਮਤ ਨਹੀਂ ਰੱਖਿਆ, ਸਗੋਂ ਉਸ ਨੂੰ ਅਧਿਕਾਰ ਅਤੇ ਆਜਾਦੀ ਦੇ ਨਾਲ ਵੀ ਜੋੜਿਆ। ਉਨ੍ਹਾਂ ਨੇ ਕਿਹਾ ਕਿ ਜੋਤੀਸਰ, ਕੁਰੂਕਸ਼ੇਤਰ ਵਿੱਚ 25 ਨਵੰਬਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਰਾਜ ਪੱਧਰੀ ਵਿਸ਼ਾਲ ਸਮਾਗਮ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਇੱਕ ਸਿੱਕੇ, ਇੱਕ ਡਾਕ ਟਿਕਟ ਅਤੇ ਕਾਫੀ ਟੇਬਲ ਬੁੱਕ ਦੀ ਘੁੰਡ ਚੁਕਾਈ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਯਮੁਨਾਨਗਰ ਜਿਲ੍ਹਾ ਦੇ ਕਾਲੇਸਰ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਵਨ ਲਗਾਉਣ ਦਾ ਫੈਸਲਾ ਕੀਤਾ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਦਰਵਾਜਾ ਵੀ ਬਣਾਇਆ ਗਿਆ ਹੈ। ਯਮੁਨਾਨਗਰ ਦੇ ਕਿਸ਼ਨਪੁਰਾ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਖੇਤੀਬਾੜੀ ਕਾਲਜ ਖੋਲਣ ਦਾ ਐਲਾਨ ਅਤੇ ਸਿਰਸਾ ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਨਾਮ ਦੀ ਚੇਅਰ ਸਥਾਪਿਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਸਿਰਸਾ ਸਥਿਤ ਗੁਰਦੁਆਰਾ ਸ਼੍ਰੀ ਚਿੱਲਾ ਸਾਹਿਬ ਨੂੰ 70 ਕਨਾਲ ਜਮੀਨ ਟ੍ਰਾਂਸਫਰ ਕੀਤੀ ਗਈ। ਸਾਲ 1984 ਦੇ ਦੰਗਿਆਂ ਵਿੱਚ ਜਿਲ੍ਹਾ ਸਿੱਖ ਪਰਿਵਾਰਾਂ ਨੇ ਆਪਣਿਆਂ ਨੂੰ ਗੁਆਇਆ, ਸੂਬੇ ਦੇ ਅਜਿਹੇ 121 ਪਰਿਵਾਰਾਂ ਦੇ ਇੱਕ -ਇੱਕ ਮੈਂਬਰ ਨੂੰ ਨਿਯੁਕਤੀ ਪੱਤਰ ਸੌਂਪੇ ਜਾ ਰਹੇ ਹਨ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼੍ਰੀ ਹਜੂਰ ਸਾਹਿਬ ਗੁਰਦੁਆਰਾ, ਸ੍ਰੀ ਨਨਕਾਨਾ ਸਾਹਿਬ, ਸ੍ਰੀ ਹੇਮਕੁੰਡ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਜਾਣ ਵਾਲੇ ਸੂਬੇ ਦੇ ਤੀਰਥ ਯਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਦੇ ਉਦੇਸ਼ ਨਾਲ ਗੋਲਡਨ ਜੈਯੰਤੀ ਗੁਰੂ ਦਰਸ਼ਨ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ।

# ਰਾਖੀਗੜ੍ਹੀ ਵਿੱਚ ਭਵਿੱਖ ਦੀ ਯੋਜਨਾਵਾਂ ਨੂੰ ਲੈ ਕੇ ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਦੀ ਅਗਵਾਈ ਹੇਠ ਮੀਟਿੰਗ ਆਯੋਜਿਤ



**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਖੀਗੜ੍ਹੀ ਮਿਊਜ਼ੀਅਮ ਵਿੱਚ ਪੁਰਾਣੀ ਸਭਿਆਤਾਵਾਂ ਦੇ ਜੀਵਨ ਦੇ ਤੌਰ-ਤਰੀਕਿਆਂ ਦਾ ਮਲਟੀਮੀਡੀਆ ਤਕਨੀਕ ਰਾਹੀਂ ਜਿੰਦਾ ਕੀਤਾ ਜਾਵੇਗਾ। ਜਿਸ ਨਾਲ ਸੈਲਾਨੀਆਂ ਨੂੰ ਇੱਕ ਅਨੋਖਾ ਤਜਰਬਾ ਮਿਲ ਸਕੇ। ਇਸ ਸਬੰਧ ਵਿੱਚ ਮਿਊਜ਼ੀਅਮ ਵਿੱਚ ਭਵਿੱਖ ਦੀ ਯੋਜਨਾਵਾਂ ਨੂੰ ਲੈ ਕੇ ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਦੀ ਅਗਵਾਈ ਹੇਠ ਇੱਕ ਮੀਟਿੰਗ ਆਯੋਜਿਤ ਕੀਤੀ ਗਈ।

ਉਨ੍ਹਾਂ ਨੇ ਕਿਹਾ ਕਿ ਰਾਖੀਗੜ੍ਹੀ ਨੂੰ ਵਿਸ਼ਵ ਪਟਲ 'ਤੇ ਲਿਆਉਣ ਦੀ ਦਿਸ਼ਾ ਵਿੱਚ ਕੇਂਦਰ ਤੇ ਹਰਿਆਣਾ ਸਰਕਾਰ ਨੇ ਵਿਆਪਕ ਪਰਿਯੋਜਨਾ ਤਿਆਰ ਕੀਤੀ ਹੈ। ਇਸ ਪਰਿਯੋਜਨਾ ਵਿੱਚ ਵਰਚੂਅਲ ਰਿਆਲਿਟੀ ਅਤੇ 3ਡੀ ਪ੍ਰੋਜੈਕਸ਼ਨ ਵਰਗੀ ਤਕਨੀਕਾਂ ਦੀ ਵਰਤੋ ਕੀਤੀ ਜਾਵੇਗੀ।

ਰਾਖੀਗੜ੍ਹੀ ਮਿਊਜ਼ੀਅਮ ਵਿੱਚ ਸਿੰਧੂ ਘਾਟੀ ਸਭਿਅਤਾ ਦੀ ਲਗਭਗ 5000 ਸਾਲ ਪੁਰਾਣੀ ਹੈਂਡ ਕ੍ਰਿਤੀਆਂ, ਜਿਵੇਂ ਮਿੱਟੀ ਦੇ ਭਾਂਡੇ, ਆਭੂਸ਼ਨ, ਓਜਾਰ, ਟੈਰਾਕੋਟਾ ਚੀਜਾਂ, ਸ਼ੰਖ ਅਤੇ ਤਾਂਬੇ ਦੇ ਔਜਾਰ , ਮੁਹਰਾਂ, ਮਨੁੱਖ ਕੰਕਾਲ ਅਤੇ ਰੋਜਾਨਾ ਜੀਵਨ ਦੀ ਚੀਜਾਂ ਸਥਾਪਿਤ ਕੀਤੀਆ ਜਾਣਗੀਆਂ, ਨਾਲ ਹੀ ਬੱਚਿਆਂ ਲਈ ਇੱਕ ਵਿਸ਼ੇਸ਼ ਕਿੱਡਸ ਜੋਨ, ਓਪਰ-ਏਅਰ ਥਇਏਟਰ, ਲਾਇਬ੍ਰੇਰੀ, ਕੈਫੇ, ਹੋਸਟਲ ਅਤੇ ਟੂਰਿਸਟ ਫਸਿਲੀਟੀਜ਼ ਵੀ ਬਣਾਏ ਜਾ ਰਹੇ ਹਨ ਤਾਂ ਜੋ ਇਸ ਨੂੰ ਵਿਸ਼ਵ ਪੱਧਰੀ ਸੈਰ-ਸਪਾਆ ਸਥਾਨ ਬਣਾਇਆ ਜਾ ਸਕੇ, ਜਿੱਥੇ ਇਤਿਹਾਸ ਨੂੰ ਮਨੋਰੰਜਕ ਢੰਗ ਨਾਲ ਦਿਖਾਇਆ ਜਾ ਸਕੇ।

ਹੜੱਪਾ ਸਭਿਅਤਾ ਦੇ ਇਤਿਹਾਸ ਦੀ ਝਲਕ ਦਿਖਾਉਣ ਲਈ ਫੋਟੋ ਲੈਬ ਅਤੇ ਬੱਚਿਆਂ ਨੂੰ ਖੇਡ-ਖੇਡ ਵਿੱਚ ਇਤਿਹਾਸ ਨਾਲ ਜੋੜਨ ਲਈ ਇੱਕ ਅਨੋਖਾ ਕਿੱਡਸ ਜੋਨ ਬਣਾਇਆ ਜਾ ਰਿਹਾ ਹੈ। ਇਸੀ ਤਰ੍ਹਾ ਨਾਲ ਇਤਿਹਾਸ ਅਤੇ ਸਭਿਆਚਾਰ ਨਾਲ ਜੁੜੇ ਪ੍ਰੋਗਰਾਮਾਂ ਲਈ ਓਪਨ-ਏਅਰ ਥਇਏਟਰ, ਨੌਜੁਆਨ ਪੀੜੀ ਨੂੰ ਇਤਿਹਾਸ ਨਾਲ ਜੋੜਨ ਲਈ ਆਧੁਨਿਕ ਲਾਇਬ੍ਰੇਰੀ, ਕੈਫੇ, ਹੋਸਟਲ ਅਤੇ ਗੇਸਟ ਹਾਊਸ, ਕਲਾਕ੍ਰਿਤੀਆਂ ਅਤੇ ਸਥਾਨ ਦੇ ਵਿੱਚ ਸਬੰਧ ਸਮਝਾਉਣ ਲਈ ਨਵੀਂ ਤਕਨੀਕਾਂ ਦੀ ਵਰਤੋ ਕੀਤੀ ਜਾਵੇਗੀ ਤਾਂ ਜੋ ਰਾਖੀਗੜ੍ਹੀ ਨੂੰ ਇੱਕ ਵਿਸ਼ਵ ਪੱਧਰੀ ਪੁਰਾਤੱਤਵ ਅਤੇ ਸੈਰ-ਸਪਾਟਾ ਸਥਾਨ ਵਜੋ ਵਿਕਸਿਤ ਕਰਦੇ ਹੋਏ ਸੈਲਾਨੀਆਂ ਤੇ ਖੋਜਕਾਰਾਂ ਨੂੰ ਖਿੱਚਿਆ ਜਾ ਸਕੇ। ਇਸ ਨਾਲ ਸਥਾਨਕ ਨੌਜੁਆਨਾਂ ਲਈ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

ਮੀਟਿੰਗ ਦੇ ਬਾਅਦ ਡਾ. ਅਮਿਤ ਅਗਰਵਾਲ ਨੇ ਵਿਸ਼ਵ ਪ੍ਰਸਿੱਦ ਰਾਖੀਗੜ੍ਹੀ ਸਥਿਤ ਪੁਰਾਤੱਤਵ ਵਿਭਾਗ ਦੀ ਵੱਖ-ਵੱਖ ਸਾਇਟਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਰਾਖੀਗੜ੍ਹੀ ਦੇ ਟੀਲਾ ਨੰਬਰ ਇੱਕ ਅਤੇ ਟੀਲਾ ਨੰਬਰ ਤਿੰਨ ਦਾ ਗਹਿਨ ਅਗਲੋਕਨ ਕੀਤਾ ਅਤੇ ਖੁਦਾਈ ਦੌਰਾਨ ਪ੍ਰਾਪਤ ਹੜੱਪਾ ਸਮੇਤ ਦੀਆਂ ਕੱਚੀ ਅਤੇ ਪੱਕੀ ਇੱਟਾਂ, ਕੱਚੇ ਮਕਾਨਾਂ ਦੇ ਅਵਸ਼ੇਸ਼ਾਂ ਅਤੇ ਹੋਰ ਮਹਤੱਵਪੂਰਣ ਚੀਜਾਂ ਨੂੰ ਨੇੜੇ ਤੋਂ ਦੇਖਿਆ। ਕਮਿਸ਼ਨਰ ਅਤੇ ਸਕੱਤਰ ਨੇ ਟੀਲਾ ਨੰਬਰ ਇੱਕ 'ਤੇ ਸਥਿਤ ਅਸਥਾਈ ਮਿਊਜ਼ੀਅਮ ਦਾ ਵੀ ਦੌਰਾ ਕੀਤਾ। ਇੱਥੇ ਉਨ੍ਹਾਂ ਨੇ ਖੁਦਾਈ ਵਿੱਚ ਪ੍ਰਾਪਤ ਵੱਖ-ਵੱਖ ਵਸਤੂਆਂ ਦਾ ਅਵਲੋਕਨ ਕੀਤਾ ਅਤੇ ਇੰਨ੍ਹਾ ਦੇ ਸਰੰਖਣ, ਪ੍ਰਦਰਸ਼ਨ ਅਤੇ ਸੈਲਾਨੀਆਂ ਲਈ ਬਿਹਤਰ ਜਾਦਕਾਰੀ ਉਪਲਬਧ ਕਰਾਉਣ ਨੂੰ ਲੈ ਕੇ ਅਧਿਕਾਰੀਆਂ ਨਾਲ ਵਿਸਤਾਰ ਨਾਲ ਚਰਚਾ ਕੀਤੀ।

ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਸਤਾਵਿਤ ਕੰਮਾਂ ਨੂੰ ਗਤੀ ਪ੍ਰਦਾਨ ਕੀਤੀ ਜਾਵੇ ਅਤੇ ਸਾਰੇ ਵਿਕਾਸ ਅਤੇ ਸਰੰਖਣ ਕੰਮ ਆਪਸੀ ਤਾਲਮੇਲ ਨਾਲ ਸਮੇਂਬੱਧ ਢੰਗ ਨਾਲ ਪੂਰੇ ਕੀਤੇ ਜਾਣ।

ਇਸ ਮੌਕੇ 'ਤੇ ਪੁਰਾਤੱਤਵ ਅਤੇ ਮਿਊਜ਼ੀਅਮ ਵਿਭਾਗ ਦੇ ਉੱਪ ਨਿਦੇਸ਼ਕ ਡਾ. ਨਰੇਂਦਰ ਪਰਮਾਰ ਨੇ ਜਾਣੂ ਕਰਾਇਆ ਕਿ ਟੀਲਾ ਨੰਬਰ ਇੱਕ ਸਥਿਤ ਪੁਰਾਤੱਤਵਿਕ ਸਾਇਟ 'ਤੇ ਸ਼ੈਡ ਦੇ ਨਿਰਮਾਣ ਨੂੰ ਲੈ ਕੇ ਪ੍ਰਸਤਾਵ ਤਿਆਰ ਕੀਤਾ ਗਿਆ ਹੈ, ਤਾਂ ਜੋ ਖੁਦਾਈ ਖੇਤਰ ਨੂੰ ਵਿਰੋਧੀ ਮੌਸਤਮ ਸਥਿਤੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਉਨ੍ਹਾਂ ਨੇ ਹਿਹ ਵੀ ਦਸਿਆ ਕਿ ਟੀਲਾ ਨੰਬਰ ਤਿੰਨ 'ਤੇ ਪਹਿਲਾਂ ਤੋਂ ਬਣਾਏ ਗਏ ਸ਼ੈਡ ਦਾ ਵਿਸਤਾਰ ਕੀਤੇ ਜਾਣ ਦਾ ਪ੍ਰਸਤਾਵ ਹੈ, ਜਿਸ ਨਾਲ ਉੱਥੇ ਮੌਜੂਦ ਪੁਰਾਵੇਸ਼ੀਆਂ ਦਾ ਸਰੰਖਣ ਹੋਰ ਬਿਹਤਰ ਢੰਗ ਨਾਲ ਕੀਤਾ ਜਾ ਸਕੇਗਾ।

ਇਸ ਮੌਕੇ 'ਤੇ ਵਿਭਾਗ ਦੇ ਨਿਦੇਸ਼ਕ ਅਮਿਤ ਖੱਤਰੀ, ਪੁਰਾਤੱਤਵ ਅਤੇ ਮਿਊਜ਼ੀਅਮ ਵਿਭਾਗ ਦੇ ਉੱਪ ਨਿਦੇਸ਼ਕ ਡਾ. ਨਰੇਂਦਰ ਪਰਮਾਰ ਸਮੇਤ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ।

# ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਤਿਮਾਹੀ ਮੀਟਿੰਗ, ਬੈਂਕਾਂ ਲਈ ਮਿੱਥੇ ਟੀਚਿਆਂ ਤੇ ਨਤੀਜਿਆਂ ਦੀ ਸਮੀਖਿਆ

**ਜਲੰਧਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਲਾਹਕਾਰ ਕਮੇਟੀ/ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ, ਜਲੰਧਰ ਦੀ ਵਿਸ਼ੇਸ਼ ਤਿਮਾਹੀ ਸਮੀਖਿਆ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਬਰਾੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿੱਤੀ ਸਾਲ 2025-26 ਦੀ ਸਲਾਨਾ ਕਰਜ਼ਾ ਯੋਜਨਾ ਦੀ 30 ਸਤੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਲਈ ਮਿੱਥੇ ਗਏ ਟੀਚੇ ਅਤੇ ਨਤੀਜਿਆਂ ਦੀ ਸਮੀਖਿਆ ਕੀਤੀ ਗਈ।

ਜ਼ਿਲ੍ਹੇ ਵਿੱਚ ਕੰਮ ਕਰਦੇ ਸਾਰੇ ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ (ਐਲ.ਡੀ.ਐਮ.) ਐਮ. ਐਸ. ਮੋਤੀ ਨੇ ਕਮੇਟੀ ਦੇ ਸਨਮੁੱਖ ਰੱਖਿਆ। ਉਨ੍ਹਾਂ ਦੱਸਿਆ ਕਿ ਇਸ ਤਿਮਾਹੀ ਵਿੱਚ ਸੀ.ਡੀ. ਰੇਸ਼ੋ 33.06 % ਰਹੀ ਹੈ। ਇਸ 'ਤੇ ਵਧੀਕ ਡਿਪਟੀ ਕਮਿਸ਼ਨਰ ਇਸ ਵਿੱਚ ਹੋਰ ਸੁਧਾਰ ਲਿਆਉਣ ਲਈ ਬੈਂਕਾਂ ਨੂੰ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਕਰਜ਼ੇ ਦੀ ਸਹੂਲਤ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਖਾਸ ਤੌਰ 'ਤੇ ਸਵੈ ਸਹਾਇਤਾ ਸਮੂਹ ਦੀਆਂ ਕਰਜ਼ੇ ਸਬੰਧੀ ਅਰਜ਼ੀਆਂ ਦਾ ਜਲਦ ਨਿਪਟਾਰਾ ਕਰਨ ਲਈ ਹਦਾਇਤਾਂ ਕੀਤੀਆਂ। ਉਨ੍ਹਾਂ ਬੈਂਕਾਂ ਨੂੰ ਕਿਹਾ ਕਿ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਅਤੇ ਫ਼ਸਲਾਂ ਦੀ ਰਹਿੰਦ-ਖੂਹੰਦ ਦੀ ਸੰਭਾਲ ਲਈ ਮਸ਼ੀਨਾਂ ਦੀ ਖ਼ਰੀਦ ਲਈ ਕਿਸਾਨਾਂ ਨੂੰ ਕਰਜ਼ੇ ਦੀ ਸਹੂਲਤ ਦਿੱਤੀ ਜਾਵੇ।

ਬੈਂਕਾਂ ਵੱਲੋਂ 30 ਸਤੰਬਰ 2025 ਨੂੰ ਖਤਮ ਹੋਈ ਤਿਮਾਹੀ ਲਈ ਮਿਥੇ ਗਏ ਤਰਜੀਹੀ ਖੇਤਰ ਦੇ ਟੀਚੇ 5622 ਕਰੋੜ ਸਾਹਮਣੇ 12238 ਕਰੋੜ ਕਰਜ਼ੇ ਮਨਜ਼ੂਰ ਕੀਤੇ ਗਏ ਅਤੇ ਤਿਮਾਹੀ ਦੇ ਸਾਰੇ ਕਰਜ਼ ਟੀਚੇ ਪੂਰੇ ਕਰ ਲਏ ਗਏ ਹਨ। ਖੇਤੀਬਾੜੀ ਕਰਜ਼ੇ ਦੇ 1531 ਕਰੋੜ ਟੀਚੇ ਦੇ ਸਾਹਮਣੇ 2409 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਹਨ। ਸਤੰਬਰ ਤਿਮਾਹੀ ਦੇ ਅੰਤ ਤੱਕ ਕੁੱਲ ਕਰਜ਼ੇ 18314 ਕਰੋੜ ਰੁਪਏ ਦੇ ਵੰਡੇ ਗਏ।ਵਧੀਕ ਡਿਪਟੀ ਕਮਿਸ਼ਨਰ ਨੇ ਬੈਂਕਾਂ ਵਿੱਚ ਅਨਕਲੇਮਡ ਜਮ੍ਹਾ ਪੂੰਜੀਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਐਲ.ਡੀ.ਐਮ. ਨੇ ਦੱਸਿਆ ਕਿ ਅਨਕਲੇਮਡ ਡਿਪਾਜ਼ਿਟ ਉਨ੍ਹਾਂ ਖਾਤਿਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਸ ਸਾਲਾਂ ਤੱਕ ਕੋਈ ਲੈਣ-ਦੇਣ ਨਹੀਂ ਹੋਇਆ ਹੁੰਦਾ ਅਤੇ ਉਨ੍ਹਾਂ ਵਿੱਚ ਜ਼ਮ੍ਹਾ ਰਾਸ਼ੀ ਆਰ ਬੀ ਆਈ ਦੇ (4516 1/3) ਵਿੱਚ ਟਰਾਂਸਫਰ ਹੋ ਜਾਂਦੀ ਹੈ। ਅਜਿਹੇ ਖਾਤਾਧਾਰਕ ਆਪਣੀ ਪਾਸ ਬੁੱਕ, ਜਮ੍ਹਾ ਰਸੀਦ ਜਾਂ ਬੈਂਕ ਵੱਲੋਂ ਜਾਰੀ ਕੀਤਾ ਦਸਤਾਵੇਜ਼ ਜੋ ਇਹ ਸਿੱਧ ਕਰਦਾ ਹੋਵੇ ਕਿ ਕੋਈ ਅਨਕਲੇਮਡ ਰਾਸ਼ੀ ਉਨ੍ਹਾਂ ਦੇ ਨਾਂ ਉਸ ਬੈਂਕ ਵਿੱਚ ਜਮ੍ਹਾ ਪਈ ਹੈ, ਆਪਣੀ ਪਹਿਚਾਣ ਅਤੇ ਰਿਹਾਇਸ਼ ਦੇ ਸਬੂਤ ਵਾਲੇ ਦਸਤਾਵੇਜ਼ ਜਿਵੇਂ ਆਧਾਰ ਕਾਰਡ /ਪੈਨ ਕਾਰਡ /ਪਾਸਪੋਰਟ ਤੇ ਫੋਟੋ ਆਦਿ ਪੇਸ਼ ਕਰਕੇ ਆਪਣੇ ਨਾਮ ਪਈ ਅਨਕਲੇਮਡ ਜਮ੍ਹਾ ਰਾਸ਼ੀ ਉਸੇ ਬੈਂਕ ਸ਼ਾਖਾ ਤੋਂ ਵਾਪਸ ਲੈ ਸਕਦੇ ਹਨ।

ਮੀਟਿੰਗ ਵਿੱਚ ਖੇਤੀਬਾੜੀ, ਬਾਗਬਾਨੀ, ਮੱਛੀਪਾਲਣ, ਨਾਬਾਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਰਿਜ਼ਰਵ ਬੈਂਕ ਆਫ ਇੰਡੀਆ, ਚੰਡੀਗੜ੍ਹ ਤੋਂ ਅਲੋਕ ਰੰਜਨ ਐਲ. ਡੀ. ਓ., ਬੈਂਕਾਂ ਦੇ ਜ਼ਿਲ੍ਹੇ ਨੁਮਾਇੰਦੇ, ਯੂਕੋ ਬੈਂਕ ਜ਼ੋਨਲ ਆਫਿਸ ਤੋਂ ਸ਼੍ਰੇਆ, ਡਿਸਟ੍ਰਿਕਟ ਇੰਡਸਟਰੀਅਲ ਕੇਂਦਰ, ਰੂਡਸੈਟ ਇੰਸਟੀਚਿਊਟ ਜਲੰਧਰ ਦੇ ਡਾਇਰੈਕਟਰ ਸੰਜੀਵ ਚੌਹਾਨ ਆਦਿ ਵੀ ਮੌਜੂਦ ਸਨ।

# 30 ਦਸੰਬਰ ਨੂੰ ਲਗਾਇਆ ਜਾਵੇਗਾ ਬਲਾਕ ਪੱਧਰੀ ਜਾਗਰੂਕਤਾ ਕੈਂਪ

**ਫਾਜ਼ਿਲਕਾ,31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਔਰਤਾਂ ਨੂੰ ਰੋਜ਼ਗਾਰ ਤੇ ਸਿਹਤ ਸੁਰੱਖਿਆ ਪ੍ਰਦਾਨ ਕਰਨ ਹਿੱਤ ਅਬੋਹਰ ਦੇ ਡੀ.ਏ.ਵੀ ਕਾਲਜ ਦੇ (ਆਡੀਟੋਰੀਅਮ ਹਾਲ) ਵਿਖੇ ਮਿਤੀ 30 ਦਸੰਬਰ 2025 ਦਿਨ ਮੰਗਲਵਾਰ ਨੂੰ ਬਲਾਕ ਪੱਧਰੀ ਜਾਗਰੂਕਤਾ ਕੈਂਪ ਲਗਾਇਆ ਜਾਵੇਗਾ ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜਿਲਕਾ ਸ਼੍ਰੀਮਤੀ ਅਨੁਪ੍ਰਿਆ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਕੇਵਲ ਮਹਿਲਾਵਾਂ ਲਈ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਵਰਧਮਾਨ ਟੈਕਸਟਾਈਲ, ਸਕਾਈ ਇੰਟਰਨੈਸ਼ਨਲ, ਅਜਾਈਲ ਫਿਊਚਰ, ਐਲ.ਆਈ.ਸੀ. ਇੰਡੀਆ, ਪੁਖਰਾਜ ਹੈਲਥਕੇਅਰ ਤੇ ਯੂਨੀਵਰਸਲ ਇੰਟਰਨੈਸ਼ਨਲ ਕੰਪਨੀਆਂ ਭਾਗ ਲੈ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰਬਰ 89060 22220, 98145 43684 ਅਤੇ 79861 15001 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਸਿਹਤ ਵਿਭਾਗ ਵੱਲੋਂ ਔਰਤਾਂ ਦਾ ਬਲੱਡ ਪ੍ਰੈਸ਼ਰ, ਸ਼ੂਗਰ ਦੇ ਟੈਸਟ ਤੇ ਹੋਰ ਲੋੜੀਂਦੇ ਚੈਕਅੱਪ ਅਤੇ ਟੈਸਟ ਮੁਫਤ ਕੀਤਾ ਜਾਵੇਗਾ ਅਤੇ ਤੇ ਨਾਲ ਹੀ ਆਯੁਸ਼ਮਾਨ ਕਾਰਡ ਤੇ ਯੂ.ਡੀ.ਆਈ.ਡੀ ਕਾਰਡ ਬਣਉਣ ਦੀ ਸੁਵਿਧਾ ਵੀ ਮੁਫਤ ਦਿੱਤੀ ਜਾਵੇਗੀ। ਇਸ ਦੌਰਾਨ ਬਚਿਆਂ ਦੇ ਮਾਹਰ, ਗਾਇਨੀ, ਈ.ਐਨ.ਟੀ. ਤੇ ਡੈਂਟਲ ਆਦਿ ਡਾਕਟਰ ਕੈਂਪ ਵਿੱਚ ਮੌਜੂਦ ਰਹਿ ਕੇ ਸਿਹਤ ਸੇਵਾਵਾਂ ਪ੍ਰਦਾਨ ਕਰਨਗੇ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗ ਜਿਵੇਂ ਕਿ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਪੇਂਡੂ ਵਿਕਾਸ ਵਿਭਾਗ ਦੇ ਸੈਲਫ ਹੈਲਪ ਗਰੁੱਪ , ਸਖੀ. ਵਨ ਸਟਾਪ ਸੈਂਟਰ, ਬਾਲ ਸੁਰੱਖਿਆ ਯੂਨਿਟ ਆਦਿ ਹੋਰ ਵਿਭਾਗਾਂ ਵੱਲੋਂ ਔਰਤਾਂ / ਲੜਕੀਆਂ ਲਈ ਚੱਲ ਰਹੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਵੇਗਾ।

# ਹਰਿਆਣਾ ਵਿੱਚ ਬਾਰ ਕੌਂਸਲ ਚੋਣਾ ਦੀ ਤਿਆਰੀਆਂ ਤੇਜ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦੇ ਚੋਣ ਮਾਰਚ-2026 ਵਿੱਚ ਆਯੋਜਿਤ ਕੀਤੇ ਜਾਣਗੇ। ਚੰਡੀਗੜ੍ਹ ਵਿੱਚ ਚੋਣ 17 ਮਾਰਚ, 2026 ਨੂੰ ਹੋਵੇਗਾ, ਜਦੋਂ ਕਿ ਹਰਿਆਣਾ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਜਿਲ੍ਹਾ ਪੱਧਰ 'ਤੇ ਚੋਣ 18 ਮਾਰਚ, 2026 ਨੂੰ ਸਪੰਨ ਹੋਣਗੇ।

ਨਿਆਂ ਪ੍ਰਸ਼ਾਸ਼ਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਰਾਜਭਰ ਵਿੱਚ ਚੋਣਾਂ ਦੇ ਸੁਚਾਰੂ ਸੰਚਾਲਨ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਰੂਰੀ ਪ੍ਰਸ਼ਾਸ਼ਨਿਕ ਅਤੇ ਲਾਜਿਸਟਿਕ ਵਿਵਸਥਾਵਾਂ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਬਾਰ ਕੌਂਸਲ ਦੇ ਰਿਟਰਨਿੰਗ ਆਫਿਸਰ ਨੇ ਚੋਣ ਪ੍ਰਕ੍ਰਿਆ ਦੀ ਨਿਗਰਾਨੀ ਅਤੇ ਸੰਚਾਲਨ ਤਹਿਤ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਤੈਨਾਤੀ ਦੀ ਅਪੀਲ ਕੀਤੀ ਹੈ। ਇਸ ਦੇ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਸਮੇਂਬੱਧ ਤੈਨਾਤੀ ਅਤੇ ਤਾਲਮੇਲ ਯਕੀਨੀ ਕਰਨ ਦੇ ਨਿਰਦੇਸ਼ ਜਾਰੀ ਕੀਤੇ ਜਾਣਗੇ।

ਬਾਰ ਕੌਂਸਲ ਦੇ ਚੋਣ ਐਡਵੋਕੇਟਸ ਐਕਟ, 1961 ਦੇ ਪ੍ਰਾਵਧਾਨਾਂ ਦੇ ਤਹਿਤ ਹਰੇਕ ਪੰਜ ਸਾਲ ਵਿੱਚ ਆਯੋਜਿਤ ਕੀਤੇ ਜਾਂਦੇ ਹਨ। ਮੌਜੂਦਾ ਚੋਣ ਪ੍ਰਕ੍ਰਿਆ ਨੂੰ ਭਾਰਤ ਦੇ ਸੁਪਰੀਮ ਕੋਰਟ ਦੇ 3 ਦਸੰਬਰ, 2025 ਦੇ ਆਦੇਸ਼ ਦਾ ਪਾਲਣ ਵਿੱਚ ਜਲਦੀ ਪੂਰਾ ਕੀਤਾ ਜਾ ਰਿਹਾ ਹੈ, ਤਾਂ ਜੋ ਲੀਗਲ ਪੇਸ਼ੇ ਨੂੰ ਨਿਯਮਤ ਕਜਨ ਵਾਲੀ ਇਸ ਵੈਧਾਨਿਕ ਸੰਸਥਾ ਵਿੱਚ ਲੋਕਤਾਂਤਰਿਕ ਸ਼ਾਸਨ ਦੀ ਨਿਰੰਤਰਤਾ ਯਕੀਨੀ ਕੀਤੀ ਜਾ ਸਕੇ।

ਰਾਜ ਪ੍ਰਸ਼ਾਸ਼ਨ ਨੇ ਨਿਰਧਾਰਿਤ ਪ੍ਰੋਗਰਾਮ ਅਤੇ ਪ੍ਰਕ੍ਰਿਆਵਾਂ ਦੇ ਸਖਤ ਪਾਲਣ 'ਤੇ ਜੋਰ ਦਿੰਦੇ ਹੋਏ ਪਾਰਦਰਸ਼ੀ ਅਤੇ ਸੁਵਿਵਸਥਿਤ ਚੋਣ ਪ੍ਰਕ੍ਰਿਆ ਯਕੀਨੀ ਕਰਨ ਦੀ ਗੱਲ ਕਹੀ ਹੈ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਚੋਣ ਪ੍ਰੋਗਰਾਮ ਦੀ ਸਮੇਂ 'ਤੇ ਤਿਆਰੀ, ਵੋਟਰ ਸੂਚੀਆਂ ਦਾ ਸੰਕਲਨ, ਉਪਯੁਕਤ ਚੋਣ ਕੇਂਦਰਾਂ ਦੀ ਪਹਿਚਾਣ ਅਤੇ ਜਰੂਰੀ ਬੁਨਿਆਦੀ ਢਾਂਚੇ ਅਤੇ ਸਮੱਗਰੀ ਦੀ ਵਿਵਸਥਾ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸੁਰੱਖਿਆ ਪ੍ਰਬੰਧਾਂ, ਵੋਟਰ ਸਹੂਲਤਾਂ ਉਪਾਆਂ ਅਤੇ ਚੋਣ ਪ੍ਰਕ੍ਰਿਆ ਦੀ ਰਿਅਲ-ਟਾਇਮ ਨਿਗਰਾਨੀ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਤਾਂ ਜੋ ਕਿਸੇ ਵੀ ਚਨੌਤੀ ਦਾ ਤੁਰੰਤ ਹੱਲ ਕੀਤਾ ਜਾ ਸਕੇ। ਪ੍ਰਸ਼ਾਸ਼ਨ ਨੇ ਰਿਟਰਨਿੰਗ ਆਫਿਸਰ ਨੂੰ ਪੂਰਾ ਸਹਿਯੋਗ ਪ੍ਰਦਾਨ ਕਰਨ ਅਤੇ ਹਰੇਕ ਯੋਗ ਐਡਵੋਕੇਟ ਨੂੰ ਅਨੁਕੂਲ ਮਾਹੌਲ ਵਿੱਚ ਆਪਣੇ ਵੋਟ ਅਧਿਕਾਰ ਦੀ ਵਰਤੋ ਯਕੀਨੀ ਕਰਨ ਦੀ ਪ੍ਰਤੀਬੱਧਤਾ ਦੋਹਰਾਈ ਹੈ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਹਰਿਆਣਾ ਸਰਕਾਰ ਇਸ ਜਿਮੇਵਾਰੀ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਚੋਣ ਸੰਚਾਲਨ ਦੇ ਉੱਚਤਮ ਮਾਨਕਾਂ ਨੂੰ ਬਣਾਏ ਰੱਖਣ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ। ਉਨ੍ਹਾ ਨੇ ਕਿਹਾ ਕਿ ਸੂਬਾ ਸਰਕਾਰ ਦੀ ਬਿਹਤਰੀਨ ਪ੍ਰਸ਼ਾਸ਼ਨਿਕ ਸਮਰੱਥਾ ਅਤੇ ਵੱਖ-ਵੱਖ ਚੋਣਾਵੀ ਪ੍ਰਕ੍ਰਿਆਵਾਂ ਦੇ ਆਯੋਜਨ ਦਾ ਤਜਰਬਾ ਬਾਰ ਕੌਂਸਲ ਚੋਣਾ ਦਾ ਕੁਸ਼ਲਤਾ, ਪਾਰਦਰਸ਼ਿਤਾ ਅਤੇ ਨਿਰਪੱਖਤਾ ਦਾ ਆਦਰਸ਼ ਬਨਾਉਣ ਵਿੱਚ ਸਹਾਇਕ ਹੋਵੇਗਾ।

# ਜਦੋਂ ਜੀਂਦ ਦੇ ਪਿੰਡ ਇੰਟਲ ਵਿੱਚ ਅਚਾਨਕ ਰੁਕੇ ਮੁੱਖ ਮੰਤਰੀ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਰਾਖੀਗੜ੍ਹੀ ਜਾਂਦੇ ਸਮੇਂ ਅਚਾਨਕ ਜੀਂਦ ਜਿਲ੍ਹਾ ਦੇ ਪਿੰਡ ਇੰਟਲ ਵਿੱਚ ਰੁਕੇ ਅਤੇ ਗ੍ਰਾਮੀਣਾਂ ਨਾਲ ਸਿੱਧੇ ਸੰਵਾਦ ਕੀਤਾ। ਮੁੱਖ ਮੰਤਰੀ ਦਾ ਅਚਾਨਕ ਪਿੰਡ ਵਿੱਚ ਰੁਕਣਾ ਗ੍ਰਾਮੀਣਾਂ ਦੇ ਲਈ ਸੁਖਦ ਤਜਰਬਾ ਬਣਿਆ। ਪਿੰਡ ਵਿੱਚ ਮੁੱਖ ਮੰਤਰੀ ਨੇ ਮੌਜੂਦ ਗ੍ਰਾਮੀਣਾਂ ਤੋਂ ਖੇਤੀਬਾੜੀ ਸਮੇਤ ਸਥਾਨਕ ਮੁੱਦਿਆਂ ਨੂੰ ਲੈ ਕੇ ਚਰਚਾ ਕੀਤੀ ਅਤੇ ਬਜੁਰਗਾਂ ਦਾ ਹਾਲਚਾਲ ਜਾਣਿਆ।ਇਸ ਦੌਰਾਨ ਮੁੱਖ ਮੰਤਰੀ ਨੇ ਹੁੱਕਾ ਗੁੜਗੜਾਉਂਦੇ ਗ੍ਰਾਮੀਣਾਂ ਦੇ ਵਿੱਚ ਕੁੱਝ ਸਮੇਂ ਬਿਤਾਇਆ। ਉਨ੍ਹਾਂ ਨੇ ਗ੍ਰਾਮੀਣ ਜੀਵਨ ਦੀ ਸਾਦਗੀ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪਿੰਡਾਂ ਦੀ ਇਹੀ ਆਤਮਾ ਹਰਿਆਣਾ ਦੀ ਅਸਲੀ ਤਾਕਤ ਹੈ।

ਗ੍ਰਾਮੀਣਾਂ ਨੇ ਮੁੱਖ ਮੰਤਰੀ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਖੇਤਰ ਦੀ ਕੁੱਝ ਸਥਾਨਕ ਸਮਸਿਆਵਾਂ ਦਾ ਸੰਖੇਪ ਵਿੱਚ ਵਰਨਣ ਕੀਤਾ, ਜਿਨ੍ਹਾਂ ਨੂੰ ਮੁੱਖ ਮੰਤਰੀ ਨੇ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਸਹੀ ਕਾਰਵਾਈ ਦਾ ਭਰੋਸਾ ਵੀ ਦਿੱਤਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਸਮੂਚੇ ਵਿਕਾਸ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇੱਕ ਜਿਮੇਵਾਰ ਅਤੇ ਜਵਾਬਦੇਹ ਸ਼ਾਸ਼ਨ ਵਿੱਚ ਭਲਾਈਕਾਰੀ ਯੋਜਨਾਂਵਾਂ ਦੇ ਪ੍ਰਭਾਵੀ ਲਾਗੂ ਕਰਨ ਅਤੇ ਜਨ ਸਮਸਿਆਵਾਂ ਦੇ ਸਮੇਂ 'ਤੇ ਹੱਲ ਲਈ ਨਾਗਰਿਕਾਂ ਨਾਲ ਸਿੱਧਾ ਸੰਵਾਦ ਜਰੂਰੀ ਹੈ।

# ਰਾਖੀਗੜ੍ਹੀ ਨੂੰ ਵਿਸ਼ਵ ਪਹਿਚਾਣ ਦਿਵਾਉਣ ਲਈ ਕੇਂਦਰੀ ਬਜਟ ਵਿੱਚ 500 ਕਰੋੜ ਦਾ ਪ੍ਰਾਵਧਾਨ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਦੀ ਪ੍ਰਚੀਨ ਅਤੇ ਗੌਰਵਸ਼ਾਲੀ ਸਭਿਅਤਾ ਦਾ ਗਵਾਹ ਰਾਖੀਗੜ੍ਹੀ ਨੂੰ ਦੇਸ਼ ਦੇ ਇੱਕ ਪ੍ਰਤਿਸ਼ਠਤ ਵਿਸ਼ਵ ਪਹਿਚਾਣ ਵਾਲੇ ਸਥਾਨ ਵਜੋ ਵਿਕਸਿਤ ਕਰਨ ਲਈ ਕੇਂਦਰ ਸਰਕਾਰ ਵੱਲੋਂ ਕੇਂਦਰੀ ਬਜਟ ਵਿੱਚ 500 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਸੂਬਾ ਸਰਕਾਰ ਵੀ ਰਾਖੀਗੜ੍ਹੀ ਦੇ ਇਤਿਹਾਸਕ, ਸਭਿਆਚਾਰਕ ਅਤੇ ਸੈਰ-ਸਪਾਟਾ ਮਹਤੱਵ ਨੂੰ ਸਮਝਦੇ ਹੋਏ ਇਸ ਨੂੰ ਕੌਮੀ ਅਤੇ ਕੌਮਾਂਤਰੀ ਸੈਰ-ਸਪਾਟਾ ਨਕਸ਼ੇ 'ਤੇ ਪ੍ਰਮੁੱਖ ਸਥਾਨ ਦਿਵਾਉਣ ਲਈ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ।

ਮੁੱਖ ਮੰਤਰੀ ਅੱਜ ਭਾਰਤ ਦੀ ਪ੍ਰਾਚੀਨ ਸਭਿਅਤਾ ਦੀ ਧਰੋਹਰ ਪਵਿੱਤਰ ਭੂਮੀ ਰਾਖੀਗੜ੍ਹੀ ਵਿੱਚ ਆਯੋਜਿਤ ਦੂਜੇ ਰਾਜ ਪੱਧਰੀ ਰਾਖੀਗੜ੍ਹੀ ਮਹੋਤਸਵ ਦੇ ਮੌਕੇ 'ਤੇ ਮੌਜੂਦ ਜਨਤਾ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਹੜੱਪਾ ਗਿਆਨ ਕੇਂਦਰ ਦਾ ਵੀ ਉਦਘਾਟਨ ਕੀਤਾ। ਮਹੋਤਸਵ ਵਿੱਚ ਕ੍ਰਾਫਟ ਮੇਲਾ, ਵਿਰਾਸਤ ਦੌੜ, ਵਰਕਸ਼ਾਪ, ਪ੍ਰਦਰਸ਼ਨੀ, ਸਭਿਆਚਾਰਕ ਪ੍ਰੋਗਰਮਾਮ, ਪੇਂਡੂ ਖੇਡ-ਕੂਦ, ਪ੍ਰਸ਼ਨੋਤਰੀ ਤੇ ਰੰਗੋਲੀ ਅਤੇ ਫੋਟੋਗ੍ਰਾਫੀ ਮੁਕਾਬਲਿਆਂ ਦਾ ਆਯੋਜਨ ਹੋ ਰਿਹਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਖੁਦ ਵੀ ਮਹੋਤਸਵ ਵਿੱਚ ਸ਼ੁਰੂ ਹੋਈ ਵੱਖ-ਵੱਖ ਗਤੀਵਿਧੀਆਂ ਦਾ ਅਵਲੋਕਨ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ, ਕੈਬਨਿਟ ਮੰਤਰੀ ਸ੍ਰੀ ਰਣਬੀਰ ਗੰਗਵਾ, ਵਿਧਾਇਕ ਸ੍ਰੀ ਵਿਨੋਦ ਭਿਆਨ ਵੀ ਮੌਜੂਦ ਸਨ।ਮੁੱਖ ਮੰਤਰੀ ਨੇ ਕਿਹਾ ਕਿ ਰਾਖੀਗੜ੍ਹੀ ਪੰਚਾਇਤ ਵੱਲੋਂ ਪੇਸ਼ ਕੀਤੀ ਗਈ ਸਾਰੀ 13 ਮੰਗਾਂ ਨੂੰ ਸਬੰਧਿਤ ਵਿਭਾਗਾਂ ਨੂੰ ਭੇਜ ਕੇ ਜਲਦੀ ਪੂਰਾ ਕਰਵਾਇਆ ਜਾਵੇਗਾ॥ ਇਸੀ ਤਰ੍ਹਾ ਰਾਖੀ ਸ਼ਾਹਪੁਰ ਪੰਚਾਇਤ ਵੱਲੋਂ ਰੱਖੀ ਗਈ ਪੰਜ ਮੰਗਾਂ ਨੂੰ ਵੀ ਸਬੰਧਿਤ ਵਿਭਾਗਾਂ ਨੂੰ ਭੇਜ ਕੇ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਸ ਮੌਕੇ 'ਤੇ ਰਾਖੀਗੜ੍ਹੀ ਅਤੇ ਰਾਖੀ ਸ਼ਾਹਪੁਰ ਪਿੰਡਾਂ ਨੂੰ 21-21 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਨੇ ਕਿਹਾ ਕਿ ਰਾਖੀਗੜ੍ਹੀ ਨੂੰ ਇਤਿਹਾਸਕ ਵਿਰਾਸਤ ਵਜੋ ਵਿਸ਼ੇਸ਼ ਪਹਿਚਾਣ ਪ੍ਰਾਪਤ ਹੈ। ਇਹ ਉਹੀ ਭੂਮੀ ਹੈ, ਜਿੱਥੇ ਹਜਾਰਾਂ ਸਾਲ ਪਹਿਲਾਂ ਵਿਸ਼ਵ ਦੀ ਪੁਰਾਣੀ ਸਭਿਅਤਾਵਾਂ ਵਿੱਚੋਂ ਇੱਕ ਹੜਪਾ ਸਭਿਅਤਾ ਵਧੀ-ਫੂਲੀ ਸੀ। ਇੱਥੇ ਹੋਈ ਖੁਦਾਈਆਂ ਤੋਂ ਪ੍ਰਾਪਤ ਅਵਸ਼ੇਸ਼ ਇਹ ਪ੍ਰਮਾਣਤ ਕਰਦੇ ਹਨ ਕਿ ਉਸ ਸਮੇਂ ਵਿੱਚ ਰਾਖੀਗੜ੍ਹੀ ਇੱਕ ਵੱਡਾ ਉਦਯੋਗਿਕ ਅਤੇ ਵਪਾਰਕ ਕੇਂਦਰ ਸੀ, ਜਿੱਥੇ ਸੁਵਿਵਸਥਿਤ ਨਗਰ ਨਿਯੋਜਨ, ਸਵੱਛਤਾ ਵਿਵਸਥਾ ਅਤੇ ਜਲ੍ਹ ਪ੍ਰਬੰਧਨ ਦੀ ਵਿਲੱਖਣ ਵਿਵਸਥਾ ਸੀ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿੰਧੂ-ਸਰਸਵਤੀ ਸਭਿਅਤਾ ਦਾ ਇਹ ਮਹਾਨ ਕੇਂਦਰ ਅੱਜ ਪੂਰੇ ਵਿਸ਼ਵ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਭਾਰਤ ਦੀ ਜੜ੍ਹਾਂ ਕਿੰਨੀਆਂ ਡੂੰਘੀਆਂ, ਵਿਗਿਆਨਕ ਅਤੇ ਖੁਸ਼ਹਾਲ ਰਹੀ ਹੈ। ਵਿਸ਼ਵ ਦੀ ਸੱਭ ਤੋਂ ਵੱਡੀ ਅਤੇ ਵਿਕਸਿਤ ਪੁਰਾਣੀ ਨਗਰ ਸਭਿਅਤਾ ਦਾ ਮਹਤੱਵਪੂਰਣ ਕੇਂਦਰ ਹਰਿਆਣਾ ਵਿੱਚ ਸਥਿਤ ਹੋਣਾ ਸੂਬਾਵਾਸੀਆਂ ਲਈ ਮਾਣ ਦਾ ਵਿਸ਼ਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਅੱਜ ਆਪਣੀ ਸਭਿਆਚਾਰਕ ਵਿਰਾਸਤ 'ਤੇ ਮਾਣ ਕਰਦੇ ਹੋਏ ਆਤਮਵਿਸ਼ਵਾਸ ਦੇ ਨਾਲ ਅੱਗੇ ਵੱਧ ਰਿਹਾ ਹੈ। ਕਾਸ਼ੀ ਵਿਸ਼ਵਨਾਥ ਧਾਮ, ਮਹਾਕਾਲ ਲੋਕ, ਅਯੋਧਿਆ ਵਿੱਚ ਸ਼੍ਰੀਰਾਮ ਜਨਮਭੂਮੀ ਮੰਦਿਰ ਅਤੇ ਰਾਖੀਗੜ੍ਹੀ ਵਰਗੀ ਪੁਰਾਤੱਤਵਿਕ ਸਥਾਨ ਭਾਰਤ ਦੀ ਗੌਰਵਸ਼ਾਲੀ ਪਰੰਪਰਾ ਦੇ ਪ੍ਰਤੀਕ ਹਨ। ਇਹ ਨਵਾਂ ਭਾਰਤ ਹੈ, ਜੋ ਆਪਣੇ ਅਤੀਤ ਤੋਂ ਪ੍ਰੇਰਣਾ ਲੈ ਕੇ ਉਜਵਲ ਭਵਿੱਖ ਦਾ ਨਿਰਮਾਣ ਕਰ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਰਾਖੀਗੜ੍ਹੀ ਨੂੰ ਕੌਮਾਂਤਰੀ ਸੈਰ-ਸਪਾਟਾ ਅਤੇ ਖੋਜ ਕੇਂਦਰ ਵਜੋ ਵਿਕਸਿਤ ਕਰਨ ਲਈ ਪ੍ਰਤੀਬੱਧ ਹੈ। ਇੱਥੇ ਵਿਸ਼ਵਪੱਧਰੀ ਪੁਰਾਤੱਤਵ ਮਿਊਜ਼ੀਅਮ, ਖੋਜ ਸੰਸਥਾਨ, ਸੈਲਾਨੀ ਸਹੂਲਤਾਂ ਅਤੇ ਆਧੁਨਿਕ ਬੁਨਿਆਦੀ ਢਾਂਚਾ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਭਾਰਤ ਦੀ ਪੁਰਾਣੀ ਸਭਿਅਤਾ ਨਾਲ ਰੁਬਰੂ ਕਰਾਉਣਾ ਅਤੇ ਹਰਿਆਣਾ ਦੀ ਖੁਸ਼ਹਾਲ ਵਿਰਾਸਤ ਦਾ ਤਜਰਬਾ ਕਰਾਉਣਾ ਹੈ, ਜਿਸ ਨਾਲ ਸਕਾਨਕ ਨੌਜੁਆਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲਣ ਅਤੇ ਖੇਤਰੀ ਅਰਥਵਿਵਸਥਾ ਨੂੰ ਗਤੀ ਮਿਲੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਰਾਖੀਗੜ੍ਹੀ ਦੀ ਖੁਦਾਈ ਨਾਲ ਇਹ ਵੀ ਸਪਸ਼ਟ ਹੁੰਦਾ ਹੈ ਕਿ ਪੁਰਾਣੇ ਸਮਾਜ ਵਿੱਚ ਮਹਿਲਾਵਾਂ ਨੂੰ ਸਨਮਾਨ ਅਤੇ ਸਮਾਨ ਮੌਕਾ ਪ੍ਰਾਪਤ ਸੀ। ਅੱਜ ਹਰਿਆਣਾ ਦੀ ਕੁੜੀਆਂ ਉਸੀ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਖੇਡ, ਸਿਖਿਆ, ਵਿਗਿਆਨ, ਪ੍ਰਸ਼ਾਸ਼ਨ ਅਤੇ ਸੇਨਾ ਵਿੱਚ ਦੇਸ਼ ਦਾ ਨਾਮ ਰੋਸ਼ਨ ਕਰ ਰਹੀ ਹੈ। ਸੂਬਾ ਸਰਕਾਰ ਮਹਿਲਾ ਸਸ਼ਕਤੀਕਰਣ ਨੂੰ ਸਰਵੋਚ ਪ੍ਰਾਥਮਿਕਤਾ ਦਿੰਦੇ ਹੋਏ ਸਿਖਿਆ, ਸੁਰੱਖਿਆ ਅਤੇ ਆਤਮਨਿਰਭਰਤਾ ਨਾਲ ਜੁੜੀ ਅਨੇਕ ਸੌਜਨਾਵਾਂ ਲਾਗੂ ਕਰ ਰਹੀ ਹੈ।

ਉਨ੍ਹਾਂ ਨੇ ਦਸਿਆ ਕਿ ਭਾਰਤੀ ਪੁਰਾਤੱਤਵ ਸਰਵੇਖਣ ਅਨੁਸਾਰ ਹਰਿਆਣਾ ਵਿੱਚ ਲਗਭਗ 100 ਅਜਿਹੇ ਸਥਾਨ ਹਨ, ਜੋ ਇਤਹਾਸਕ ਅਤੇ ਪੁਰਾਤੱਤਵਿਕ ਮਹਤੱਵ ਰੱਖਦੇ ਹਨ। ਇੰਨ੍ਹਾਂ ਵਿੱਚ ਰੋਹਤਕ ਦਾ ਫਰਮਾਣਾ, ਭਿਵਾਨੀ ਦਾ ਮਿਤਾਥਲ, ਕੈਥਲ ਦਾ ਬਾਲੂ ਅਤੇ ਫਤਿਹਾਬਾਦ ਦਾ ਬਨਾਵਾਲੀ ਪ੍ਰਮੁੱਖ ਹਨ। ਰਾਖੀਗੜ੍ਹੀ ਸਮੇਤ ਇੰਨ੍ਹਾਂ ਸਾਰੇ ਸਥਾਨਾਂ ਦੇ ਸਰੰਖਣ ਅਤੇ ਵਿਕਾਸ ਲਈ ਵਿਸ਼ੇਸ਼ ਪਰਿਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਰਾਖੀਗੜ੍ਹੀ ਨੂੰ ਯੂਨੇਸਕੋ ਦੀ ਵਿਸ਼ਵ ਧਰੋਹਰ ਲਿਸਟ ਵਿੱਚ ਸ਼ਾਮਿਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇੱਥੇ 22 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਆਧੁਨਿਕ ਮਿਊਜ਼ੀਅਮ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਨੂੰਹ ਦੀ ਪੁਰਾਣੀ ਤਹਿਸੀਲ ਬਿਲਡਿੰਗ, ਲੋਹਾਰੂ ਦਾ ਕਿਲਾ ਅਤੇ ਤਾਵਡੂ ਦੇ ਮਕਬਰਾ ਪਰਿਸਰ ਨੂੰ ਰਾਜ ਸਰੰਖਤ ਸਮਾਰਕ ਐਲਾਨ ਕੀਤਾ ਗਿਆ ਹੈ। ਪੰਚਕੂਲਾ ਦੇ ਸੈਕਟਰ-5 ਵਿੱਚ ਅੱਤਆਧੁਨਿਕ ਪੁਰਾਤੱਤਵਿਕ ਮਿਊਜ਼ੀਅਮ ਅਤੇ ਅਗਰੋਹਾ ਸਥਾਨ ਦਾ ਵੀ ਵਿਕਾਸ ਕੀਤਾ ਜਾ ਰਿਹਾ ਹੈ।

ਹਰਿਆਣਾ ਦੇ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਅੱਜ ਰਾਖੀਗੜ੍ਹੀ ਵਿੱਚ ਇੱਕ ਇਤਿਹਾਸਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ, ਜਿਸ ਵਿੱਚ ਦੇ ਦੇ ਕੌਨੇ-ਕੌਨੇ ਤੋਂ ਕਲਾਕਾਰ ਹਿੱਸਾ ਲੈਣ ਲਈ ਪਹੁੰਚੇ ਹਨ। ਉਨ੍ਹਾਂ ਨੇ ਕਿਹਾ ਕਿ ਲਗਭਗ 7,000 ਸਾਲ ਪੁਰਾਣੀ ਰਾਖੀਗੜ੍ਹੀ ਸਭਿਅਤਾ ਨੇ ਵਿਸ਼ਵ ਨੂੰ ਆਧੁਨਿਕ ਨਗਰ ਵਿਵਸਥਾ ਦਾ ਮਾਰਗ ਦਿਖਾਇਆ ਹੈ।

ਊਂ ਨੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਕਿਸਾਨਾਂ ਦੇ ਹਿੱਤ ਵਿੱਚ ਇਤਿਹਾਸਕ ਫੈਸਲੇ ਲੈਂਦੇ ਹੋਏ ਗੰਨ੍ਹੇ ਦਾ ਸੱਭ ਤੋਂ ਵੱਧ 415 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਨਿਰਧਾਰਿਤ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਅੱਜ ਵੀਰ ਬਾਲ ਦਿਵਸ ਮੌਕੇ 'ਤੇ ਵੀਰ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ ਤਾਂ ਜੋ ਆਉਣ ਵਾਲੀ ਪੀੜ੍ਹੀਆਂ ਨੂੰ ਉਨ੍ਹਾਂ ਦੇ ਬਲਿਦਾਨ ਤੋਂ ਪ੍ਰੇਰਣਾ ਮਿਲ ਸਕੇ।

ਇਸ ਤੋਂ ਪਹਿਲਾਂ ਹਰਿਆਣਾ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਖੇਤਰ ਦੀ ਸਾਲਾਂ ਪੁਰਾਣੀ ਹਾਂਸੀ ਨੂੰ ਜਿਲ੍ਹਾ ਬਣਾਏ ਜਾਣ ਦੀ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਹਰਿਆਣਾ ਲਗਾਤਾਰ ਪ੍ਰਗਤੀ ਦੇ ਰਾਹ 'ਤੇ ਵੱਧ ਰਿਹਾ ਹੈ।

ਸ੍ਰੀ ਗੰਗਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਵਿਜ਼ਨ ਦੇਸ਼ ਨੂੰ ਸਾਲ 2047 ਤੱਕ ਵਿਕਸਿਤ ਰਾਸ਼ਟਰ ਬਨਾਉਣ ਦਾ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਇਹ ਟੀਚਾ ਸਮੇਂ ਤੋਂ ਪਹਿਲਾਂ ਹੀ ਪ੍ਰਾਪਤ ਕਰ ਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅੱਜ ਸੂਬਾ ਅਤੇ ਦੇਸ਼ ਵਿੱਚ ਵਿਕਾਸ ਦੀ ਗਤੀ ਲਗਾਤਾਰ ਤੇਜੀ ਨਾਲ ਅੱਗੇ ਵੱਧ ਰਹੀ ਹੈ। ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਨੇ ਆਪਣੇ ਸਵਾਗਤ ਭਾਸ਼ਨ ਵਿੱਚ ਮੁੱਖ ਮੰਤਰੀ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਭਾਗ ਦੇ ਵਿਜਨ ਅਤੇ ਰਾਖੀਗੜ੍ਹੀ ਦੇ ਮਹਤੱਵ ਨੂੰ ਦਸਿਆ। ਉਨ੍ਹਾਂ ਨੇ ਕਿਹਾ ਕਿ ਰਾਖੀਗੜ੍ਹੀ ਸਿਰਫ ਪੁਰਾਤੱਤਵਿਕ ਸਥਾਨ ਨਹੀਂ, ਸਗੋ ਭਾਰਤ ਦੀ ਪ੍ਰਾਚੀਨ ਸਭਿਆਤਾ ਦਾ ਜਿੰਦਾ ਗਵਾਹ ਹੈ। ਇਹ 6000 ਵਰਗ ਤੋਂ ਵੀ ਵੱਧ ਪੁਰਾਣੀ ਉਨੱਤ ਨਗਰ ਯੋਜਨਾ, ਸਵਾਜਿਕ ਸੰਗਠਨ ਅਤੇ ਸਭਿਆਚਾਰਕ ਖੁਸ਼ਹਾਲੀ ਨੂੰ ਪ੍ਰਦਰਸ਼ਿਤ ਕਰਦਾ ਹੈ।

# ਯੋਗ ਮਹਿਲਾਵਾਂ ਨੂੰ 2100 ਰੁਪਏ ਦੀ ਰਕਮ ਸਿੱਧੇ ਬੈਂਕ ਖਾਤਿਆਂ ਵਿੱਚ ਜਾਰੀ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਚੋਣ ਦੌਰਾਨ ਜਨਤਾ ਤੋਂ ਕੀਤੇ ਗਏ 217 ਸੰਕਲਪਾਂ ਵਿੱਚੋਂ ਹੁਣ ਤੱਕ 54 ਸੰਕਲਪਾਂ ਨੂੰ ਸਫਲਤਾਪੂਰਵਕ ਪੂਰਾ ਕਰ ਲਿਆ ਹੈ। ਇੰਨ੍ਹਾਂ ਵਿੱਚ ਮਹਿਲਾਵਾਂ ਦੇ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਸੰਕਲਪ ਲਾਡੋ ਲਕਛਮੀ ਯੋਜਨਾ ਵੀ ਸ਼ਾਮਿਲ ਹੈ, ਜੋ ਸੂਬੇ ਦੀ ਮਹਿਲਾਵਾਂ ਨੂੰ ਆਰਥਕ ਰੂਪ ਨਾਲ ਮਜਬੂਤ ਬਨਾਉਣ ਦੀ ਦਿਸ਼ਾ ਵਿੱਚ ਮੀਲ ਦਾ ਪੱਧਰ ਸਾਬਤ ਹੋ ਰਿਹਾ ਹੈ।

ਮੁੱਖ ਮੰਤਰੀ ਅੱਜ ਭਾਰਤ ਦੀ ਪ੍ਰਾਚੀਣ ਸਭਿਅਤਾ ਦੀ ਗੌਰਵਸ਼ਾਲੀ ਧਰੋਹਰ ਪਵਿੱਤਰ ਭੂਮੀ ਰਾਖੀਗੜ੍ਹੀ ਵਿੱਚ ਆਯੋਜਿਤ ਦੂਜੇ ਰਾਜ ਪੱਧਰੀ ਰਾਖੀਗੜ੍ਹੀ ਮਹੋਤਸਵ ਦੇ ਮੌਕੇ 'ਤੇ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਚੋਣਾਵੀ ਵਾਅਦਿਆਂ ਨੂੰ ਜਮੀਨੀ ਪੱਧਰ 'ਤੇ ਉਤਾਰਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਇਸ ਮੌਕੇ 'ਤੇ ਮੌਜੂਦ ਮਹਿਲਾਵਾਂ ਤੋਂ ਲਾਡੋ ਲਕਛਮੀ ਯੋਜਨਾਂ ਦਾ ਵੱਧ ਤੋਂ ਵੱਧ ਲਾਭ ਚੁੱਕਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਜੋ ਮਹਿਲਾਵਾਂ ਹੁਣ ਤੱਕ ਇਸ ਯੋਜਨਾ ਨਾਲ ਨਹੀਂ ਜੁੜੀਆਂ ਹਨ, ਉਹ ਜਲਦੀ ਆਪਣਾ ਰਜਿਸਟ੍ਰੇਸ਼ਣ ਕਰਵਾਉਣ। ਉਨ੍ਹਾਂ ਨੇ ਦਸਿਆ ਕਿ ਰਜਿਸਟ੍ਰੇਸ਼ਣ ਅਤੇ ਤਸਦੀਕ ਦੀ ਪ੍ਰਕ੍ਰਿਆ ਪੂਰੀ ਹੋਣ ਦੇ ਬਾਅਦ ਯੋਗ ਮਹਿਲਾਵਾਂ ਨੂੰ 2100 ਰੁਪਏ ਦੀ ਆਰਥਕ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪ੍ਰਦਾਨ ਕੀਤੀ ਜਾ ਰਹੀ ਹੈ।ਸ੍ਰੀ ਨਾਇਬ ਸਿੰਘ ਸੈਣੀ ਨੇ ਜਾਣਕਾਰੀ ਦਿੱਤੀ ਕਿ ਯੋਜਨਾ ਤਹਿਤ ਹੁਣ ਤੱਕ ਲਾਭਕਾਰਾਂ ਦੇ ਖਾਤਿਆਂ ਵਿੱਚ ਦੋ ਕਿਸਤਾਂ ਪਾਈਆਂ ਜਾ ਚੁੱਕੀਆਂ ਹਨ ।

# ਜਵੱਦੀ ਟਕਸਾਲ ਵਿਖੇ ਮਹਾਨ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਿਮਰਨ ਸਮਾਗਮ ਪ੍ਰਤੀ ਸੰਗਤਾਂ ਵਿੱਚ ਭਾਰੀ ਉਤਸ਼ਾਹ

## ਸੰਸਾਰ ਦੀ ਕੋਈ ਅਜਿਹੀ ਸਮੱਸਿਆ ਨਹੀਂ, ਜਿਸ ਦਾ ਹੱਲ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨਾ ਮਿਲਦਾ ਹੋਵੇ : ਸੰਤ ਬਾਬਾ ਅਮੀਰ ਸਿੰਘ

**ਲੁਧਿਆਣਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਲੰਘੀ 20 ਦਸੰਬਰ ਤੋਂ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਉਸ ਸਮੇਂ ਦੇ ਸਮੂਹ ਸਿੰਘਾਂ-ਸਿੰਘਣੀਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਜਵੱਦੀ ਟਕਸਾਲ ਵਿਖੇ ਆਰੰਭ ਹੋਏ ਵਿਸ਼ੇਸ਼ ਸਿਮਰਨ ਸਮਾਗਮਾਂ ਪ੍ਰਤੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

ਸਜੇ ਹੋਏ ਇਨ੍ਹਾਂ ਸਮਾਗਮਾਂ ਦੌਰਾਨ ਸੰਤ ਬਾਬਾ ਅਮੀਰ ਸਿੰਘ ਜੀ ਵੱਲੋਂ ਜੁੜੀਆਂ ਸੰਗਤਾਂ ਨੂੰ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ ਅਤੇ ਗੁਰਮਤਿ ਵਿਚਾਰਾਂ ਦੀ ਗਹਿਰੀ ਸਾਂਝ ਪਾਈ ਜਾ ਰਹੀ ਹੈ।

ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਤ ਬਾਬਾ ਅਮੀਰ ਸਿੰਘ ਜੀ ਨੇ ਫ਼ਰਮਾਇਆ ਕਿ ਲੋਕ ਜੀਵਨ ਵਿੱਚ ਆ ਚੁੱਕੇ ਨਿਘਾਰ ਨੂੰ ਦੂਰ ਕਰਨਾ ਇੱਕ ਬਹੁਤ ਵੱਡਾ ਤੇ ਔਖਾ ਕਾਰਜ ਹੈ।

ਇਹ ਮਹਾਨ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ ਅਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਆਪਣੇ ਯੋਗ, ਆਗਿਆਕਾਰੀ ਤੇ ਸਿਦਕੀ ਸਿੱਖ ਸੇਵਕ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਸਥਾਪਿਤ ਕਰਕੇ ਸਿੱਖੀ ਲਹਿਰ ਨੂੰ ਅੱਗੇ ਤੋਰਿਆ।

ਉਨ੍ਹਾਂ ਦੱਸਿਆ ਕਿ ਦਸਾਂ ਪਾਤਸ਼ਾਹੀਆਂ ਨੇ ਆਪਣੇ-ਆਪਣੇ ਗੁਰੂ ਕਾਲ ਦੌਰਾਨ ਲੋਕ ਜੀਵਨ ਨੂੰ ਨਿਖਾਰਿਆ ਤੇ ਸਵਾਰਿਆ। ਗੁਰਬਾਣੀ ਸ਼ਬਦਾਂ ਅਤੇ ਇਤਿਹਾਸਕ ਹਵਾਲਿਆਂ ਰਾਹੀਂ ਉਨ੍ਹਾਂ ਸਮਝਾਇਆ ਕਿ ਸਿੱਖ ਲਹਿਰ ਦਾ ਅਸਲ ਉਦੇਸ਼ ਜਗਤ ਸੁਧਾਰ ਹੀ ਰਿਹਾ ਹੈ।

ਸਿੱਖ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰੂ ਵਜੋਂ ਸਥਾਪਿਤ ਕਰਕੇ ਨਾ ਕੇਵਲ ਸਿੱਖ ਕੌਮ ਨੂੰ, ਸਗੋਂ ਸਮੂਹ ਮਨੁੱਖਤਾ ਦੇ ਕਲਿਆਣ ਲਈ ਇਕ ਅਟੱਲ ਰਾਹ ਦਰਸਾਇਆ। ਸੰਤ ਬਾਬਾ ਅਮੀਰ ਸਿੰਘ ਜੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਸੰਸਾਰ ਦੀ ਕੋਈ ਅਜਿਹੀ ਸਮੱਸਿਆ ਨਹੀਂ, ਜਿਸ ਦਾ ਹੱਲ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨਾ ਮਿਲਦਾ ਹੋਵੇ। ਲੋੜ ਸਿਰਫ ਸਾਡੇ ਸਮਰਪਣ, ਅਡਿੱਗ ਭਰੋਸੇ ਅਤੇ ਸੱਚੀ-ਨਿਰਮਲ ਸ਼ਰਧਾ ਭਾਵਨਾ ਦੀ ਹੈ। ਦੱਸਣਯੋਗ ਹੈ ਕਿ ਜਵੱਦੀ ਟਕਸਾਲ ਵਿਖੇ 20 ਦਸੰਬਰ ਤੋਂ ਰੋਜ਼ਾਨਾ ਸ਼ਾਮ 7:00 ਵਜੇ ਤੋਂ 8:15 ਵਜੇ ਤੱਕ ਮਹਾਨ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸ਼ਹੀਦੀ ਸਮਾਗਮ ਸਜਾਏ ਜਾ ਰਹੇ ਹਨ, ਜਿਨ੍ਹਾਂ ਦੌਰਾਨ ਮਹਾਂਪੁਰਸ਼ ਗੁਰਮਤਿ ਵਿਚਾਰਾਂ ਦੀ ਸਾਂਝ ਪਾ ਰਹੇ ਹਨ।

# ਟਰਾਈਸਿਟੀ ਵਾਸੀਆਂ ਲਈ ਵੱਡੀ ਖ਼ਬਰ: ਜ਼ੀਰਕਪੁਰ-ਬਾਈਪਾਸ ਪ੍ਰੋਜੈਕਟ ਨੂੰ ਮਿਲੀ ਜੰਗਲਾਤ ਵਿਭਾਗ ਦੀ ਹਰੀ ਝੰਡੀ

## 1,878 ਕਰੋੜ ਦਾ ਹੈ ਪ੍ਰੋਜੈਕਟ; ਟ੍ਰੈਫਿਕ ਜਾਮ ਤੋਂ ਮਿਲੇਗੀ ਵੱਡੀ ਰਾਹਤ



**ਜ਼ੀਰਕਪੁਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਜ਼ੀਰਕਪੁਰ-ਪੰਚਕੂਲਾ ਬਾਈਪਾਸ ਲਈ ਲੰਬੇ ਸਮੇਂ ਤੋਂ ਲਟਕ ਰਹੀ 'ਸਟੇਜ-2' ਜੰਗਲਾਤ ਕਲੀਅਰੈਂਸ ਨੂੰ ਆਖ਼ਰਕਾਰ ਮਨਜ਼ੂਰੀ ਦੇ ਦਿੱਤੀ ਹੈ। 1,878 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਮਹੱਤਵਪੂਰਨ ਪ੍ਰੋਜੈਕਟ ਦੀ ਫਾਈਲ ਜੰਗਲਾਤ ਸਕੱਤਰ ਵੱਲੋਂ ਸਿਫ਼ਾਰਸ਼ ਕੀਤੇ ਜਾਣ ਤੋਂ ਬਾਅਦ ਸ਼ੁੱਕਰਵਾਰ ਸਵੇਰੇ ਰਸਮੀ ਪ੍ਰਵਾਨਗੀ ਲਈ ਜੰਗਲਾਤ ਮੰਤਰੀ ਕੋਲ ਭੇਜ ਦਿੱਤੀ ਗਈ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਕਾਰਵਾਈ 'ਦ ਟ੍ਰਿਬਿਊਨ' ਵੱਲੋਂ ਇਸ ਦੇਰੀ ਬਾਰੇ ਪ੍ਰਕਾਸ਼ਿਤ ਕੀਤੀ ਗਈ ਵਿਸਥਾਰਤ ਰਿਪੋਰਟ ਤੋਂ ਕੁਝ ਘੰਟਿਆਂ ਬਾਅਦ ਹੀ ਹੋਈ ਹੈ। ਇਸ ਕਲੀਅਰੈਂਸ ਦੇ ਮਿਲਣ ਨਾਲ ਹੁਣ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (©819) ਲਈ ਟੈਂਡਰ ਜਾਰੀ ਕਰਨ ਅਤੇ ਕੰਮ ਸ਼ੁਰੂ ਕਰਨ ਦਾ ਰਸਤਾ ਸਾਫ਼ ਹੋ ਗਿਆ ਹੈ।

ਇਹ 19.2 ਕਿਲੋਮੀਟਰ ਲੰਬਾ ਛੇ-ਮਾਰਗੀ ਬਾਈਪਾਸ ਟ੍ਰਾਈਸਿਟੀ (ਚੰਡੀਗੜ੍ਹ, ਪੰਚਕੂਲਾ, ਮੁਹਾਲੀ) ਦੇ ਟ੍ਰੈਫਿਕ ਜਾਮ ਨੂੰ ਖ਼ਤਮ ਕਰਨ ਲਈ ਇੱਕ 'ਲਾਈਫਲਾਈਨ' ਸਾਬਤ ਹੋਵੇਗਾ। ਇਹ ਰਸਤਾ NH-G (ਜ਼ੀਰਕਪੁਰ-ਪਟਿਆਲਾ) ਨੂੰ NH-E (ਜ਼ੀਰਕਪੁਰ-ਪਰਵਾਣੂ) ਨਾਲ ਜੋੜੇਗਾ, ਜਿਸ ਵਿੱਚ 6.1 ਕਿਲੋਮੀਟਰ ਲੰਬਾ ਐਲੀਵੇਟਿਡ ਸੈਕਸ਼ਨ, ਕਈ ਫਲਾਈਓਵਰ ਅਤੇ ਅੰਡਰਪਾਸ ਸ਼ਾਮਲ ਹਨ।

ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਅੰਤਰਰਾਜੀ ਭਾਰੀ ਟ੍ਰੈਫਿਕ ਜ਼ੀਰਕਪੁਰ ਅਤੇ ਪੰਚਕੂਲਾ ਦੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਜਾਣ ਦੀ ਬਜਾਏ ਬਾਹਰੋਂ-ਬਾਹਰ ਨਿਕਲ ਜਾਵੇਗਾ। ਇਸ ਨਾਲ ਰੋਜ਼ਾਨਾ ਜਾਮ ਵਿੱਚ ਫਸਣ ਵਾਲੇ ਹਜ਼ਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

# ਨੌਜਵਾਨ ਵਰਗ ਨਾਲ ਕਾਂਗਰਸ ਨੂੰ ਮਿਲੇਗੀ ਮਜ਼ਬੂਤੀ: ਡਾ. ਗਾਂਧੀ



**ਪਟਿਆਲਾ, 31 ਦਸੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

: ਸੂਬੇ ਅੰਦਰ ਲੰਘੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਕਾਂਗਰਸ ਪਾਰਟੀ ਦੂਜੇ ਨੰਬਰ ਦੀ ਪਾਰਟੀ ਵਜੋਂ ਉਭਰ ਕੇ ਆਈ ਹੈ ਜਿਸ ਵਿਚ ਟੌਹੜਾ ਜੋਨ ਤੋਂ ਜਿਲ੍ਹਾ ਪ੍ਰੀਸ਼ਦ ਦੀ ਚੋਣ ਲੜਨ ਵਾਲੇ ਸੀਨੀਅਰ ਕਾਂਗਰਸੀ ਮਹੰਤ ਹਰਵਿੰਦਰ ਖਨੌੜਾ ਦੇ ਸਪੁੱਤਰ ਕੁੰਵਰ ਪ੍ਰਤਾਪ ਸਿੰਘ ਖਨੌੜਾ ਸਭ ਤੋਂ ਛੋਟੀ ਉਮਰ ਵਾਲਾ ਉਮੀਦਵਾਰ ਸੀ, ਜਿਸ ਨੂੰ ਲੋਕਾਂ ਨੇ ਅਥਾਹ ਪਿਆਰ ਬਖਸ਼ਿਆ ਤੇ ਵੱਡੇ ਮਾਰਜ਼ਨ ਨਾਲ ਚੋਣ ਜਿਤਾ ਕੇ ਮਹੰਤ ਖਨੌੜਾ ਦੀ ਲੋਕਪ੍ਰਿਅਤਾ 'ਤੇ ਮੋਹਰ ਲਗਾਈ ਹੈ। ਇਸ ਜਿੱਤ ਤੋਂ ਬਾਗੋ-ਬਾਗ ਹੋਏ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੇ ਜਿਲ੍ਹਾ ਪ੍ਰੀਸ਼ਦ ਜੇਤੂ ਮੈਂਬਰ ਕੁੰਵਰ ਪ੍ਰਤਾਪ ਸਿੰਘ ਖਨੌੜਾ ਨੂੰ ਫੁੱਲਾਂ ਦੇ ਬੁੱਕੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਡਾਕਟਰ ਗਾਂਧੀ ਨੇ ਪਿਤਾ-ਪੁੱਤਰ ਨੂੰ ਜਿੱਤ ਦੀ ਖੁਸ਼ੀ ਵਿਚ ਵਧਾਈ ਦਿੱਤੀ ਉਥੇ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਛੋਟੀ ਉਮਰ ਵਿਚ ਸਿਆਸਤ ਵਿਚ ਆਉਣਾ ਭਵਿੱਖ ਦੀ ਰਾਜ਼ਨੀਤੀ ਲਈ ਇੱਕ ਵੱਡਾ ਸੰਦੇਸ਼ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸਮੁੱਚੇ ਨੌਜਵਾਨਾਂ ਨੂੰ ਇਸ ਨੌਜਵਾਨ ਤੋਂ ਹਿੰਮਤ, ਉਤਸ਼ਾਹ ਅਤੇ ਪਲੈਨਿੰਗ ਸਿੱਖਣੀ ਚਾਹੀਦੀ ਹੈ ਕਿ ਕਿਵੇਂ ਭਵਿੱਖ ਵਿਚ ਵੱਖ-ਵੱਖ ਚੋਣਾਂ ਕਿਵੇਂ ਲੜੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਕੁੰਵਰ ਖਨੌੜਾ ਨੌਜਵਾਨਾਂ ਲਈ ਇੱਕ ਪ੍ਰੇਰਨਾਸ੍ਰੋਤ ਰਾਜਨੀਤਿਕ ਆਗੂ ਬਣ ਚੁੱਕੇ ਹਨ ਜੋ ਪਾਰਟੀ ਲਈ ਬੁਲਾਰੇ ਵਜੋਂ ਵੀ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਕਾਂਗਰਸ ਵਿਚ ਛੋਟੀ ਉਮਰ ਵਿਚ ਪਾਰਟੀ ਲਈ ਕੰਮ ਕਰਦੇ ਹਨ ਉਨ੍ਹਾਂ ਲਈ ਪਾਰਟੀ ਹਾਈਕਮਾਂਡ ਵੀ ਪੂਰਾ ਸਹਿਯੋਗ ਕਰਦੀ ਹੈ ਅਤੇ ਅਜਿਹੇ ਵਿਅਕਤੀਆਂ ਨੂੰ ਵੱਡੀਆਂ ਚੋਣਾਂ ਲੜਨ ਦਾ ਮੌਕਾ ਵੀ ਪ੍ਰਦਾਨ ਕਰਦੀ ਹੈ ਤਾਂ ਜੋ ਪਾਰਟੀ ਦੇ ਪਲੇਟਫਾਰਮ 'ਤੇ ਉਹ ਆਪਣੇ ਸੂਬੇ ਦੇ ਲੋਕਾਂ ਦੀ ਭਲਾਈ ਦੀ ਗੱਲ ਰੱਖ ਸਕਣ। ਇਸ ਮੌਕੇ ਕੁੰਵਰ ਪ੍ਰਤਾਪ ਸਿੰਘ ਖਨੌੜਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਜਦੋਂ ਵੀ ਕੋਈ ਦਿਸ਼ਾ ਨਿਰਦੇਸ਼ ਜਾਰੀ ਕਰੇਗੀ, ਉਸ ਮੁਤਾਬਕ ਕਾਰਜ ਕਰਨ ਲਈ ਵਚਨਬੱਧ ਹਾਂ। ਇਸ ਮੌਕੇ ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਕਿਹਾ ਕਿ ਮੇਰੇ ਪੁੱਤਰ ਨੂੰ ਜਿਤਾਉਣ ਵਾਲੇ ਲੋਕਾਂ ਦਾ ਹਮੇਸ਼ਾਂ ਧੰਨਵਾਦੀ ਰਹਾਂਗਾ ਅਤੇ ਕਾਂਗਰਸ ਪਾਰਟੀ ਲਈ ਦਿਨ ਰਾਤ ਇੱਕ ਕਰਕੇ ਮਜ਼ਬੂਤੀ ਵੱਲ ਵਧਾਂਵਾਂਗੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਣਾ ਕੇ ਮੁੜ ਤੋਂ ਲੋਕਾਂ ਦੀ ਸੇਵਾ ਵਿਚ ਹਾਜ਼ਰ ਹੋਵਾਂਗੇ।

# ਆਈਟੀਆਈ ਨੰਗਲ ਵਿਖੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਕੀਤਾ ਗਿਆ ਨਮਨ

**ਨੰਗਲ, 27 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਤਕਨੀਨੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ ਅੱਜ ਸਰਬੰਸਦਾਨੀ, ਸਾਹਿਬ-ਏ-ਕਮਾਲ,ਦਸਮ ਪਾਤਿਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ।ਇਸ ਮੌਕੇ ਸਥਾਨਕ ਉਦਯੋਗਿਕ ਸਿਖਲਾਈ ਸੰਸਥਾਂ ਨੰਗਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆਂ ਗਿਆ ।ਇਸ ਮੌਕੇ ਸਿੱਖਿਆਰਥੀਆਂ ਵਲੋਂ ਸਾਹਿਬਜਾਦਿਆਂ ਦੀ ਸਹਾਦਤ ਨਾਲ ਸਬੰਧਤ ਕਵਿਤਾਵਾਂ,ਸ਼ਬਦ ਅਤੇ ਲੈਕਚਰ ਪੜ੍ਹੇ ਗਏ ਅਤੇ ਸਾਹਿਬਜਾਦਿਆਂ ਦੀ ਸਹਾਦਤ ਦੀ ਨਮਨ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਸਿੱਖਿਆਰਥਣਾ ਨੂੰ ਸਾਹਿਬਜਾਦਿਆਂ ਦੀ ਸ਼ਹਾਦਤ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਹਿਬਜਾਦਿਆਂ ਦੀ ਸਹਾਦਤ ਦਾ ਇਤਿਹਾਸ ਆਪਣੇ ਆਪ ਚ ਲਾਸਾਨੀ ਅਤੇ ਵਿਲੱਖਣ ਹੈ। ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਇਤਿਹਾਸ 'ਚ ਸਾਕਾ ਸਰਹਿੰਦ ਉਹ ਘਟਨਾ ਹੈ, ਜਿਸ ਨੇ ਸਿੱਖ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਰੋਹ ਦੀ ਅੱਗ ਨੂੰ ਹੋਰ ਤਿੱਖਾ ਕੀਤਾ ਅਤੇ ਇਸ ਤੋਂ ਸਕਤੀ ਤੇ ਪ੍ਰੇਰਨਾ ਲੈ ਕੇ ਸਿੱਖਾਂ ਨੇ ਜਾਲਮ ਮੁਗਲ ਹਕੂਮਤ ਨਾਲ ਜਬਰਦਸਤ ਟੱਕਰ ਲਈ। ਜਿਸ ਸਮੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਨੂੰ ਸੂਬਾ ਸਰਹਿੰਦ ਦੇ ਹੁਕਮ ਨਾਲ ਜਿੰਦਾ ਨੀਹਾਂ 'ਚ ਚਿਣ ਕੇ ਸਹੀਦ ਕੀਤਾ ਗਿਆ ਤਾਂ ਸਾਹਿਬਜਾਦਿਆਂ ਦੀ ਉਮਰ ਭਾਵੇਂ ਬਹੁਤ ਛੋਟੀ ਸੀ, ਪਰੰਤੂ ਸਾਹਿਬਜਾਦਿਆਂ ਨੇ ਜਿਸ ਦਲੇਰੀ, ਸਿਦਕਦਿਲੀ ਅਤੇ ਜਿੰਦਾਦਿਲੀ ਨਾਲ ਸੂਬੇ ਦੀ ਕਚਹਿਰੀ 'ਚ ਸਵਾਲਾਂ ਦੇ ਜਵਾਬ ਦਿੱਤਾ, ਉਸ ਵਲੋਂ ਧਰਮ ਛੱਡਣ ਖਾਤਰ ਦਿੱਤੇ ਜਾ ਰਹੇ ਲਾਲਚਾਂ ਨੂੰ ਠੁਕਰਾਇਆ ,ਜਿਸ ਦਾ ਵਿਸਵ ਦੇ ਧਰਮ ਇਤਿਹਾਸ ਅੰਦਰ ਕੋਈ ਮਿਸਾਲ ਨਹੀ ਮਿਲਦੀ।

# 'ਯੁੱਧ ਨਸ਼ਿਆਂ ਵਿਰੁੱਧ': 300ਵੇਂ ਦਿਨ, ਪੰਜਾਬ ਪੁਲਿਸ ਵੱਲੋਂ 2.8 ਕਿਲੋਗ੍ਰਾਮ ਹੈਰੋਇਨ ਸਮੇਤ 84 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 300ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 327 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 63 ਐਫਆਈਆਰਜ਼ ਦਰਜ ਕਰਕੇ 84 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 300 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 41,881 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.8 ਕਿਲੋ ਹੈਰੋਇਨ, 1 ਕਿਲੋ ਅਫੀਮ, 518 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8890 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 64 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 327 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 360 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 27 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਫਿਰੋਜ਼ਪੁਰ ਦੇ 10 ਸਾਲਾਂ ਮਾਸਟਰ ਸ਼ਰਵਣ ਸਿੰਘ ਸਾਹਸ, ਸੇਵਾ ਅਤੇ ਸਿੱਖ ਰਿਵਾਇਤ ਦੀ ਸ਼ਾਨ

**ਨਵੀਂ ਦਿੱਲੀ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੇ ਪਿੰਡ ਚੱਕ ਤਾਰ ਵਾਲੀ ਦੇ ਰਹਿਣ ਵਾਲੇ 10 ਸਾਲਾ ਮਾਸਟਰ ਸ਼ਰਵਣ ਸਿੰਘ ਨੂੰ ਉਨ੍ਹਾਂ ਦੀ ਅਸਾਧਾਰਣ ਬਹਾਦੁਰੀ, ਸੂਝ-ਬੂਝ ਅਤੇ ਨਿਸ਼ਕਾਮ ਸੇਵਾ ਦੇ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ ਸਨਮਾਨਿਤ ਕਰਨ ਤੇ ਉਸ ਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਬੱਚੇ ਭਾਰਤ ਦੇਸ਼ ਦਾ ਮਾਣ ਹਨ ਅਤੇ ਭਵਿੱਖ ਦੇ ਭਾਰਤ ਦੀ ਮਜ਼ਬੂਤ ਨੀਂਹ ਹਨ। ਇਹ ਸਨਮਾਨ ਮਾਸਟਰ ਸ਼ਰਵਣ ਸਿੰਘ ਨੂੰ ਅੱਜ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਵੱਲੋਂ ਵਿਗਿਆਨ ਭਵਨ, ਨਵੀਂ ਦਿੱਲੀ ਵਿਖੇ ਦਿੱਤਾ ਗਿਆ ਹੈ।

ਸਰਦਾਰ ਕਾਲਕਾ ਨੇ ਦੱਸਿਆ ਕਿ ਮਾਸਟਰ ਸ਼ਰਵਣ ਸਿੰਘ ਨੂੰ ਮਈ 2025 ਦੌਰਾਨ ਹੋਈ ਓਪਰੇਸ਼ਨ ਸਿੰਦੂਰ ਸਮੇਂ ਦਰਸਾਈ ਗਈ ਉਸ ਦੀ ਅਸਧਾਰਣ ਹਿੰਮਤ, ਹਾਜ਼ਰ ਦਿਮਾਗੀ ਅਤੇ ਮਨੁੱਖੀ ਜ਼ਿੰਦਗੀਆਂ ਦੀ ਰੱਖਿਆ ਲਈ ਕੀਤੀ ਨਿਸ਼ਕਾਮ ਸੇਵਾ ਦੇ ਮੱਦੇਨਜ਼ਰ ਇਹ ਗੌਰਵਮਈ ਸਨਮਾਨ ਦਿੱਤਾ ਗਿਆ ਹੈ।

# ਐਂਟੀ ਡਰੱਗ ਕੈਂਪੇਨ ਤਹਿਤ ਜ਼ਿਲੇ ਦੇ ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ



**ਮਲੇਰਕੋਟਲਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਐਂਟੀ ਡਰੱਗ ਕੈਂਪੇਨ ਤਹਿਤ ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਇਹ ਅਭਿਆਨ ਆਂਗਣਵਾੜੀ ਸੁਪਰਵਾਈਜ਼ਰਾਂ ਅਤੇ ਵਰਕਰਾਂ ਦੇ ਸਹਿਯੋਗ ਨਾਲ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਦੌਰਾਨ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਸਥਾਨਕ ਲੋਕਾਂ ਨੂੰ ਨਸ਼ਿਆਂ ਦੇ ਭਿਆਨਕ ਨੁਕਸਾਨਾਂ ਬਾਰੇ ਵਿਸਥਾਰਪੂਰਕ ਜਾਣਕਾਰੀ ਦਿੱਤੀ ਗਈ।

ਸੁਪਰਵਾਈਜ਼ਰਾਂ ਵੱਲੋਂ ਦੱਸਿਆ ਗਿਆ ਕਿ ਨਸ਼ਾ ਸਿਰਫ਼ ਵਿਅਕਤੀ ਦੀ ਸਿਹਤ ਨੂੰ ਹੀ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ। ਆਂਗਣਵਾੜੀ ਵਰਕਰਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਪਰਿਵਾਰ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਜਾਗਰੂਕਤਾ ਕੈਂਪੇਨ ਦੌਰਾਨ ਪੋਸਟਰਾਂ, ਨਾਰਿਆਂ ਅਤੇ ਸਾਧਾਰਨ ਭਾਸ਼ਾ ਵਿੱਚ ਦਿੱਤੇ ਗਏ ਸੰਦੇਸ਼ਾਂ ਰਾਹੀਂ ਨਸ਼ਾ ਮੁਕਤ ਜੀਵਨ ਅਪਣਾਉਣ ਦੀ ਅਪੀਲ ਕੀਤੀ ਗਈ। ਸੁਪਰਵਾਈਜ਼ਰਾਂ ਨੇ ਕਿਹਾ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਸਮਾਜ ਨੂੰ ਨਸ਼ਿਆਂ ਖ਼ਿਲਾਫ਼ ਸਚੇਤ ਕਰਨਾ ਅਤੇ ਭਵਿੱਖ ਦੀ ਪੀੜ੍ਹੀ ਨੂੰ ਨਸ਼ਾ ਮੁਕਤ, ਸਿਹਤਮੰਦ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣਾ ਹੈ। ਇਸ ਮੌਕੇ ਮਾਪਿਆ ਨੂੰ ਬੱਚਿਆਂ ਨਾਲ ਦੋਸਤਾਨਾ ਸਬੰਧ ਬਣਾਉਣ, ਉਨ੍ਹਾਂ ਦੀ ਦਿਨਚਰਿਆ 'ਤੇ ਨਿਗਰਾਨੀ ਰੱਖਣ ਅਤੇ ਨਸ਼ੇ ਦੀ ਕਿਸੇ ਵੀ ਸ਼ੁਰੂਆਤੀ ਨਿਸ਼ਾਨੀ ਨੂੰ ਸਮੇਂ ਸਿਰ ਪਛਾਣਨ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਉਪਰੰਤ ਸਾਰੇ ਹਾਜ਼ਰੀਨਾਂ ਵੱਲੋਂ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਨਾਂ ਨੂੰ ਵੀ ਇਸ ਵਿਰੁੱਧ ਜਾਗਰੂਕ ਕਰਨ ਦਾ ਸੰਕਲਪ ਲਿਆ ਗਿਆ। ਇਸ ਮੌਕੇ ਆਂਗਣਵਾੜੀ ਸੁਪਰਵਾਈਜ਼ਰ ਤਬੱਸੁਮ, ਰੁਚੀ ਗੁਪਤਾ, ਨਿਰਮਲ ਕੌਰ, ਫ਼ਰਾਨਾ, ਕਰਮਜੀਤ ਕੌਰ, ਰਨਵੀਰ ਕੌਰ, ਅਮਨਦੀਪ ਕੌਰ, ਰਨਦੀਪ ਕੌਰ, ਬਲਪ੍ਰੀਤ ਕੌਰ, ਪਰਦੀਪ ਕੌਰ ਅਤੇ ਬਿਸਮਿਲ ਬੇਗਮ ਸਮੇਤ ਆਂਗਣਵਾੜੀ ਵਰਕਰ ਸ਼ਰਨਜੀਤ ਕੌਰ, ਹਰਪ੍ਰੀਤ ਕੌਰ, ਕਰਮਜੀਤ ਕੌਰ, ਕੁਲਵੀਰ ਕੌਰ, ਮੀਨੂ ਕੁਮਾਰੀ ਅਤੇ ਬਲਜਿੰਦਰ ਕੌਰ ਵੱਲੋਂ ਭਾਗ ਲਿਆ ਗਿਆ।

# ਲਾਲੜੂ ਨਗਰ ਕੌਂਸਲ ਦੀ ਨਵੀਂ ਵਾਰਡਬੰਦੀ 'ਤੇ ਹੰਗਾਮਾ: ਅਕਾਲੀ ਦਲ ਨੇ ਚੁੱਕੇ ਵੱਡੇ ਸਵਾਲ



**ਲਾਲੜੂ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਲਾਲੜੂ ਦੀ ਨਵੀਂ ਵਾਰਡਬੰਦੀ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਨਕ ਇਕਾਈ ਨੇ ਇਸ ਵਾਰਡਬੰਦੀ ਨੂੰ ਨਿਯਮਾਂ ਅਤੇ ਭੂਗੋਲਿਕ ਸਥਿਤੀ ਦੇ ਵਿਰੁੱਧ ਦੱਸਦਿਆਂ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ (5®) ਕੋਲ ਲਿਖਤੀ ਇਤਰਾਜ਼ ਦਰਜ ਕਰਵਾਏ ਹਨ।

ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਇਹ ਵਾਰਡਬੰਦੀ ਸਿਰਫ਼ ਸੱਤਾਧਾਰੀ ਧਿਰ ਦੇ ਆਗੂਆਂ ਨੂੰ ਸਿਆਸੀ ਫਾਇਦਾ ਪਹੁੰਚਾਉਣ ਲਈ ਕੀਤੀ ਗਈ ਹੈ।

ਆਗੂਆਂ ਅਨੁਸਾਰ ਵਾਰਡ ਨੰਬਰ 1, 2, 14, 16 ਅਤੇ 17 ਨੂੰ ਤਿੰਨ-ਤਿੰਨ ਹਿੱਸਿਆਂ ਵਿੱਚ ਵੰਡ ਕੇ ਉਲਝਾ ਦਿੱਤਾ ਗਿਆ ਹੈ। ਪਿੰਡ ਦੱਪਰ, ਚਾਂਦਹੇੜੀ ਅਤੇ ਮਗਰਾ ਦੇ ਵਾਰਡਾਂ ਨੂੰ ਵੀ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ।

ਵਾਰਡ ਨੰਬਰ 13 ਵਿੱਚ ਸਭ ਤੋਂ ਵੱਧ ਵੋਟਰ ਅਤੇ ਇਲਾਕਾ ਸ਼ਾਮਲ ਕੀਤਾ ਗਿਆ ਹੈ, ਜਦੋਂਕਿ ਵਾਰਡ ਨੰਬਰ 14 ਵਿੱਚ ਸਭ ਤੋਂ ਘੱਟ ਵੋਟਾਂ ਰੱਖੀਆਂ ਗਈਆਂ ਹਨ, ਜੋ ਕਿ ਪੱਖਪਾਤੀ ਰਵੱਈਆ ਹੈ।

ਦੋਸ਼ ਲਾਇਆ ਗਿਆ ਹੈ ਕਿ SC, OBC ਅਤੇ ਜਨਰਲ ਕੈਟੇਗਰੀ ਦੀ ਜਨਸੰਖਿਆ ਨੂੰ ਨਜ਼ਰਅੰਦਾਜ਼ ਕਰਕੇ ਵਾਰਡਾਂ ਦਾ ਰਾਖਵੇਂਕਰਨ ਕੀਤਾ ਗਿਆ ਹੈ।

ਅੰਬਾਲਾ-ਚੰਡੀਗੜ੍ਹ ਮੁੱਖ ਮਾਰਗ ਅਤੇ ਰੇਲਵੇ ਲਾਈਨ ਦੇ ਦੋਵੇਂ ਪਾਸੇ ਦੇ ਇਲਾਕਿਆਂ ਨੂੰ ਇੱਕੋ ਵਾਰਡ ਵਿੱਚ ਮਿਲਾ ਕੇ ਭੂਗੋਲਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗੁਰਬਿੰਦਰ ਸਿੰਘ ਹਸਨਪੁਰ ਅਤੇ ਸਾਬਕਾ ਪ੍ਰਧਾਨ ਬੱਲੂ ਸਿੰਘ ਰਾਣਾ ਸਮੇਤ ਹੋਰਨਾਂ ਆਗੂਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਨ੍ਹਾਂ ਗਲਤੀਆਂ ਨੂੰ ਨਾ ਸੁਧਾਰਿਆ, ਤਾਂ ਉਹ ਇਨਸਾਫ਼ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖਟਖਟਾਉਣਗੇ।

# ਸ਼ਹਿਰ ਵਾਸੀਆਂ ਨੂੰ ਮਿਲੇਗੀ ਟਰੈਫ਼ਿਕ ਦੀ ਸਮੱਸਿਆ ਤੋਂ ਨਿਜਾਤ: ਮੇਅਰ

## ਕਈ ਮਹੱਤਵਪੂਰਨ ਸੜਕਾਂ 'ਤੇ ਹੋਣਗੇ ਵੱਡੇ ਬਦਲਾਅ : ਕੁੰਦਨ ਗੋਗੀਆ



**ਪਟਿਆਲਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਲਗਾਤਾਰ ਵਧ ਰਹੀ ਟਰੈਫ਼ਿਕ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਟਰੈਫ਼ਿਕ ਸਿਟੀ ਇੰਚਾਰਜ-1 ਜਪਨਾਮ ਸਿੰਘ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਸੁਚੱਜੇ ਟਰੈਫ਼ਿਕ ਪ੍ਰਬੰਧ ਲਈ ਕਈ ਨਵੇਂ ਫ਼ੈਸਲੇ ਲਏ ਗਏ। ਇਸ ਮੀਟਿੰਗ ਦਾ ਮੁੱਖ ਮਕਸਦ ਟਰੈਫ਼ਿਕ ਜਾਮ ਕਾਰਨ ਲੋਕਾਂ ਨੂੰ ਹੋ ਰਹੀਆਂ ਦਿਨ-ਰਾਤ ਦੀਆਂ ਮੁਸ਼ਕਲਾਂ ਦਾ ਹੱਲ ਲੱਭਣਾ ਅਤੇ ਆਉਣ ਵਾਲੇ ਸਮੇਂ ਵਿੱਚ ਸਫ਼ਰ ਨੂੰ ਹੋਰ ਸੌਖਾ ਬਣਾਉਣਾ ਸੀ।

ਮੇਅਰ ਨੇ ਦੱਸਿਆ ਕਿ ਸ਼ਹਿਰ ਦੇ ਮਹੱਤਵਪੂਰਨ ਰੂਟਾਂ 'ਤੇ ਆਵਾਜਾਈ ਨੂੰ ਕੰਟਰੋਲ ਕਰਨ ਲਈ ਖ਼ਾਸ ਪਲੈਨ ਤਿਆਰ ਕੀਤਾ ਗਿਆ ਹੈ। ਲੀਲਾ ਭਵਨ ਤੋਂ ਅਮਰ ਹਸਪਤਾਲ ਵਾਲੀ ਸੜਕ, ਲੀਲਾ ਭਵਨ ਤੋਂ ਫ਼ਵਾਰਾ ਚੌਂਕ ਰਾਹੀਂ ਬੈਕ ਸਾਈਡ ਸਰਕਾਰੀ ਰਜਿੰਦਰਾ ਹਸਪਤਾਲ, ਬਡੂੰਗਰ ਰੋਡ ਖਾਲਸਾ ਕਾਲਜ ਨੂੰ ਜਾਂਦੀ ਸੜਕ, ਪੁਰਾਣੇ ਬੱਸ ਸਟੈਂਡ ਤੋਂ ਲਾਹੌਰੀ ਗੇਟ ਵੱਲ ਸਰਕਾਰੀ ਮਾਤਾ ਕੁਸ਼ੱਲਿਆ ਹਸਪਤਾਲ ਵਾਲੀ ਸੜਕ,ਅਤੇ ਸ਼ਹਿਰ ਦੀਆਂ ਹੋਰ ਨਾਮਵਰ ਸੜਕਾਂ ਨੂੰ ਖ਼ਾਸ ਤੌਰ 'ਤੇ ਇਸ ਯੋਜਨਾ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਖੇਤਰਾਂ ਵਿੱਚ ਲੰਬੇ ਸਮੇਂ ਤੋਂ ਜਾਮ ਦੀ ਸਮੱਸਿਆ ਕਾਰਨ ਐਮਰਜੈਂਸੀ ਸੇਵਾਵਾਂ ਨੂੰ ਵੀ ਅਕਸਰ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਟਰੈਫ਼ਿਕ ਇੰਚਾਰਜ-1 ਜਪਨਾਮ ਸਿੰਘ ਨੇ ਮੀਟਿੰਗ ਦੌਰਾਨ ਜਾਣਕਾਰੀ ਦਿੱਤੀ ਕਿ ਸੜਕਾਂ ਦੇ ਦੋਨੋਂ ਪਾਸਿਆਂ ਗ਼ੈਰ-ਕਾਨੂੰਨੀ ਪਾਰਕਿੰਗ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਈ ਸਥਾਨਾਂ 'ਤੇ ਨੋ-ਪਾਰਕਿੰਗ ਜ਼ੋਨ, ਨਵੀਆਂ ਬੈਰੀਕੇਡਿੰਗ ਅਤੇ ਨਵੇਂ ਟਰੈਫ਼ਿਕ ਸਿਗਨਲ ਸਿਸਟਮ ਲਗਾਉਣ ਦੀ ਯੋਜਨਾ ਬਣਾਈ ਗਈ ਹੈ।

ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਸਵੇਰ ਸਕੂਲ ਸਮੇਂ ਅਤੇ ਸ਼ਾਮ ਦਫ਼ਤਰੀ ਸਮੇਂ ਦੌਰਾਨ ਖਾਸ ਰੂਟਾਂ ਨੂੰ ਸਮਾਰਟ ਟਰੈਫ਼ਿਕ ਮੈਨੇਜਮੈਂਟ ਸਿਸਟਮ ਹੇਠ ਲਿਆ ਜਾਵੇ, ਤਾਂ ਜੋ ਇਹਨਾਂ ਘੰਟਿਆਂ ਵਿੱਚ ਵਾਹਨ ਚਲਾਣਾ ਸੌਖਾ ਹੋ ਸਕੇ। ਇਸੇ ਨਾਲ ਵਪਾਰੀ ਐਸੋਸੀਏਸ਼ਨਾਂ ਅਤੇ ਬਜ਼ਾਰ ਕਮੇਟੀਆਂ ਨਾਲ ਵੀ ਸਹਿਯੋਗ ਲਈ ਗੱਲਬਾਤ ਕੀਤੀ ਜਾਵੇਗੀ, ਤਾਂ ਜੋ ਦੁਕਾਨਦਾਰਾਂ ਅਤੇ ਵਾਹਨ ਚਾਲਕਾਂ ਨੂੰ ਨਿਯਮਾਂ ਦੀ ਪਾਲਣਾ ਲਈ ਜਾਗਰੂਕ ਕੀਤਾ ਜਾ ਸਕੇ।

ਮੇਅਰ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਟਰੈਫ਼ਿਕ ਯੋਜਨਾ ਨੂੰ ਬਹੁਤ ਜਲਦ ਹੀ ਲਾਗੂ ਕੀਤਾ ਜਾਵੇਗਾ । ਉਨਾਂ ਨੇ ਕਿਹਾ ਕਿ ਸਾਡਾ ਟੀਚਾ ਸ਼ਹਿਰ ਵਾਸੀਆਂ ਨੂੰ ਸੁਚੱਲ ਟਰੈਫ਼ਿਕ ਦੀ ਸਹੂਲਤ ਦੇਣਾ ਹੈ, ਤਾਂ ਜੋ ਹਰ ਸਫ਼ਰ ਬਿਨਾਂ ਰੁਕਾਵਟ ਦੇ ਮੁਕੰਮਲ ਹੋ ਸਕੇ ।

# ਸੀਓਪੀਡੀ ਦੁਨੀਆ ਭਰ ਵਿੱਚ ਦਿਲ ਅਤੇ ਕੈਂਸਰ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਮੌਤ ਦਾ ਕਾਰਨ : ਡਾ. ਅਪਰਜੋਤ ਬਰਾੜ

## ਲੋਕਾਂ ਦੀ ਚੰਗੀ ਸਿਹਤ ਲਈ ਪਾਰਕ ਹਸਪਤਾਲ ਵਿਖੇ ਪ੍ਰੈਸ ਕਾਨਫਰੰਸ ਆਯੋਜਿਤ

**ਪਟਿਆਲਾ, 31 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਲੋਕਾਂ ਦੀ ਚੰਗੀ ਸਹਿਤ ਲਈ ਪਾਰਕ ਹਸਪਤਾਲ ਵਿਖੇ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਪਾਰਕ ਹਸਪਤਾਲ, ਪਟਿਆਲਾ ਦੇ ਡਾਕਟਰਾਂ ਦੀ ਟੀਮ, ਪਲਮੋਨੋਲੋਜੀ ਕੰਸਲਟੈਂਟ ਡਾ. ਅਪਾਰਜੋਤ ਬਰਾੜ, ਇੰਟਰਨਲ ਮੈਡੀਸਨ ਕੰਸਲਟੈਂਟ ਡਾ ਕਮਲਦੀਪ ਸਿੰਘ ਸੋਢੀ, ਡਾ ਬਲਵਿੰਦਰ ਕੁਮਾਰ, ਡਾ ਅਮਰਜੀਤ ਸਿੰਘ ਅਤੇ ਮੈਡੀਕਲ ਆਪ੍ਰੇਸ਼ਨਜ਼ ਦੇ ਮੀਤ ਪ੍ਰਧਾਨ ਡਾ. ਬ੍ਰਹਮ ਪ੍ਰਕਾਸ਼ ਸਮੇਤ ਪਾਰਕ ਹਸਪਤਾਲ ਪਟਿਆਲਾ ਦੇ ਡਾਕਟਰਾਂ ਦੀ ਇਕ ਟੀਮ ਨੇ ਸ਼ੁੱਕਰਵਾਰ ਨੂੰ ਇਕ ਪ੍ਰੈਸ ਕਾਨਫਰੰਸ ਦੌਰਾਨ ਕ੍ਰੋਨਿਕ ਓਬਸਟ੍ਰਕਟਿਵ ਪਲਮਨਰੀ ਰੋਗਾਂ (ਸੀਓਪੀਡੀ) ਬਾਰੇ ਵੱਖ-ਵੱਖ ਤੱਥਾਂ ਅਤੇ ਮਿੱਥਾਂ ਨੂੰ ਸਾਂਝਾ ਕੀਤਾ। ਪਲਮੋਨੋਲੋਜੀ ਕੰਸਲਟੈਂਟ ਡਾ ਅਪਾਰਜੋਤ ਬਰਾੜ, ਪਾਰਕ ਹਸਪਤਾਲ ਪਟਿਆਲਾ ਨੇ ਕਿਹਾ, ÷ਸੀਓਪੀਡੀ ਭਾਰਤ ਵਿੱਚ ਲਗਭਗ 63 ਮਿਲੀਅਨ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ, ਜੋ ਕਿ ਵਿਸ਼ਵ ਦੀ ਸੀਓਪੀਡੀ ਆਬਾਦੀ ਦਾ ਲਗਭਗ 32% ਹੈ। ਦੁਨੀਆ ਭਰ ਵਿੱਚ ਦਿਲ ਦੀਆਂ ਸਮੱਸਿਆਵਾਂ ਅਤੇ ਕੈਂਸਰ ਤੋਂ ਬਾਅਦ ਇਸ ਦਾ ਤੀਜਾ ਸਭ ਤੋਂ ਵੱਡਾ ਮੌਤ ਦਾ ਕਾਰਨ ਹੈ। ਇਹ ਏਡਜ਼, ਟੀਬੀ, ਮਲੇਰੀਆ ਅਤੇ ਸ਼ੂਗਰ ਤੋਂ ਵੱਧ ਮੌਤਾਂ ਦਾ ਕਾਰਨ ਹੈ।

ਕੰਸਲਟੈਂਟ-ਇੰਟਰਨਲ ਮੈਡੀਸਨ, ਪਾਰਕ ਹਸਪਤਾਲ ਪਟਿਆਲਾ ਡਾ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਭਾਰਤ ਵਿੱਚ ਸੀਓਪੀਡੀ ਦਾ ਪ੍ਰਸਾਰ ਲਗਭਗ 5.5 ਤੋਂ 7.55% ਹੈ ਅਤੇ ਹਾਲ ਹੀ ਦੇ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਪੁਰਸ਼ਾਂ ਵਿੱਚ ਸੀਓਪੀਡੀ ਦਾ ਪ੍ਰਸਾਰ ਦਰ ਮਰਦਾਂ ਵਿੱਚ 22% ਅਤੇ ਔਰਤਾਂ ਵਿੱਚ 19% ਤੱਕ ਹੈ।

ਡਾ ਕਮਲਦੀਪ ਸਿੰਘ ਸੋਢੀ ਨੇ ਸਾਂਝਾ ਕੀਤਾ ਕਿ ਸੀਓਪੀਡੀ ਦਾ ਕੋਈ ਸਥਾਈ ਇਲਾਜ ਨਹੀਂ ਹੈ, ਪਰ ਵਧੇਰੇ ਨੁਕਸਾਨ ਨੂੰ ਰੋਕਣ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਇਲਾਜ ਦੇ ਵਿਕਲਪ ਉਪਲਬਧ ਹਨ।

ਡਾ ਅਮਰਜੀਤ ਸਿੰਘ ਨੇ ਕਿਹਾ, ਜਿਵੇਂ ਜਿਵੇਂ ਤਾਪਮਾਨ ਘਟਦਾ ਹੈ, ਸੀਓਪੀਡੀ ਵਾਲੇ ਲੋਕਾਂ ਨੂੰ ਬਿਮਾਰੀ ਦਾ ਖਤਰਾ ਵਧੇਰੇ ਹੁੰਦਾ ਹੈ। ਠੰਡੇ ਮੌਸਮ ਦੌਰਾਨ ਲੱਛਣ ਵਧੇਰੇ ਵਿਗੜ ਜਾਂਦਾ ਹੈ। ਫੇਫੜਿਆਂ 'ਤੇ ਠੰਡੇ ਮੌਸਮ ਦੇ ਪ੍ਰਭਾਵ ਬਹੁਤ ਜ਼ਿਆਦਾ ਹੋ ਸਕਦੇ ਹਨ ਅਤੇ ਠੰਡੇ ਵਾਤਾਵਰਣ ਦੇ ਗੰਭੀਰ ਸੰਪਰਕ ਸਾਹ ਪ੍ਰਣਾਲੀ ਵਿੱਚ ਨਾਟਕੀ ਤਬਦੀਲੀਆਂ ਦਾ ਕਾਰਨ ਬਣਦੇ ਹਨ। ਜੇ ਕੋਈ ਸੀਓਪੀਡੀ ਮਰੀਜ਼ ਕੋਵਿਡ ਦਾ ਵਿਕਾਸ ਕਰਦਾ ਹੈ, ਤਾਂ ਇਹ ਜਾਨਲੇਵਾ ਹੋ ਸਕਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੀਓਪੀਡੀ ਦੇ ਜੋਖਮ ਦੇ ਕਈਕਾਰਕ ਹੁੰਦੇ ਹਨ ਜਿਵੇਂ ਕਿਃ- ਬਚਪਨ ਵਿੱਚ ਸਾਹ ਦੀ ਲਾਗ ਦਾ ਇਤਿਹਾਸ, ਕੋਲੇ ਜਾਂ ਲੱਕੜ ਦੇ ਸਟੋਵ ਤੋਂ ਧੂੰਏਂ ਦੇ ਸੰਪਰਕ ਵਿੱਚ ਆਉਣਾ, ਦਮੇ ਦੇ ਇਤਿਹਾਸ ਵਾਲੇ ਲੋਕ, ਉਮਰ 40 ਸਾਲ ਤੋਂ ਵੱਧ ਆਦਿ। ਇਸਤੋਂ ਇਲਾਵਾ ਉਨ੍ਹਾਂ ਨੇ ਸੀਓਪੀਡੀ ਦੇ ਲੱਛਣ ਅਤੇ ਚਿੰਨ੍ਹਾਂ ਦਾ ਜ਼ਿਕਰ ਕੀਤਾ ਜਿਵੇਂ ਕਿ ਪੁਰਾਣੀ ਖੰਘ ਜੋ ਸਾਫ਼, ਚਿੱਟਾ, ਪੀਲਾ, ਜਾਂ ਹਰਾ ਬਲ਼ਗਮ ਪੈਦਾ ਕਰ ਸਕਦੀ ਹੈ, ਵਾਰ ਵਾਰ ਸਾਹ ਦੀ ਲਾਗ, ਅਚਾਨਕ ਭਾਰ ਘਟਣਾ, ਸਾਹ ਲੈਣ ਵਿੱਚ ਤਕਲੀਫ਼ ਆਦਿ। ਉਪਰੋਕਤ ਤੋਂ ਇਲਾਵਾ ਡਾਕਟਰ ਅਪਾਰਜੋਤ ਕੌਰ ਨੇ ਇਸ ਸਬੰਧੀ ਜ਼ਰੂਰੀ ਟੈਸਟ ਅਤੇ ਇਲਾਜ਼ ਸਬੰਧੀ ਬਹੁਤ ਵਧੀਆ ਜਾਣਕਾਰੀ ਦਿੱਤੀ।

# ਮਨਰੇਗਾ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਨਾਲ ਖੋਹੀ ਜਾ ਰਹੀ ਗਰੀਬਾਂ ਦੀ ਰੋਟੀ: ਚਰਨਜੀਤ ਚੰਨੀ

ਕੌਮੀ ਪਤ੍ਰਿਕਾ

ਜਲੰਧਰ 31 ਦਸੰਬਰ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਇਕ ਪ੍ਰੈੱਸ ਕਾਨਫਰੰਸ ਦੌਰਾਨ ਸੰਸਦ ਮੈਂਬਰ ਚੰਨੀ ਨੇ ਕਿਹਾ ਕਿ ਮਨਰੇਗਾ ਨੂੰ ਖ਼ਤਮ ਕਰਨ ਜਾਂ ਕਮਜ਼ੋਰ ਕਰਨ ਦਾ ਸਿੱਧਾ ਅਸਰ ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ ਦੇ ਗਰੀਬ, ਮਜ਼ਦੂਰ ਅਤੇ ਦਿਹਾਤੀ ਵਰਗ 'ਤੇ ਪਵੇਗਾ। ਚੰਨੀ ਨੇ ਕਿਹਾ ਕਿ ਭਾਜਪਾ ਅਤੇ ਆਰ. ਐੱਸ. ਐੱਸ. ਗਰੀਬਾਂ, ਦਲਿਤਾਂ, ਆਦਿਵਾਸੀਆਂ ਅਤੇ ਪਿਛੜੇ ਵਰਗਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਬਜਟ ਵਿਚ ਲਗਾਤਾਰ ਕਟੌਤੀ ਕਰ ਰਹੀਆਂ ਹਨ। ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਇਸ ਦੀ ਵੱਡੀ ਉਦਾਹਰਣ ਹੈ, ਜਿਸ ਵਿਚ ਪਹਿਲਾਂ ਕੇਂਦਰ ਸਰਕਾਰ 100 ਫੀਸਦੀ ਖਰਚਾ ਸਹਿਣ ਕਰਦੀ ਸੀ। ਸੰਸਦ ਮੈਂਬਰ ਨੇ ਦੱਸਿਆ ਕਿ ਭਾਜਪਾ ਸਰਕਾਰ ਨੇ ਇਸ ਯੋਜਨਾ ਵਿਚ ਪਹਿਲਾਂ 90:10 ਅਤੇ ਫਿਰ 60:40 ਦਾ ਅਨੁਪਾਤ ਤੈਅ ਕਰ ਦਿੱਤਾ, ਜਿਸ ਤਹਿਤ ਹੁਣ ਸੂਬਿਆਂ 'ਤੇ 40 ਫੀਸਦੀ ਖਰਚ ਦਾ ਬੋਝ ਪਾ ਦਿੱਤਾ ਗਿਆ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ ਬੁਨਿਆਦੀ ਯੋਜਨਾਵਾਂ ਲਈ ਵੀ ਧਨ ਨਹੀਂ ਹੈ, ਅਜਿਹੀ ਸਥਿਤੀ ਵਿਚ ਉਹ 40 ਫੀਸਦੀ ਹਿੱਸਾ ਕਿਵੇਂ ਸਹਿਣ ਕਰੇਗੀ। ਇਸ ਦਾ ਨਤੀਜਾ ਇਹ ਹੋਇਆ ਕਿ ਦਲਿਤ ਅਤੇ ਗਰੀਬ ਵਰਗ ਦੇ ਬੱਚੇ ਸਿੱਖਿਆ ਤੋਂ ਵਾਂਝੇ ਹੋ ਰਹੇ ਹਨ। ਸਾਬਕਾ ਮੁੱਖ



ਮੰਤਰੀ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਮਨਰੇਗਾ ਨੂੰ ਖਤਮ ਕਰ ਕੇ ਉਸ ਦੀ ਥਾਂ 'ਤੇ ਜੋ ਨਵਾਂ ਕਾਨੂੰਨ ਲਿਆ ਰਹੀ ਹੈ, ਉਸ ਵਿਚ ਵੀ ਕੇਂਦਰ ਦਾ ਹਿੱਸਾ ਘਟਾ ਕੇ 60 ਫੀਸਦੀ ਕਰ ਦਿੱਤਾ ਗਿਆ ਹੈ ਅਤੇ ਬਾਕੀ 40 ਫੀਸਦੀ ਸੂਬਿਆਂ ਨੂੰ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਰਗੇ ਆਰਥਿਕ ਸੰਕਟ ਨਾਲ ਜੂਝ ਰਹੇ ਸੂਬੇ ਲਈ ਇਹ ਅਸੰਭਵ ਹੈ, ਜਿਸ ਕਾਰਨ ਸੂਬੇ ਵਿਚ ਮਨਰੇਗਾ ਦੇ ਪੂਰੀ ਤਰ੍ਹਾਂ ਬੰਦ ਹੋਣ ਦਾ ਖਦਸ਼ਾ ਹੈ। ਸੰਸਦ ਮੈਂਬਰ ਚੰਨੀ ਨੇ ਕਿਹਾ ਕਿ ਪੰਜਾਬ ਦੇ ਲੱਗਭਗ ਹਰ ਪਿੰਡ ਵਿਚ 100 ਦੇ ਲੱਗਭਗ ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੀ ਰੋਜ਼ੀ-ਰੋਟੀ ਮਨਰੇਗਾ 'ਤੇ ਨਿਰਭਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 1 ਸਾਲ ਵਿਚ ਮਨਰੇਗਾ ਤਹਿਤ ਮਜ਼ਦੂਰਾਂ ਨੂੰ ਸਿਰਫ 15 ਦਿਨਾਂ ਦਾ ਹੀ ਕੰਮ ਮਿਲਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ 4 ਸਾਲਾਂ ਵਿਚ ਮਨਰੇਗਾ ਨੂੰ ਗੰਭੀਰਤਾ ਨਾਲ ਲਾਗੂ ਹੀ ਨਹੀਂ ਕੀਤਾ। ਅਜਿਹੀ ਸਥਿਤੀ ਵਿਚ ਹੁਣ 40 ਫੀਸਦੀ ਕਿਥੋਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਆਟਾ-ਦਾਲ ਯੋਜਨਾ, ਸ਼ਗਨ ਯੋਜਨਾ, ਕੱਚੇ ਮਕਾਨਾਂ ਨੂੰ ਪੱਕੇ ਕਰਨ ਦੀ ਯੋਜਨਾ ਸਮੇਤ ਕਈ ਲੋਕ ਭਲਾਈ ਯੋਜਨਾਵਾਂ ਬੰਦ ਪਈਆਂ ਹਨ। ਕਾਂਗਰਸ ਸਰਕਾਰ ਦੇ ਕਾਰਜਕਾਲ ਵਿਚ ਸਰਕਾਰੀ ਕਰਮਚਾਰੀਆਂ ਨੂੰ 13 ਫੀਸਦੀ ਮਹਿੰਗਾਈ ਭੱਤਾ ਦਿੱਤਾ ਗਿਆ ਸੀ ਪਰ ਅੱਜ ਕਰਮਚਾਰੀਆਂ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ। ਸੰਸਦ ਮੈਂਬਰ ਚੰਨੀ ਨੇ ਕਿਹਾ ਕਿ ਹੁਣ ਤਕ ਮਨਰੇਗਾ ਤਹਿਤ ਕੰਮ ਤੈਅ ਕਰਨ ਦਾ ਅਧਿਕਾਰ ਗ੍ਰਾਮ ਸਭਾਵਾਂ ਅਤੇ ਪੰਚਾਇਤਾਂ ਕੋਲ ਸੀ ਪਰ ਹੁਣ ਨਵੀਂ ਵਿਵਸਥਾ ਵਿਚ ਵਿਕਾਸ ਕਾਰਜਾਂ ਦੇ ਪ੍ਰਸਤਾਵ ਡੀ. ਸੀ. ਜ਼ਰੀਏ ਕੇਂਦਰ ਸਰਕਾਰ ਨੂੰ ਭੇਜੇ ਜਾਣਗੇ, ਇਸ ਨਾਲ ਨਾ ਸਿਰਫ ਪਿੰਡਾਂ ਦੇ ਵਿਕਾਸ 'ਤੇ ਰੋਕ ਲੱਗੇਗਾ, ਸਗੋਂ ਸੂਬਿਆਂ ਦੇ ਅਧਿਕਾਰਾਂ ਦਾ ਵੀ ਘਾਣ ਹੋਵੇਗਾ। ਉਨ੍ਹਾਂ ਕਿਹਾ ਕਿ ਮਨਰੇਗਾ ਸਿਰਫ ਇਕ ਰੋਜ਼ਗਾਰ ਯੋਜਨਾ ਨਹੀਂ, ਸਗੋਂ ਦਿਹਾਤੀ ਭਾਰਤ ਅਤੇ ਗਰੀਬਾਂ ਦੀ ਜੀਵਨ ਰੇਖਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਇਸ ਯੋਜਨਾ ਨੂੰ ਕਮਜ਼ੋਰ ਕਰ ਕੇ ਸੂਬਿਆਂ ਦੀ ਖ਼ੁਦਮੁਖਤਿਆਰੀ ਖਤਮ ਕਰਨਾ ਚਾਹੁੰਦੀ ਹੈ। ਕਾਂਗਰਸ ਪਾਰਟੀ ਮਨਰੇਗਾ ਅਤੇ ਗਰੀਬਾਂ ਦੇ ਹੱਕ ਦੀ ਲੜਾਈ ਸੜਕ ਤੋਂ ਸੰਸਦ ਤਕ ਲੜੇਗੀ। ਪਾਰਟੀ ਪਿੰਡ-ਪਿੰਡ ਜਾ ਕੇ ਅੰਦੋਲਨ ਕਰੇਗੀ ਅਤੇ ਮਹਾਪੰਚਾਇਤਾਂ, ਧਰਨਿਆਂ ਤੇ ਰੈਲੀਆਂ ਜ਼ਰੀਏ ਜਨਤਾ ਨੂੰ ਜਾਗਰੂਕ ਕੀਤਾ ਜਾਵੇਗਾ। ਸੰਸਦ ਮੈਂਬਰ ਚੰਨੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਮਨਰੇਗਾ ਨੂੰ ਉਸ ਦੇ ਪੁਰਾਣੇ ਸਰੂਪ ਵਿਚ ਬਹਾਲ ਕੀਤਾ ਜਾਵੇ ਅਤੇ ਮਜ਼ਦੂਰਾਂ ਨੂੰ ਘੱਟ ਤੋਂ ਘੱਟ 125 ਤੋਂ 150 ਦਿਨ ਦਾ ਕੰਮ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤਕ ਗਰੀਬਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਮਿਲੇਗਾ, ਕਾਂਗਰਸ ਚੁੱਪ ਨਹੀਂ ਬੈਠੇਗੀ। ਉਨ੍ਹਾਂ ਪੰਜਾਬ ਦੀ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ 'ਤੇ ਵੀ ਗੰਭੀਰ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਜਲੰਧਰ ਹੀ ਨਹੀਂ, ਸਗੋਂ ਪੂਰੇ ਪੰਜਾਬ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਬੇਹੱਦ ਚਿੰਤਾਜਨਕ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿਚ ਉਨ੍ਹਾਂ ਦੀ ਘਰ ਦੇ ਨੇੜੇ 2 ਧੜਿਆਂ ਵਿਚਕਾਰ ਝਗੜੇ ਦੌਰਾਨ ਗੋਲੀਆਂ ਚੱਲੀਆਂ, ਜੋ ਕਿ ਸੂਬੇ ਵਿਚ ਵਧਦੇ ਜੁਰਮਾਂ ਦਾ ਸਬੂਤ ਹੈ। ਇਸ ਮੌਕੇ ਜ਼ਿਲ੍ਹਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰਾਜਿੰਦਰ ਬੇਰੀ, ਦਿਹਾਤੀ ਦੇ ਪ੍ਰਧਾਨ ਲਾਡੀ ਸ਼ੇਰੋਵਾਲੀਆ, ਵਿਧਾਇਕ ਬਾਵਾ ਹੈਨਰੀ, ਵੈਸਟ ਹਲਕੇ ਦੀ ਇੰਚਾਰਜ ਸੁਰਿੰਦਰ ਕੌਰ ਸਣੇ ਕਈ ਹੋਰ ਮੌਜੂਦ ਰਹੇ।

## ਦਰਦਨਾਕ ! ਪੇਟ 'ਚ ਗੋਲੀ ਲੱਗਣ ਨਾਲ ਹੋਈ ਨੌਜਵਾਨ ਦੀ ਮੌਤ

ਅਬੋਹਰ, 31 ਦਸੰਬਰ। ਅਬੋਹਰ ਨੇੜੇ ਢਾਣੀ ਸੁੱਚਾ ਸਿੰਘ ਦੇ ਰਹਿਣ ਵਾਲੇ ਦਰਸ਼ਨ ਸਿੰਘ (ਬਲਾਕ ਕਮੇਟੀ ਮੈਂਬਰ) ਦੇ ਪੁੱਤਰ ਹਰਪਿੰਦਰ ਸਿੰਘ ਉਰਫ ਸੋਨੂੰ ਦੇ ਪੇਟ ਵਿੱਚ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ। ਜ਼ਖਮੀ ਹਰਪਿੰਦਰ ਨੂੰ ਅਬੋਹਰ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸਦੀ ਹਾਲਤ ਨਾਜ਼ੁਕ ਹੋਣ ਕਾਰਨ ਉਸਨੂੰ ਰੈਫਰ ਕਰ ਦਿੱਤਾ ਗਿਆ। ਬਠਿੰਡਾ ਵਿੱਚ ਇਲਾਜ ਦੌਰਾਨ ਹਰਪਿੰਦਰ ਸਿੰਘ ਦੀ ਮੌਤ ਹੋ ਗਈ। ਮੁੱਢਲੀ ਜਾਣਕਾਰੀ ਅਨੁਸਾਰ, ਲਗਭਗ 27 ਸਾਲ ਦਾ ਹਰਪਿੰਦਰ ਸਿੰਘ ਬਿਸਤਰੇ 'ਤੇ ਪਿਆ ਸੀ ਅਤੇ ਜਿਵੇਂ ਹੀ ਉਹ ਮੁੜਿਆ ਨੇੜੇ ਪਈ ਪਿਸਤੌਲ ਵਿੱਚੋਂ ਗੋਲੀ ਚੱਲੀ, ਜੋ ਉਸਦੇ ਪੇਟ ਵਿੱਚ ਲੱਗੀ। ਐਨਆਰਆਈ ਹਰਪਿੰਦਰ ਸਿੰਘ ਕੁਝ ਮਹੀਨੇ ਪਹਿਲਾਂ ਵਿਦੇਸ਼ ਤੋਂ ਵਾਪਸ ਆਇਆ ਸੀ। ਸਦਰ ਥਾਣਾ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਕਾਰਾਂ ਦੀ ਭਿਆਨਕ ਟੱਕਰ ਦੌਰਾਨ ਨੌਜਵਾਨ ਦੀ ਮੌਤ

ਮੋਹਾਲੀ 31 ਦਸੰਬਰ। ਇੱਥੇ ਸੈਕਟਰ-76 ਤੋਂ ਚੱਪੜਚਿੜੀ ਰੋਡ 'ਤੇ ਸੋਮਵਾਰ ਸਵੇਰੇ ਦੋ ਕਾਰਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕੀ ਮੌਕੇ 'ਤੇ ਹੀ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸਾਹਿਬ ਸਿੰਘ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਚੌਂਕੀ ਇੰਡਸਟਰੀਅਲ ਏਰੀਆ ਫੇਜ਼-8ਬੀ ਦੀ ਹੱਦ ਅੰਦਰ ਵਾਪਰਿਆ, ਜਿੱਥੇ ਇੱਕ ਫਾਰਚੂਨਰ ਅਤੇ ਇੱਕ ਆਈ-20 ਕਾਰ ਦੀ ਜ਼ਬਰਦਸਤ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ।ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਗਿਆ।

# ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਤੋਂ ਪਹਿਲਾਂ ਅਸ਼ਵਨੀ ਸ਼ਰਮਾ ਦੇ ਸਿਆਸੀ ਹਮਲੇ

ਜਲੰਧਰ 31 ਦਸੰਬਰ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਮਨਰੇਗਾ ਸਕੀਮ ਨੂੰ ਲੈ ਕੇ ਮਾਨ ਸਰਕਾਰ ਅਤੇ ਕਾਂਗਰਸ 'ਤੇ ਤਿੱਖੇ ਸ਼ਬਦੀ ਹਮਲੇ ਬੋਲੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਇਕ ਸਾਲ ਤੋਂ ਮਜ਼ਦੂਰਾਂ ਨੂੰ ਕੋਈ ਕੰਮ ਨਹੀਂ ਦਿੱਤਾ ਹੈ। 31 ਦਸੰਬਰ ਯਾਨੀ ਕਿ ਭਲਕੇ ਮੰਗਲਵਾਰ ਨੂੰ ਹੋਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਲੈ ਕੇ ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਚੱਲ ਰਹੀ ਹੈ ਅਤੇ ਲੋਕਤੰਤਰ ਦੀ ਦੁਹਾਈ ਦੇ ਕੇ ਇਹ ਸਰਕਾਰ ਹਮੇਸ਼ਾ ਲੋਕਤੰਤਰ ਦਾ ਕਤਲ ਕਰਦੀ ਆਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮੇਂ-ਸਮੇਂ 'ਤੇ ਵਿਸ਼ੇਸ਼ ਸੈਸ਼ਨ ਲਿਆ ਕੇ ਹਮੇਸ਼ਾ ਖਾਨਾਪੂਰਤੀ ਹੀ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮੁੱਦੇ 'ਤੇ ਪੰਜਾਬ ਸਰਕਾਰ ਵਿਸ਼ੇਸ਼ ਸੈਸ਼ਨ ਬੁਲਾਉਣ ਜਾ ਰਹੀ ਹੈ, ਉਸ ਨਾਲ ਸਿਰਫ਼ ਲੋਕਾਂ ਦਾ ਸਮਾਂ ਹੀ ਬਰਬਾਦ ਨਹੀਂ ਹੋਵੇਗਾ, ਸਗੋਂ ਸਦਨ ਦਾ ਪੈਸਾ ਵੀ ਬਰਬਾਦ ਹੋਵੇਗਾ। ਉਨ੍ਹਾਂ ਕਿਹਾ ਕਿ ਜਦਕਿ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਬਜਟ ਸੈਸ਼ਨ, ਮਾਨਸੂਨ ਸੈਸ਼ਨ ਅਤੇ ਸੀਤ ਸੈਸ਼ਨ ਬੁਲਾਏ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਮਨਰੇਗਾ ਸਕੀਮ ਲਿਆਂਦੀ ਗਈ ਸੀ ਅਤੇ ਸਮੇਂ-ਸਮੇਂ 'ਤੇ ਇਸ ਸਕੀਮ ਵਿਚ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਸਾਹਮਣੇ ਆਈਆਂ ਹਨ। ਮਜ਼ਦੂਰਾਂ ਨੂੰ ਰੋਜ਼ਗਾਰ ਦੀ ਗਾਰੰਟੀ ਦੇਣ ਲਈ ਇਹ ਮਨਰੇਗਾ ਸਕੀਮ ਲਿਆਂਦੀ ਗਈ ਹੈ ਪਰ ਉਸ ਵਿਚ ਭ੍ਰਿਸ਼ਟਾਚਾਰ ਹੋ ਰਿਹਾ ਹੈ। ਕਈ ਸੂਬਿਆਂ ਵਿਚੋਂ ਕਈ ਕਮੀਆਂ ਨਿਕਲ ਕੇ ਸਾਹਮਣੇ ਆਈਆਂ ਹਨ।



ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਜੇਕਰ ਸਕੀਮ ਵਿਚ ਕੋਈ ਕਮੀ ਨਜ਼ਰ ਆ ਰਹੀ ਹੈ, ਉਸ 'ਤੇ ਵਿਚਾਰ-ਵਟਾਂਦਰਾ ਕਰਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕਾਂਗਰਸ ਮਨਰੇਗਾ ਦੇ ਮਜ਼ਦੂਰਾਂ ਨੂੰ ਗੁੰਮਰਾਹ ਕਰ ਰਹੀ ਹੈ। ਇਸ ਦੇ ਪਿੱਛੇ ਇਹ ਕਾਰਨ ਕਿ ਇਸ ਵਿਚ ਭ੍ਰਿਸ਼ਟਾਚਾਰ ਕਰਨ ਵਾਲੇ ਕਈ ਆਗੂ ਅਤੇ ਪ੍ਰਸ਼ਾਸਨਿਕ ਢਾਂਚਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਇਸ ਸਕੀਮ ਖ਼?ਲਾਫ਼ ਝੂਠ ਫੈਲਾਉਣ ਲਈ ਗ੍ਰਾਮ ਪੰਚਾਇਤਾਂ ਦੇ ਕੋਲ ਫਾਰਮ ਭੇਜੇ ਜਾ ਰਹੇ ਹਨ। ਇੰਨਾ ਹੀ ਨਹੀਂ ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਝੂਠ ਬੋਲ ਕੇ ਉਨ੍ਹਾਂ ਫਾਰਮਾਂ 'ਤੇ ਦਸਤਖ਼ਤ ਕਰਵਾਏ ਜਾ ਰਹੇ ਹਨ। ਉਨ੍ਹਾਂ ਦੋਸ਼ ਲਾਉਂਦੇ ਕਿਹਾ ਕਿ ਪੰਜਾਬ ਅੰਦਰ ਮਨਰੇਗਾ ਵਿਚ ਬਹੁਤ ਵੱਡਾ ਫਰੀਜ਼ਵਾੜਾ ਹੋਇਆ ਹੈ, ਜਿਸ ਨੂੰ ਪੰਜਾਬ ਸਰਕਾਰ ਲੁਕਾ ਰਹੀ ਹੈ। ਉਨ੍ਹਾਂ ਕਿਹਾ ਕਿ 3986 ਮਾਮਲੇ ਭ੍ਰਿਸ਼ਟਾਚਾਰ ਦੇ ਸਾਹਮਣੇ ਆਏ ਹਨ। ਪੰਜਾਬ ਸਰਕਾਰ ਨੇ ਅਜੇ ਤੱਕ ਕੋਈ ਵੀ ਐਕਸ਼ਨ ਨਹੀਂ ਲਿਆ ਗਿਆ ਹੈ। ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲਗਾਤਾਰ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ, ਗੋਲ?ਆਂ ਚੱਲ ਰਹੀਆਂ ਹਨ ਅਤੇ ਲਗਾਤਾਰ ਕਤਲ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਖਿਡਾਰੀ ਤੱਕ ਵੀ ਪੰਜਾਬ ਵੀ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸੈਸ਼ਨ ਬੁਲਾਉਣਾ ਹੀ ਸੀ ਤਾਂ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਬੁਲਾਉਂਦੇ।

# ਹਲਕਾਏ ਕੁੱਤੇ ਨੇ ਮੱਝ ਨੂੰ ਵੱਢਿਆ ! ਮਗਰੋਂ ਦੁੱਧ ਦਾ ਬਣਿਆ ਰਾਇਤਾ ਖਾ ਕੇ ਅੱਧਾ ਪਿੰਡ ਹਸਪਤਾਲ 'ਦਾਖਲ'

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 31 ਦਸੰਬਰ। ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਦੇ ਪਿੰਡ ਪਿਪਰੌਲ ਵਿੱਚ ਇੱਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 'ਤੇਰ੍ਹਵੀਂ' ਸਮਾਗਮ ਵਿੱਚ ਸ਼ਾਮਲ ਹੋਏ ਸੈਂਕੜੇ ਲੋਕਾਂ ਵਿੱਚ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਖਾਣੇ 'ਚ ਵਰਤਾਏ ਗਏ ਰਾਇਤੇ 'ਚ ਜਿਹੜਾ ਦੁੱਧ ਵਰਤਿਆ ਸੀ, ਉਸ ਮੱਝ ਨੂੰ ਪਾਗਲ ਕੁੱਤੇ ਨੇ ਕੱਟਿਆ ਸੀ, ਜਿਸ ਤੋਂ ਬਾਅਦ ਵਿੱਚ ਉਸ ਮੱਝ ਦੀ ਮੌਤ ਹੋ ਗਈ। ਇਸ ਖ਼ਬਰ ਤੋਂ ਬਾਅਦ ਪੂਰੇ ਪਿੰਡ ਵਿੱਚ ਰੈਬੀਜ਼ ਫੈਲਣ ਦੇ ਡਰੋਂ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜਾਣਕਾਰੀ ਅਨੁਸਾਰ ਪਿੰਡ ਪਿਪਰੌਲ ਵਿੱਚ 23 ਦਸੰਬਰ ਨੂੰ ਤੇਰ੍ਹਵੀਂ ਦਾ ਸਮਾਗਮ ਆਯੋਜਿਤ ਕੀਤਾ ਗਿਆ ਸੀ, ਜਿਸ 'ਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਅਤੇ ਦੂਰ-ਦੁਰਾਡੇ ਤੋਂ ਆਏ ਰਿਸ਼ਤੇਦਾਰਾਂ ਨੇ ਸ਼ਿਰਕਤ ਕੀਤੀ ਸੀ। ਖਾਣੇ 'ਚ ਪਰੋਸਿਆ ਗਿਆ ਰਾਇਤਾ ਕਈ ਮੱਝਾਂ ਦੇ ਦੁੱਧ ਨੂੰ ਮਿਲਾ ਕੇ ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਉਸ ਮੱਝ ਦਾ ਦੁੱਧ ਵੀ ਸ਼ਾਮਲ ਸੀ ਜਿਸ ਨੂੰ ਕੁਝ ਦਿਨ ਪਹਿਲਾਂ



ਇੱਕ ਕੁੱਤੇ ਨੇ ਕੱਟ ਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਜਿਸ ਮੱਝ ਨੂੰ ਕੁੱਤੇ ਨੇ ਕੱਟਿਆ ਸੀ, ਉਸ ਦੀ 26 ਦਸੰਬਰ ਨੂੰ ਮੌਤ ਹੋ ਗਈ। ਜਿਵੇਂ ਹੀ ਇਹ ਖ਼ਬਰ ਲੋਕਾਂ ਤੱਕ ਪਹੁੰਚੀ, ਤਾਂ ਰਾਇਤੇ ਦੇ ਸੇਵਨ ਕਰਨ ਵਾਲੇ ਲੋਕਾਂ ਦੇ ਹੋਸ਼ ਉੱਡ ਗਏ। ਰੈਬੀਜ਼ ਦੇ ਡਰੋਂ ਪਿੰਡ ਦੇ 150 ਤੋਂ ਵੱਧ ਲੋਕ ਤੁਰੰਤ ਉਝਾਨੀ ਦੇ ਸਿਹਤ ਕੇਂਦਰ ਅਤੇ ਨਿੱਜੀ ਹਸਪਤਾਲਾਂ ਵਿੱਚ ਵੈਕਸੀਨ ਲਗਵਾਉਣ ਲਈ ਪਹੁੰਚ ਗਏ। ਬਾਹਰੋਂ ਆਏ ਰਿਸ਼ਤੇਦਾਰਾਂ ਸਮੇਤ ਹੁਣ ਤੱਕ ਲਗਭਗ 250 ਲੋਕਾਂ ਵੱਲੋਂ ਵੈਕਸੀਨ ਲਗਵਾਉਣ ਦਾ ਅਨੁਮਾਨ ਹੈ। ਟੀਕਾਕਰਨ ਕਰਵਾਉਣ ਪਹੁੰਚੇ ਪਿੰਡ ਵਾਸੀਆਂ ਨੇ ਦੱਸਿਆ ਕਿ ਭੋਜ ਵਿੱਚ ਸੈਂਕੜੇ ਲੋਕਾਂ ਨੇ ਰਾਇਤੇ ਦਾ ਸੇਵਨ ਕੀਤਾ ਸੀ, ਜਿਸ ਕਾਰਨ ਸਾਰੇ ਬੇਹੱਦ ਡਰੇ ਹੋਏ ਸਨ। ਹਾਲਾਂਕਿ, ਸਿਹਤ ਵਿਭਾਗ ਦੀ ਟੀਮ ਨੇ ਪਿੰਡ ਵਾਸੀਆਂ ਨੂੰ ਸਮਝਾਇਆ ਹੈ ਕਿ ਸਾਵਧਾਨੀ ਵਜੋਂ ਵੈਕਸੀਨ ਲਗਵਾਉਣਾ ਬਿਲਕੁਲ ਸਹੀ ਕਦਮ ਹੈ।

# ਮਿੰਟਾਂ 'ਚ ਮੁੰਡੇ ਦੀ ਲੱਗ ਗਈ 8.40 ਕਰੋੜ ਦੀ ਲਾਟਰੀ

ਸਪੋਰਟਸ ਡੈਸਕ 31 ਦਸੰਬਰ। ਜੰਮੂ-ਕਸ਼ਮੀਰ ਕ੍ਰਿਕਟ ਨੇ ਆਈ.ਪੀ.ਐੱਲ. ਸੀਜ਼ਨ 19 ਦੇ ਮਿੰਨੀ ਆਕਸ਼ਨ 'ਚ ਨਵਾਂ ਇਤਿਹਾਸ ਰਚ ਦਿੱਤਾ ਹੈ। ਬਾਰਾਮੂਲਾ 'ਚ ਪੈਦਾ ਹੋਏ ਤੇਜ਼ ਗੇਂਦਬਾਜ਼ ਆਕਿਬ ਨਬੀ ਡਾਰ ਨੂੰ ਦਿੱਲੀ ਕੈਪੀਟਲਜ਼ ਨੇ 8.40 ਕਰੋੜ ਰੁਪਏ ਦੀ ਵੱਡੀ ਰਕਮ ਨਾਲ ਖਰੀਦਿਆ। ਇਸਦੇ ਨਾਲ ਹੀ ਆਕਿਬ ਆਈ.ਪੀ.ਐੱਲ. ਆਕਸ਼ਨ 'ਚ ਸਭ ਤੋਂ ਮਹਿੰਗੇ ਭਾਰਤੀ ਖਿਡਾਰੀਆਂ 'ਚ ਸ਼ਾਮਲ ਹੋ ਗਏ ਹਨ। ਇਹ ਸੌਦਾ ਸਿਰਫ ਆਕਿਬ ਨਬੀ ਡਾਰ ਦੀ ਵਧਦੀ ਪਛਾਣ ਨੂੰ ਹੀ ਨਹੀਂ ਦਰਸ਼ਾਉਂਦਾ ਸਗੋਂ ਜੰਮੂ-ਕਸ਼ਮੀਰ ਵਰਗੇ ਖੇਤਰ ਲਈ ਵੀ ਇਕ ਇਤਿਹਾਸਿਕ ਪਲ ਮੰਨਿਆ ਜਾ ਰਿਹਾ ਹੈ, ਜਿਥੇ ਸੀਮਿਤ ਸਾਧਨਾਂ ਅਤੇ ਘੱਟ ਮੌਕੇ ਮਿਲਣ ਦੇ ਬਾਵਜੂਦ ਲਗਾਤਾਰ ਪ੍ਰਤੀਭਾਸ਼ਾਲੀ ਕ੍ਰਿਕਟਰ ਸਾਹਮਣੇ ਆ ਰਹੇ ਹਨ। 28 ਸਾਲਾ ਸੱਜੇ ਹੱਥ ਦੇ ਤੇਜ਼ ਗੇਂਦਬਾਜ਼ ਆਕਿਬ ਨਬੀ ਡਾਰ ਇਸ ਨਿਲਾਮੀ 'ਚ ਜੰਮੂ-ਕਸ਼ਮੀਰ ਦੇ ਖਿਡਾਰੀਆਂ ਦੀ ਅਗਵਾਈ ਕਰ ਰਹੇ ਸਨ। ਘਰੇਲੂ ਕ੍ਰਿਕਟ 'ਚ ਉਨ੍ਹਾਂ ਨੇ ਆਪਣੀ ਸਹੀ ਗੇਂਦਬਾਜ਼ੀ, ਅਨੁਸ਼ਾਸਨ ਅਤੇ ਮੁਸ਼ਕਿਲ ਹਲਾਤਾਂ 'ਚ ਗੇਂਦ ਨੂੰ ਸਵਿੰਗ ਕਰਾਉਣ ਦੀ ਕਾਬਲੀਅਤ ਤੋਂ ਅਲੱਗ ਪਛਾਣ ਬਣਾਈ ਹੈ। ਉਹ ਸਾਰੇ ਫਾਰਮੇਟ 'ਚ ਜੰਮੂ-ਕਸ਼ਮੀਰ ਲਈ ਲਗਾਤਾਰ ਮੈਚ ਜਿਤਾਉਣ ਵਾਲੇ ਗੇਂਦਬਾਜ਼ ਸਾਬਿਤ ਹੋਏ ਹਨ। ਆਕਿਬ ਦਾ ਬ੍ਰੇਕਥਰੂ ਹਾਲੀਆ ਰਣਜੀ ਟਰਾਫੀ ਸੀਜ਼ਨ 'ਚ ਦੇਖਣ ਨੂੰ ਮਿਲਿਆ। ਇਸ ਦੌਰਾਨ ਉਨ੍ਹਾਂ ਨੇ ਕਈ ਮੈਚਾਂ 'ਚ ਫੈਸਲਾਕੁੰਨ ਸਪੈਲ ਸੁੱਟੇ ਅਤੇ ਕੁੱਲ 44 ਵਿਕਟਾਂ ਹਾਸਿਲ ਕੀਤੀਂ। ਇਸ ਪ੍ਰਦਰਸ਼ਨ ਦੇ ਨਾਲ ਉਹ ਦੇਸ਼ ਦੇ ਚੋਟੀ ਦੇ ਵਿਕਟ ਲੈਣ ਵਾਲੇ ਗੇਂਦਬਾਜ਼ਾਂ 'ਚ ਸ਼ਾਮਲ ਰਹੇ। ਮਜਬੂਤ ਘਰੇਲੂ ਟੀਮਾਂ ਖਿਲਾਫ ਉਨ੍ਹਾਂ ਦੇ ਪ੍ਰਦਰਸ਼ਨ ਨੇ ਆਈ.ਪੀ.ਐੱਲ. ਸਕਾਊਟਸ ਦਾ ਧਿਆਨ ਖਿੱਚਿਆ ਅਤੇ ਮਿੰਨੀ ਆਕਸ਼ਨ 'ਚ ਉਨ੍ਹਾਂ ਲਈ ਜ਼ਬਰਦਸਤ ਬੋਲੀ ਲੱਗੀ। ਗੇਂਦਬਾਜ਼ੀ ਦੇ ਨਾਲ-ਨਾਲ ਆਕਿਬ ਨੇ ਹੇਠਲੇ ਕ੍ਰਮ 'ਚ ਉਪਯੋਗੀ ਬੱਲੇਬਾਜ਼ੀ ਕਰਨ ਦੀ ਸਮਰਥਾ ਵੀ ਦਿਖਾਈ ਹੈ। ਇਸੇ ਕਾਰਨ ਫ?ਰੈਂਚਾਈਜ਼ੀਆਂ ਲਈ ਉਹ ਇਕ ਭਰੋਸੇਮੰਦ ਆਲ ਰਾਊਂਡਰ ਆਪਸ਼ਨ ਬਣ ਕੇ ਉਭਰੇ, ਜਿਸ ਨਾਲ ਉਨ੍ਹਾਂ ਦੀ ਮੰਗ ਹੋਰ ਵੱਧ ਗਈ। ਆਕਸ਼ਨ ਦੇ ਨਤੀਜੇ ਸਾਹਮਣੇ ਆਉਂਦੇ ਹੀ ਕਸ਼ਮੀਰ ਕ੍ਰਿਕਟ ਜਗਤ ਦੇ ਨਾਲ ਹੀ ਪੂਰੇ ਜੰਮੂ-ਕਸ਼ਮੀਰ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸਾਬਕਾ ਖਿਡਾਰੀ, ਕੋਚ ਅਤੇ ਪ੍ਰਸ਼ੰਸਕਾਂ ਨੇ ਇਸੇ ਘਾਟੀ ਦੀ ਲੁਕੀ ਪ੍ਰਤੀਭਾ ਦਾ ਪ੍ਰਮਾਣ ਦੱਸਿਆ। ਕਈ ਲੋਕਾਂ ਨੇ ਆਕਿਬ ਦੀ ਸਫਲਤਾ ਨੂੰ ਨੌਂਟਵਾਨ ਕ੍ਰਿਕਟਰਾਂ ਲਈ ਪ੍ਰੇਰਣਾ ਕਰਾਰ ਦਿੱਤਾ।

# ਭਾਰਤੀ ਸੈਨਾ ਦੀ ਵਧੇਗੀ ਤਾਕਤ ! ਰੱਖਿਆ ਮੰਤਰਾਲੇ ਨੇ 80 ਹਜ਼ਾਰ ਕਰੋੜ ਦੇ ਖਰੀਦ ਪ੍ਰਸਤਾਵਾਂ ਨੂੰ ਦਿੱਤੀ ਹਰੀ ਝੰਡੀ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 31 ਦਸੰਬਰ। ਦੇਸ਼ ਦੀਆਂ ਸਰਹੱਦਾਂ ਨੂੰ ਹੋਰ ਸੁਰੱਖਿਅਤ ਬਣਾਉਣ ਤੇ ਹਥਿਆਰਬੰਦ ਸੈਨਾਵਾਂ ਦੀ ਮਾਰਕ ਸਮਰੱਥਾ ਵਧਾਉਣ ਲਈ ਕੇਂਦਰ ਸਰਕਾਰ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਰੱਖਿਆ ਮੰਤਰਾਲੇ ਦੀ ਡਿਫੈਂਸ ਐਕੁਇਜ਼ੀਸ਼ਨ ਕੌਂਸਲ (413) ਨੇ ਲਗਭਗ 80 ਹਜ਼ਾਰ ਕਰੋੜ ਰੁਪਏ ਦੇ ਰੱਖਿਆ ਖਰੀਦ ਅਤੇ ਅਪਗ੍ਰੇਡ ਪ੍ਰਸਤਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਭਾਰਤੀ ਸੈਨਾ, ਵਾਯੂ ਸੈਨਾ ਅਤੇ ਨੌਸੈਨਾ ਦੀਆਂ ਜੰਗੀ ਸਮਰੱਥਾਵਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਵੇਗਾ।ਜਾਣਕਾਰੀ ਅਨੁਸਾਰ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਵਾਲੀ ਰੱਖਿਆ ਪ੍ਰਾਪਤੀ ਪ੍ਰੀਸ਼ਦ (ਡੀਏਸੀ) ਨੇ ਤਿੰਨਾਂ ਸੇਵਾਵਾਂ ਦੇ ਵੱਖ-ਵੱਖ ਪ੍ਰਸਤਾਵਾਂ ਨੂੰ ਲਗਭਗ 79,000 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 'ਜ਼ਰੂਰਤ ਦੀ ਸਵੀਕ੍ਰਿਤੀ' (ਏਓਐਨ) ਦਿੱਤੀ ਹੈ। ਰੱਖਿਆ ਮੰਤਰਾਲੇ ਦੇ ਅਨੁਸਾਰ 31 ਦਸੰਬਰ, 2025 ਨੂੰ ਹੋਈ ਮੀਟਿੰਗ ਵਿੱਚ ਭਾਰਤੀ ਫੌਜ ਲਈ ਤੋਪਖਾਨੇ ਰੈਜੀਮੈਂਟਾਂ ਲਈ ਲੋਇਟਰ ਮਿਨੀਸ਼ਨ ਸਿਸਟਮ, ਲੋਅ ਲੈਵਲ ਲਾਈਟ ਵੇਟ ਰਾਡਾਰ, ਪਿਨਾਕਾ ਮਲਟੀਪਲ ਲਾਂਚ ਰਾਕੇਟ ਸਿਸਟਮ (ਐਮਆਰਐਲਐਸ) ਲਈ ਲੰਬੀ ਰੇਂਜ ਗਾਈਡਡ ਰਾਕੇਟ ਗੋਲਾ ਬਾਰੂਦ ਅਤੇ ਏਕੀਕ੍ਰਿਤ ਡਰੋਨ ਡਿਟੈਕਸ਼ਨ ਐਂਡ ਇੰਟਰਡਿਕਸ਼ਨ



ਸਿਸਟਮ ਐਮਕੇ-99 ਦੀ ਖਰੀਦ ਲਈ ਏਓਐਨ ਨੂੰ ਮਨਜ਼ੂਰੀ ਦਿੱਤੀ ਗਈ ਸੀ। ਸੂਤਰਾਂ ਅਨੁਸਾਰ ਇਸ ਮਨਜ਼ੂਰੀ ਦੇ ਤਹਿਤ ਲਗਭਗ 200 "-90 ਭੀਸ਼ਮ ਟੈਂਕਾਂ ਦਾ ਸਵਦੇਸ਼ੀ ਤਰੀਕੇ ਨਾਲ ਮਿਡ-ਲਾਈਫ ਅਪਗ੍ਰੇਡ ਅਤੇ ਓਵਰਹਾਲ ਕੀਤਾ ਜਾਵੇਗਾ, ਜਿਸ ਨਾਲ ਇਨ੍ਹਾਂ ਦੀ ਜੰਗੀ ਤਾਕਤ ਅਤੇ ਉਮਰ ਵਧੇਗੀ। ਇਸ ਦੇ ਨਾਲ ਹੀ, ਵਾਯੂ ਸੈਨਾ ਦੇ ਮੀਡੀਅਮ ਲਿਫਟ Mi-17 ਹੈਲੀਕਾਪਟਰਾਂ ਨੂੰ ਵੀ ਅਪਗ੍ਰੇਡ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦੀ ਭਰੋਸੇਯੋਗਤਾ ਅਤੇ ਆਪ੍ਰੇਸ਼ਨਲ ਤਿਆਰੀਆਂ ਨੂੰ ਬਰਕਰਾਰ ਰੱਖਿਆ ਜਾ ਸਕੇ। ਆਧੁਨਿਕ ਜੰਗ ਦੀਆਂ ਲੋੜਾਂ ਨੂੰ ਦੇਖਦੇ ਹੋਏ ਭਾਰਤ ਅਮਰੀਕਾ ਤੋਂ ਦੋ ਸੀ ਗਾਰਡੀਅਨ ਡਰੋਨ 3 ਸਾਲਾਂ ਲਈ ਲੀਜ਼ 'ਤੇ ਲੈਣ ਜਾ ਰਿਹਾ ਹੈ। ਇਸ ਤੋਂ ਇਲਾਵਾ, ਦੁਸ਼ਮਣ ਦੇ ਟਿਕਾਣਿਆਂ 'ਤੇ ਸਟੀਕ ਨਿਸ਼ਾਨਾ ਲਗਾਉਣ ਲਈ ਇਜ਼ਰਾਈਲ ਤੋਂ ਸਪਾਈਸ-1000 ਏਅਰ-ਟੂ-ਗਰਾਊਂਡ ਗਾਈਡਡ ਬੰਬ ਖਰੀਦਣ ਦੀ ਵੀ ਯੋਜਨਾ ਹੈ। ਸੈਨਾ ਲਈ 'ਲੋਇਟਰਿੰਗ ਮੁਨੀਸ਼ਨ' (ਆਤਮਘਾਤੀ ਡਰੋਨ) ਖਰੀਦਣ ਨੂੰ ਵੀ ਸਹਿਮਤੀ ਮਿਲੀ ਹੈ। ਨੌਸੈਨਾ ਅਤੇ ਵਾਯੂ ਸੈਨਾ ਲਈ (ਮੀਡੀਅਮ ਰੇਂਜ ਸਰਫੇਸ-ਟੂ-ਏਅਰ ਮਿਜ਼ਾਈਲ) ਖਰੀਦੀਆਂ ਜਾਣਗੀਆਂ। ਹਵਾਈ ਹਮਲਿਆਂ ਲਈ 200 ਕਿਲੋਮੀਟਰ ਤੋਂ ਵੱਧ ਦੀ ਰੇਂਜ ਵਾਲੀ ਅਸਤਰ ਮਾਰਕ-2 ਅਤੇ ਮੀਟੀਓਰ ਮਿਜ਼ਾਈਲਾਂ ਵੀ ਸੈਨਾ ਦੇ ਭੰਡਾਰ ਵਿੱਚ ਸ਼ਾਮਲ ਹੋਣਗੀਆਂ। ਇੰਨਾ ਹੀ ਨਹੀਂ, 120 ਕਿਲੋਮੀਟਰ ਦੀ ਰੇਂਜ ਵਾਲੇ ਨਵੇਂ ਪਿਨਾਕਾ ਰੌਕਟਾਂ ਦੇ ਵਿਕਾਸ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

## ਡਰੋਨ ਦੀ ਮੂਵਮੈਂਟ ਦੇਖ ਕੇ ਚਲਾਇਆ ਸਰਚ ਆਪ੍ਰੇਸ਼ਨ, ਗਲਾਕ ਪਿਸਟਲ ਤੇ ਡਰੱਗ ਮਨੀ ਸਣੇ ਸਮੱਗਲਰ ਗ੍ਰਿਫਤਾਰ

ਅੰਮ੍ਰਿਤਸਰ 31 ਦਸੰਬਰ। ਸਰਹੱਦੀ ਸਥਿਤ ਪਿੰਡ ਚੱਕ ਅਲਲਾਬਖਸ਼ ਵਿਚ ਡਰੋਨ ਦੀ ਮੂਵਮੈਂਟ ਦੀ ਸੂਚਨਾ ਮਿਲਣ ਦੇ ਬਾਅਦ ਬੀ. ਐੱਸ. ਐੱਫ. ਅਤੇ ਪੁਲਸ ਵੱਲੋਂ ਸਰਚ ਆਪ੍ਰੇਸ਼ਨ ਚਲਾਇਆ ਗਿਆ, ਜਿਸ ਦੇ ਨਤੀਜੇ ਵਜੋਂ ਰਾਜਨ ਸਿੰਘ ਨਾਮਕ ਸਮੱਗਲਰ ਤੋਂ ਇਕ ਗਲਾਕ ਪਿਸਟਲ ਅਤੇ 87 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਪੁਲਸ ਵੱਲੋਂ ਰਾਜਨ ਸਿੰਘ ਦੇ ਫਾਵਰਡ ਅਤੇ ਬੈਕਵਰਡ ਲਿੰਕਜ਼ ਦੀ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਕਾਫੀ ਵੱਡੇ ਖੁਲਾਸੇ ਹੋ ਸਕਦੇ ਹਨ, ਕਿਉਂਕਿ ਚੱਕ ਅਲਲਾਬਖਸ਼ ਪਿੰਡ ਵਿਚ ਕਈ ਦਿਨਾਂ ਤੋਂ ਡਰੋਨ ਦੀ ਮੂਵਮੈਂਟ ਦੇਖੀ ਜਾ ਰਹੀ ਸੀ ਅਤੇ ਬੀ. ਐੱਸ. ਐੱਫ. ਵੱਲੋਂ ਵੀ ਇਸ ਖੇਤਰ ਵਿਚ ਡਰੋਨ ਰਾਹੀਂ ਸੁੱਟੀ ਗਈ ਹੈਰੋਇਨ ਦੀਆਂ ਖੇਪਾਂ ਬਰਾਮਦ ਕੀਤੀਆਂ ਗਈਆਂ ਹਨ, ਪਰ ਸਮੱਗਲਰ ਹੱਥ ਨਹੀਂ ਆ ਰਹੇ ਸਨ। ਫਿਲਹਾਲ ਰਾਜਨ ਦੀ ਗ੍ਰਿਫਤਾਰੀ ਹੋਣ ਨਾਲ ਉਸ ਦੇ ਹੋਰ ਸਾਥੀਆਂ ਨੂੰ ਵੀ ਟਰੇਸ ਕੀਤਾ ਜਾਵੇਗਾ। ਮੌਸਮ ਵਿਚ ਹੋਏ ਬਦਲਾਅ ਦੇ ਨਾਲ ਇਸ ਸਮੇਂ ਸਰਹੱਦੀ ਇਲਾਕਿਆਂ ਵਿਚ ਸੰਘਣੀ ਧੁੰਦ ਅਤੇ ਕੋਹਰਾ ਛਾ ਗਿਆ ਹੈ, ਜਿਸ ਦੀ ਆੜ ਵਿਚ ਸਮੱਗਲਰਾਂ ਵੱਲੋਂ ਵੱਡੇ ਡਰੋਨ ਉਡਾਏ ਜਾ ਰਹੇ ਹਨ, ਜੋ 12 ਤੋਂ 15 ਕਿਲੋ ਤੱਕ ਵਜ਼ਨ ਉਠਾ ਸਕਦੇ ਹਨ। ਹਾਲ ਹੀ ਵਿਚ ਬੀ.ਐੱਸ.ਐੱਫ. ਵੱਲੋਂ ਇੱਕ 12 ਕਿਲੋ ਦਾ ਪੈਕੇਟ ਅਤੇ ਇੱਕ 8 ਕਿਲੋ ਦਾ ਪੈਕੇਟ ਬਰਾਮਦ ਕੀਤਾ ਗਿਆ ਸੀ, ਜਿਸ ਨੂੰ ਕਿਸੇ ਵੱਡੇ ਵਿਅਕਤੀ ਦੁਆਰਾ ਹੀ ਸੁੱਟਿਆ ਗਿਆ ਸੀ।

# ਜਗਨਨਾਥ ਮੰਦਰ ਨੇ ਬਣਾਇਆ ਰਿਕਾਰਡ, ਉਦਘਾਟਨ ਦੇ 8 ਮਹੀਨਿਆਂ ਅੰਦਰ ਪਹੁੰਚੇ ਇਕ ਕਰੋੜ ਸ਼ਰਧਾਲੂ

ਕੋਲਕਾਤਾ 31 ਦਸੰਬਰ। ਪੱਛਮੀ ਬੰਗਾਲ ਦੇ ਪੂਰਬ ਮੇਦਿਨੀਪੁਰ ਜ਼ਿਲ੍ਹੇ ਦੇ ਦੀਘਾ 'ਚ ਸਥਿਤ ਜਗਨਨਾਥ ਮੰਦਰ ਦੇ ਉਦਘਾਟਨ ਦੇ ਸਿਰਫ਼ 8 ਮਹੀਨਿਆਂ ਅੰਦਰ ਇੱਥੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਇਕ ਕਰੋੜ ਪਹੁੰਚ ਗਈ ਹੈ। ਮੰਦਰ ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਕੋਲਕਾਤਾ ਦੇ ਟਾਲੀਗੰਜ ਇਲਾਕੇ ਦੇ ਵਾਸੀ ਕਾਕੋਲੀ ਜਾਨਾ ਦੇ ਐਤਵਾਰ ਨੂੰ ਇੱਥੇ ਪਹੁੰਚਣ ਦੇ ਨਾਲ ਹੀ ਇੱਥੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਇਕ ਕਰੋੜ ਹੋ ਗਈ। ਇਸ ਮੌਕੇ ਮੰਦਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ 'ਵਿਸ਼ੇਸ਼ ਦਰਸ਼ਨ' ਕਰਵਾਏ ਅਤੇ 'ਮਹਾਪ੍ਰਸਾਦ' ਅਤੇ ਹੋਰ ਪਵਿੱਤਰ ਭੇਂਟ ਪ੍ਰਦਾਨ ਕੀਤੀਆਂ। ਦੀਘਾ ਜਗਨਨਾਥ ਧਾਮ ਦੇ ਮੁੱਖ ਪੁਜਾਰੀ ਅਤੇ ਨਿਆਸੀ ਰਾਧਾਰਮਨ ਦਾਸ ਨੇ ਕਿਹਾ ਕਿ ਇਹ ਉਪਲੱਬਧੀ ਭਗਵਾਨ ਜਗਨਨਾਥ ਦੇ ਪ੍ਰਤੀ ਵਧਦੀ ਗਲੋਬਲ ਆਸਥਾ ਅਤੇ ਮੰਦਰ ਦੀ



ਸਮਾਵੇਸ਼ੀ ਭਾਵਨਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ,"ਇਕ ਕਰੋੜ ਭਗਤਾਂ ਦਾ ਆਗਮਨ ਸਿਰਫ਼ ਇਕ ਸੰਖਿਆਤਮਕ ਉਪਲੱਬਧੀ ਨਹੀਂ ਹੈ ਸਗੋਂ ਇਹ ਭਗਵਾਨ ਜਗਨਨਾਥ ਦੀ ਸਾਰਵਭੌਮਿਕ ਸਵੀਕ੍ਰਿਤੀ ਦਾ ਪ੍ਰਤੀਬਿੰਬ ਹੈ।" ਉਨ੍ਹਾਂ ਕਿਹਾ ਕਿ ਇਹ ਮੰਦਰ ਵੱਖ-ਵੱਖ ਦੇਸ਼ਾਂ ਅਤੇ ਸੰਸਕ੍ਰਿਤੀਆਂ ਦੇ ਭਗਤਾਂ ਦਾ ਮਿਲਣ ਸਥਾਨ ਬਣ ਗਿਆ ਹੈ।

## ਪੰਚਕੂਲਾ ਦੇ ਰਿਹਾਇਸ਼ੀ ਇਲਾਕੇ 'ਚ ਤੇਂਦੂਏ ਦੀ ਦਹਿਸ਼ਤ ! ਕੋਠੀ 'ਚ ਵੜਿਆ, ਲੋਕਾਂ ਨੂੰ ਘਰ ਰਹਿਣ ਦੀ ਸਲਾਹ

ਨੈਸ਼ਨਲ ਡੈਸਕ 31 ਦਸੰਬਰ। ਹਰਿਆਣਾ ਦੇ ਪੰਚਕੂਲਾ ਸ਼ਹਿਰ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਇੱਕ ਤੇਂਦੂਆ ਰਿਹਾਇਸ਼ੀ ਖੇਤਰ ਵਿੱਚ ਦਾਖ਼ਲ ਹੋ ਗਿਆ। ਸ਼ਨੀਵਾਰ ਦੁਪਹਿਰ ਨੂੰ ਪੰਚਕੂਲਾ ਦੇ ਸੈਕਟਰ-6 ਦੀ ਕੋਠੀ ਨੰਬਰ 252 ਵਿੱਚ ਤੇਂਦੂਏ ਨੂੰ ਦੇਖਿਆ ਗਿਆ, ਜਿਸ ਤੋਂ ਬਾਅਦ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਸੂਚਨਾ ਮਿਲਦੇ ਹੀ ਪੁਲਸ ਅਤੇ ਵਣ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਤੇ ਸਾਂਝਾ ਰੈਸਕਿਊ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ। ਤੇਂਦੂਏ ਦੀ ਸਹੀ ਲੋਕੇਸ਼ਨ ਦਾ ਪਤਾ ਲਗਾਉਣ ਲਈ ਵਣ ਵਿਭਾਗ ਦੀ ਟੀਮ ਨੇ ਡਰੋਨ ਕੈਮਰੇ ਦੀ ਮਦਦ ਲਈ, ਜਿਸ ਵਿੱਚ ਤੇਂਦੂਆ ਇੱਧਰ-ਉੱਧਰ ਭੱਜਦਾ ਤੇ ਕੋਠੀ ਦੀਆਂ ਦੀਵਾਰਾਂ ਫਲਾਂਗਦਾ ਸਾਫ਼ ਨਜ਼ਰ ਆਇਆ। ਇਸ ਤੋਂ ਇਲਾਵਾ ਤੇਂਦੂਆ ਆਲੇ-ਦੁਆਲੇ ਲੱਗੇ 33"੭ ਕੈਮਰਿਆਂ ਵਿੱਚ ਵੀ ਕੈਦ ਹੋਇਆ ਹੈ, ਜਿਸ ਦੀ ਫੁਟੇਜ ਦੇ ਆਧਾਰ 'ਤੇ ਵਣ ਵਿਭਾਗ ਦੀ ਟੀਮ ਉਸ ਦੀ ਮੂਵਮੈਂਟ ਦਾ ਅੰਦਾਜ਼ਾ ਲਗਾ ਰਹੀ ਹੈ ਤਾਂ ਜੋ ਉਸ ਨੂੰ ਸੁਰੱਖਿਅਤ ਤਰੀਕੇ ਨਾਲ ਫੜਿਆ ਜਾ ਸਕੇ। ਪ੍ਰਸ਼ਾਸਨ ਨੇ ਤੇਂਦੂਏ ਦੀ ਮੌਜੂਦਗੀ ਨੂੰ ਦੇਖਦੇ ਹੋਏ ਸੈਕਟਰ-6 ਸਮੇਤ ਆਸ-ਪਾਸ ਦੇ ਸੈਕਟਰਾਂ 4, 8, 17, 9 ਅਤੇ 12 ਵਿੱਚ ਅਲਰਟ ਜਾਰੀ ਕਰ ਦਿੱਤਾ ਹੈ। ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇਲਾਕੇ ਵਿੱਚ ਗਸ਼ਤ ਵਧਾ



ਦਿੱਤੀ ਗਈ ਹੈ ਕਿਉਂਕਿ ਮਨਸੂਰੀ ਦੇਵੀ ਅਤੇ ਮਾਜਰੀ ਵਰਗੇ ਖੇਤਰ ਵੀ ਇਸ ਦੇ ਨਜ਼ਦੀਕ ਪੈਂਦੇ ਹਨ। ਦੱਸਣਯੋਗ ਹੈ ਕਿ ਇਸ ਘਟਨਾ ਤੋਂ ਇੱਕ ਦਿਨ ਪਹਿਲਾਂ ਸ਼ੁੱਕਰਵਾਰ ਰਾਤ ਨੂੰ ਮੋਰਨੀ ਦੇ ਦਾਬਲਾ ਪਿੰਡ ਵਿੱਚ ਵੀ ਇੱਕ ਤੇਂਦੂਆ ਇੱਕ ਘਰ ਦੇ ਅੰਦਰ ਵੜ ਗਿਆ ਸੀ। ਉੱਥੇ ਕੁੱਤੇ ਦੇ ਭੌਂਕਣ ਕਾਰਨ ਘਰ ਦੇ ਮੈਂਬਰ ਜਾਗ ਗਏ

# ਦੇਸ਼ ਭਰ 'ਚ 44 ਹਜ਼ਾਰ ਤੋਂ ਵੱਧ 'ਕਿਸਾਨ ਉਤਪਾਦਕ ਸੰਗਠਨ' ਬਣੇ ਕਿਸਾਨਾਂ ਦੀ ਤਾਕਤ, ਔਰਤਾਂ ਵੀ ਕਰ ਰਹੀਆਂ ਕਮਾਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 31 ਦਸੰਬਰ। ਭਾਰਤ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਇੱਕ ਵੱਡੀ ਕ੍ਰਾਂਤੀ ਦੇਖਣ ਨੂੰ ਮਿਲ ਰਹੀ ਹੈ। ਦੇਸ਼ ਵਿੱਚ ਕਿਸਾਨ ਹੁਣ ਸਿਰਫ਼ ਖੇਤੀ ਤੱਕ ਸੀਮਤ ਨਹੀਂ ਰਹੇ, ਸਗੋਂ ਆਪਣੀਆਂ ਕੰਪਨੀਆਂ ਬਣਾ ਕੇ ਵੱਡਾ ਮੁਨਾਫ਼ਾ ਕਮਾ ਰਹੇ ਹਨ। ਮੌਜੂਦਾ ਅੰਕੜਿਆਂ ਅਨੁਸਾਰ, ਭਾਰਤ ਵਿੱਚ 44 ਹਜ਼ਾਰ ਤੋਂ ਵੱਧ 'ਕਿਸਾਨ ਉਤਪਾਦਕ ਸੰਗਠਨ' ਬਣ ਚੁੱਕੇ ਹਨ। ਇਨ੍ਹਾਂ ਵਿੱਚੋਂ 800 ਅਜਿਹੇ ਹਨ ਜੋ ਪੂਰੀ ਤਰ੍ਹਾਂ ਔਰਤਾਂ ਦੁਆਰਾ ਚਲਾਏ ਜਾ ਰਹੇ ਹਨ ਅਤੇ 1100 ਤੋਂ ਵੱਧ ਸੰਗਠਨ ਅਜਿਹੇ ਹਨ ਜਿਨ੍ਹਾਂ ਦਾ ਸਾਲਾਨਾ ਟਰਨਓਵਰ 1 ਕਰੋੜ ਰੁਪਏ ਤੋਂ ਜ਼ਿਆਦਾ ਹੈ। ਔਰਤਾਂ ਨੇ ਪੇਸ਼ ਕੀਤੀ ਮਿਸਾਲ ਮੱਧ ਪ੍ਰਦੇਸ਼ ਦੇ ਝਾਬੂਆ ਅਤੇ ਅਲੀਰਾਜਪੁਰ ਜ਼ਿਲ੍ਹਿਆਂ ਵਿੱਚ ਮਹਿਲਾ ਕਿਸਾਨਾਂ ਨੇ ਕਮਾਲ ਕਰ ਦਿੱਤਾ ਹੈ। ਪਹਿਲਾਂ ਇਹ ਔਰਤਾਂ ਅਲਸੀ ਦੇ ਤਣੇ ਨੂੰ ਬੇਕਾਰ ਸਮਝ ਕੇ ਸੁੱਟ ਦਿੰਦੀਆਂ ਸਨ, ਪਰ ਹੁਣ 'ਕੈਨਵਾਲੂਪ' ਵਰਗੀਆਂ ਸੰਸਥਾਵਾਂ ਨਾਲ ਜੁੜ ਕੇ ਉਹ ਇਸ 'ਵੇਸਟ' ਨੂੰ 7 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚ ਰਹੀਆਂ ਹਨ। ਸਾਲ 2025 ਤੱਕ ਲਗਭਗ 2.9 ਲੱਖ ਕਿਸਾਨਾਂ ਨੇ ਇਸ ਰਹਿੰਦ-ਖੂੰਹਦ ਨੂੰ ਵੇਚ ਕੇ ਵਾਧੂ ਆਮਦਨ ਪ੍ਰਾਪਤ ਕੀਤੀ ਹੈ। ਬਿਹਾਰ ਦੇ ਕਿਸਾਨਾਂ ਦਾ ਸਫਲ ਪ੍ਰਯੋਗ ਬਿਹਾਰ ਵਿੱਚ 'ਸੋਮੇਸ਼ਵਰਨਾਥ ਕਿਸਾਨ ਉਤਪਾਦਕ ਸੰਗਠਨ' ਨੇ ਡਰੋਨ ਤਕਨਾਲੋਜੀ ਦੀ ਵਰਤੋਂ ਕਰਕੇ ਖੇਤੀਬਾੜੀ ਵਿੱਚ ਨਵੇਂ ਆਯਾਮ ਸਥਾਪਿਤ ਕੀਤੇ ਹਨ। ਇਸ ਸਮੂਹ ਦੇ 1000 ਤੋਂ ਵੱਧ ਮੈਂਬਰ ਹਨ ਅਤੇ ਸਾਲ 2025 ਵਿੱਚ ਇਨ੍ਹਾਂ ਦੀ ਕਮਾਈ 1.29 ਕਰੋੜ ਰੁਪਏ ਰਹੀ ਹੈ। ਰਿਪੋਰਟਾਂ ਮੁਤਾਬਕ, ਟੈਕਨਾਲੋਜੀ ਦੀ ਵਰਤੋਂ ਕਰਨ ਵਾਲੇ ਇਨ੍ਹਾਂ 'ਲਾਈਟਹਾਊਸ ਦੀ ਆਮਦਨ ਵਿੱਚ 32% ਤੱਕ ਦਾ ਵਾਧਾ ਦਰਜ ਕੀਤਾ ਗਿਆ ਹੈ। ਤੇਲੰਗਾਨਾ ਵਿੱਚ 'ਪ੍ਰਜਾ ਮਿੱਤਰ ਰਾਇਤੂ ਫਾਊਂਡੇਸ਼ਨ' ਦੀਆਂ ਮਹਿਲਾਵਾਂ ਮਹੂਆ ਦੇ ਫੁੱਲਾਂ ਤੋਂ ਲੱਡੂ ਬਣਾ ਕੇ ਉਨ੍ਹਾਂ ਦੀ ਮਾਰਕੀਟਿੰਗ ਕਰ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦੀ ਕਮਾਈ ਵਿੱਚ ਭਾਰੀ ਵਾਧਾ ਹੋਇਆ ਹੈ। ਅਧਿਐਨ ਦੱਸਦੇ ਹਨ ਕਿ ਜਦੋਂ ਕਿਸਾਨ ਮਿਲ ਕੇ ਆਪਣੇ ਉਤਪਾਦਾਂ ਦੀ ਮਾਰਕੀਟਿੰਗ



ਕਰਦੇ ਹਨ, ਤਾਂ ਉਨ੍ਹਾਂ ਦੀ ਆਮਦਨ ਵਿੱਚ 10-20% ਤੱਕ ਦਾ ਸਿੱਧਾ ਵਾਧਾ ਹੁੰਦਾ ਹੈ। ਇਹ ਨਾ ਸਿਰਫ਼ ਕਿਸਾਨਾਂ ਦੀ ਆਮਦਨ ਵਧਾ ਰਹੇ ਹਨ, ਸਗੋਂ ਪੇਂਡੂ ਅਰਥਚਾਰੇ ਨੂੰ ਵੀ ਮਜ਼ਬੂਤ ਕਰ ਰਹੇ ਹਨ। ਇਹ ਸਪੱਸ਼ਟ ਹੈ ਕਿ ਜੇਕਰ ਕਿਸਾਨ ਸੰਗਠਿਤ ਹੋ ਕੇ ਤਕਨਾਲੋਜੀ ਦਾ ਸਹਾਰਾ ਲੈਣ, ਤਾਂ ਖੇਤੀਬਾੜੀ ਇੱਕ ਲਾਹੇਵੰਦ ਕਾਰੋਬਾਰ ਬਣ ਸਕਦੀ ਹੈ।

### 25 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਵਿਅਕਤੀਆਂ ਵਿਰੁੱਧ ਕੇਸ ਦਰਜ

ਬਟਾਲਾ 30 ਦਸੰਬਰ। ਥਾਣਾ ਘੁਮਾਣ ਦੀ ਪੁਲਸ ਨੇ 25 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ 2 ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਏ.ਐੱਸ.ਆਈ ਪੰਜਾਬ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਗੁਰਨਾਮ ਸਿੰਘ ਖਹਿਰਾ ਪੁੱਤਰ ਦਲਜੀਤ ਸਿੰਘ ਖਹਿਰਾ ਵਾਸੀ ਹਰਪੁਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਵਿਅਕਤੀ ਨੇ ਵਿਦੇਸ਼ੀ ਨੰਬਰ ਤੋਂ ਵ?ਹਟਸਐਪ 'ਤੇ ਫੋਨ ਕਰ ਕੇ ਉਨ੍ਹਾਂ ਤੋਂ 25 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਪੁਲਸ ਅਧਿਕਾਰੀ ਨੇ ਕਿਹਾ ਕਿ ਪੁਲਸ ਨੇ ਗੁਰਨਾਮ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਸੰਬੰਧਤ 2 ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ।